# ਗੁੰਡਾ

**ਇਸੇ ਕਲਮ ਤੋਂ**

1. ਨੀਲਾ ਨੂਰ 2007
2. ਭਰਿੰਡ 2011
3. ੳ 2015

# ਗੁੰਡਾ

ਰੂਪ ਢਿੱਲੋਂ



*Novel/ Fiction*

ISBN : 978-93-5204-277-7

**Gunda**
by
**Roop Dhillion**

**Email: rupinderpal@Btinternet.com**

2015

Published, printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2015*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਵਿਸ਼ੇਸ਼ ਧੰਨਵਾਦ

ਜਸਵਿੰਦਰ ਸਿੰਘ ਸੰਧੂ



## ਤਤਕਰਾ


- ਦੇਵ 7
- ਗੁੱਡੀ 51
- ਸੀਤਾ 71

# ਦੇਵ

ਸੰਗਲ਼ ਜਿਸਮ ਦੇ ਆਲ਼ੇ ਦੁਆਲ਼ੇ ਸਨ। ਬੇਦਮ ਬਦਨ; ਸਾਹਾਂ ਤੋਂ ਸੱਖਣਾ। ਮੈਨੂੰ ਕਸਕੇ ਛੱਤ ਨਾਲ ਲਟਕਦੀਆਂ ਕੁੰਡੀਆਂ ਨਾਲ਼ ਬੰਨ੍ਹ ਕੇ ਲਟਕਾਇਆ ਸੀ। ਜੰਜੀਰ ਨੇ ਸਰੀਰ ਇੰਝ ਘੁੱਟਿਆ ਹੋਇਆ ਸੀ ਜਿਵੇਂ ਸੱਪ ਨੇ ਸਰੀਰ ਨੂੰ ਗੁੰਝਲੀ ਮਾਰੀ ਹੋਵੇ। ਮੇਰੇ ਮੁਖੜੇ ਤੋਂ ਮੁੜ੍ਹਕਾ ਚੋਂਦਾ ਸੀ, ਨਾਲ਼ੋ ਨਾਲ਼ ਸੀਰ ਫੁੱਟ ਪਈ ਸੀ। ਉਨ੍ਹਾਂ ਦੇ ਹੱਥੋਂ ਮੇਰਾ ਸਾਰਾ ਪਿੰਡਾ ਹੂਰਿਆਂ ਤੇ ਹਥਿਆਰਾਂ ਦੀ ਮਾਰ ਨਾਲ਼ ਜ਼ਖਮੀ ਹੋਇਆ ਹੋਇਆ ਸੀ। ਉਨ੍ਹਾਂ ਨੇ ਮੈਨੂੰ ਹਾਲੋਂ ਬੇਹਾਲ ਕੀਤਾ ਸੀ। ਅੱਖਾਂ ਖੁੱਲ੍ਹਦੀਆਂ ਨਹੀਂ ਸਨ। ਬੁੱਲ੍ਹ ਪਾਟੇ ਅਤੇ ਮਾਸ ਝੰਡ ਕੀਤੇ ਕਬਾਬ ਵਾਂਗ ਪੋਲਾ ਹੋ ਗਇਆ।ਇਹ ਹਾਲ ਸੀਗਾ ਮੇਰਾ ਉਸ ਵੇਲੇ।ਮੈਂ ਗੁਦਾਮ ਵਿਚ ਟੰਗਿਆ ਹੋਇਆ ਸੀ। ਮੇਰੇ ਆਲ਼ੇ ਦੁਆਲ਼ੇ ਚਾਰ ਗੁੰਡੇ ਖਲੋਤੇ ਸਨ। ਚਾਰ ਗਿੱਦੜ ਖੜ੍ਹੇ ਸਨ, ਝਈਆਂ ਲੈਂਦੇ।ਇੱਕ ਦੇ ਹੱਥਾਂ 'ਚ ਬੇਸਬਾਲ ਬੈਟ ਸੀ। ਇੱਕ ਦੇ ਕੋਲ਼ ਸੱਬਲ਼ ਸੀ। ਦੂਜਿਆਂ ਦੇ ਕੋਲ਼ ਠੁੰਗਾਂ ਮਾਰਨ ਵਾਲੇ ਲੋਹੇ ਦੇ ਹੜਬੋਚ ਦਸਤਾਨੇ ਹਨ। ਛੱਤ ਤੋਂ ਇੱਕ ਲਾਟੂ ਲਮਕਦਾ ਸੀ, ਜਿਸ ਤੋਂ ਕੋਣੇਦਾਰ ਸਿਰਫ ਮੇਰੇ ਉਪਰ ਚਮਕਦੀ ਸੀ। ਉਨ੍ਹਾਂ ਦੇ ਪਰਛਾਵੇਂ ਹੀ ਦਿਸਦੇ ਸਨ ਚਾਨਣ'ਚ। ਹਨੇਰੇ 'ਚ ਹਜ਼ਮ ਹੋਏ ਪਏ ਸਨ, ਜਿਵੇਂ ਡਰਦੇ ਹੋਣ ਆਪਣੇ ਆਪ ਨੂੰ ਦਿਖਾਉਣ ਤੋਂ। ਤੁਸੀਂ ਜਾਣਨਾ ਚਾਹੁੰਦੇ ਹੋ ਮੈਂ ਇਸ ਹਾਲ 'ਚ ਕਿੰਝ ਪੁੱਜਿਆ? ਚੱਲੋ ਮੈਂ ਦੱਸਦਾਂ...।

ਮੈਨੂੰ ਦੇਵ ਸੱਦੋ। ਜਦ ਮੇਰਾ ਜਨਮ ਹੋਇਆ ਸੀ ਪਤਾ ਨਹੀਂ ਕਿਹੜੀ ਹਨੇਰੀ ਦਾ ਸੇਕ ਮੇਰੇ ਸੁਭਾਅ ਨੂੰ ਛੋਹ ਗਿਆ। ਮੇਰੇ ਸੁਭਾਅ ਵਿੱਚ ਕੁਝ ਕੁੜੱਤਣ ਜਿਹੀ ਆ ਗਈ। ਰੋ ਰੋ ਕੇ ਦੁਨੀਆ ਵਿੱਚ ਆਇਆ। ਜਨਮ ਦਿੰਦੀ ਮਾਂ ਖਤਮ ਹੋ ਗਈ।ਗਰਾਂ ਦੀਆਂ ਸੜਕਾਂ' ਤੇ ਮੇਰੇ ਵਰਗੇ ਕਈ ਹੋਂਦ ਵਿਚ ਆਏ ਨੇ। ਵੈਸੇ ਮੇਰੇ ਵਰਗੇ ਤਾਂ ਸ਼ਹਿਰਾਂ ਦੇ ਵੱਡੇ ਵੱਡੇ ਘਰਾਂ 'ਚ ਵੀ ਬੈਠੇ ਨੇ। ਮੈਂ ਭਾਵੇਂ ਗਲ਼ੀ ਦਾ ਕੀੜਾ ਹੋਵਾਂਗਾ, ਪਰ ਕੌਣ ਮੈਨੂੰ ਸੱਚ ਮੁੱਚ ਦਿਲ ਤੇ ਹੱਥ ਰੱਖ ਕੇ ਕਹਿ ਸਕਦੈ ਕਿ ਵੱਡੇ ਵੱਡੇ ਲੋਕਾਂ'ਚ ਪਾਪੀ ਨਹੀਂ ਹੁੰਦੇ? ਮੈਂ ਤਾਂ ਕਹਿੰਦਾ ਹਾਂ ਘੁੱਗ ਵੱਸਦੇ ਆ ਉਨ੍ਹਾਂ 'ਚ। ਮੇਰੇ ਵਰਗੇ ਗਲ਼ੀਆਂ ਦੇ ਕੀੜਿਆਂ ਵੱਲ ਉਂਗਲ ਕਰ ਦਿੰਦੇ ਨੇ; ਪਰ ਕੋਈ ਫਰਕ ਨਹੀਂ ਪੈਂਦਾ। ਮੈਂ ਸੱਚਾ ਚੋਰ ਹਾਂ, ਤੁਸੀਂ, ਹਾਂ ਤੇਰੇ ਨਾਲ਼ ਗੱਲ ਕਰਦਾ ਹਾਂ...ਵੱਡੇ ਘਰ, ਵੱਡੀ ਗੱਡੀ ਅਤੇ ਵੱਡੇ ਪਾਪ। ਬੱਸ ਇੱਕੋ ਹੀ ਫਰਕ ਹੈ ਤੇਰੇ ਤੇ ਮੇਰੇ ਵਿੱਚ।ਮੈਨੂੰ ਸਮਾਜ ਨੇ ਨਿਮਾਣਾ ਸਮਝਿਆ ਹੈ, ਤੇ ਤੂੰ ਮਿੱਤਰਾ ਆਦਰਯੋਗ ਏਂ ਕਿਉਂਕਿ ਤੈਨੂੰ ਅਨਜਲ ਨੇ ਚੰਗੇ ਘਰ ਅਤੇ ਚੰਗੀ ਜਾਤ ਦੀ ਗੋਦ 'ਚ ਸੰਭਾਲ਼ ਦਿੱਤੈ। ਕੰਗਾਲੀ ਤਾਂ



ਆਮ ਸਚਾਈ ਹੁੰਦੀ ਹੈ। ਅਰਥ ਆਮ ਨਹੀਂ ਹਨ। ਹਾਂ, ਤੂੰ ਗੁਰਦਵਾਰੇ ਜਾਂਦਾ ਏ, ਸਾਖ ਦੀ ਮੱਦਦ ਨਾਲ ਭੋਗਦਾ ਏ ਅਤੇ ਰਸਮ ਰੱਖਦਾ ਏਂ। ਪਰ ਮਿੱਤਰਾ ਇਹ ਵੀ ਇੱਕ ਸੱਚ ਹੈ ਕਿ ਦੁਨੀਆ ਦੀਆਂ ਅੱਖਾਂ ਓਹਲੇ ਮੇਰੇ ਵਰਗੇ ਦੀ ਮੱਦਦ ਨਾਲ਼ ਆਵਦੇ ਹੱਥ ਸਾਫ਼ ਕਰਦਾ ਏਂ। ਕੋਈ ਗੱਲ ਨਹੀਂ, ਮੈਂ ਕਿਸੇ ਨੂੰ ਨਹੀਂ ਦੱਸਦਾ। ਬੱਸ ਮੁੱਠ ਗਰਮ ਕਰੀ ਜਾਹ ਤੇ ਇਹ ਸਾਡਾ ਰਾਜ਼ ਹੀ ਰਹੇਗਾ। ਜੱਗ ਦੇ ਸਾਹਮਣੇ ਤੂੰ ਮਹਾਂਪੁਰਸ਼ ਰਵ੍ਹੇਂਗਾ, ਤੇ ਮੈਂ ਇੱਕ ਬਦਮਾਸ਼। ਵੈਸੇ ਗਰੀਬ ਜ਼ਿਆਦਾਤਰ ਚੰਗੇ ਲੋਕ ਹੀ ਨੇ...ਪਰ ਹਾਲਾਤ ਕਿਸੇ ਕਿਸੇ ਨੂੰ ਮੇਰੇ ਵਰਗਾ ਬਣਾ ਦਿੰਦੇ ਹਨ। ਹਾਂ, ਮੈਂ ਇੱਕ ਪਿੰਡ ਦੀ ਗਲ਼ੀ 'ਚ ਜੰਮਿਆ ਸੀ, ਪਰ ਇਸਦਾ ਇਹ ਮਤਲਬ ਨਹੀਂ ਤੂੰ ਮੇਰੇ ਨਾਲ਼ ਬੇਨਿਆਈ ਕਰੇਂ। ਤੈਨੂੰ ਵੀ ਚੁਭਦੈ ਜਦ ਮੈਂ ਤੇਰੇ ਬਾਰੇ ਇਹ ਗੱਲਾਂ ਕਰਦਾ ਆਂ। ਸੋ ਮਾਂ ਬਿਨਾਂ ਜ਼ਿੰਦਗੀ ਸ਼ੁਰੂ ਹੋਈ। ਮੈਂ ਬਹੁਤ ਛੇਤੀ ਸਿੱਖ ਲਿਆ ਕਿ ਜੀਓਣਾ ਔਖਾ ਹੈ ਖਾਸ ਕਰਕੇ ਉਸ ਲਈ ਜਿਸ ਨੇ ਇਖਲਾਕ ਨਾਲ਼ ਜਿਉਂਣਾ ਹੈ। ਪੰਜਾਬ ਤਾਂ ਵੈਸੇ ਵੀ ਪਾਪ ਦਾ ਘੁਰਨਾ ਹੈ।

ਅੱਛਾ, ਅਸੀਂ ਕਿਥੇ ਸਾਂ? ਹਾਂ, ਮਾਂ ਤਾਂ ਪੂਰੀ ਹੋ ਗਈ ਸੀ, ਪਰ ਬਾਪੂ ਬਾਰੇ ਕੀ ਦੱਸਾਂ? ਕੀ ਦੱਸਾਂ, ਮੈਂ ਤਾਂ ਪਿਓ ਨੂੰ ਜਾਣਦਾ ਵੀ ਨਹੀਂ ਸੀ! ਕਿਸੇ ਨੇ ਇੱਕ ਵਾਰ ਕਿਹਾ ਸੀ ਕਿ ਜਿਮੀਂਦਾਰ ਦੇ ਇਕਲੌਤੇ ਮੁੰਡੇ ਨੇ ਮੇਰੀ ਮਾਂ ਨਾਲ਼ ਜਬਰਦਸਤੀ ਕੀਤੀ ਸੀ। ਭਾਵੇਂ ਸੱਚ ਜਾਂ ਝੂਠ, ਮੈਂ ਪਹਿਲਾਂ ਕਹਿਣ ਵਾਲੇ ਦੀਆਂ ਨਾਸਾਂ ਭੰਨੀਆਂ, ਫਿਰ ਕਈ ਵਰ੍ਹਿਆਂ ਬਾਅਦ ਉਸ ਇਕਲੌਤੇ ਭੂੰਡ ਦੀ ਹਜਾਮਤ ਕੀਤੀ। ਜਦ ਮੌਕਾ ਮਿਲਿਆ, ਮੈਂ ਉਸ ਦਾ ਖਾਸ ਆਦਮੀ ਬਣ ਗਿਆ ਸਾਂ। ਫਿਰ ਮੈਂ ਇਹ ਨਹੀਂ ਦੇਖਿਆ ਜੇ ਸੱਚ ਮੁੱਚ ਉਸ ਨੇ ਮੇਰੀ ਮਾਂ ਦੀ ਪੱਤ ਲੁੱਟੀ ਸੀ; ਮੈਂ ਅਨੰਦ ਨਾਲ਼ ਮਾਰ ਦਿਤਾ। ਇਹ ਮੇਰਾ ਪਹਿਲਾ ਕਤਲ ਨਹੀਂ ਸੀ। ਉਸਦੇ ਬਾਰੇ ਤੈਨੂੰ ਗਾਹਾਂ ਦੱਸੂੰਗਾ। ਸੋ ਮਾਂ ਨਹੀਂ, ਪਿਓ ਵੀ ਨਹੀਂ ਸੀ। ਪਰ ਨਾਨੀ ਨੇ ਥੋੜੇ ਚਿਰ ਲਈ ਮੈਨੂੰ ਪਾਲ਼ਿਆ। ਨਾਨੀ ਸੁਭਾਅ ਵਿਚ ਨਿਡਰ ਸੀ। ਪਰ ਨਾਨਾ ਗਰਮ ਤਬੀਅਤ ਵਾਲ਼ਾ ਸੀ। ਉਸਨੇ ਮੈਨੂੰ ਕੌੜਾ ਪਿਆਰ ਹੀ ਦਿੱਤਾ।ਲੋਕਾਂ ਦੀ ਟਪਾਰਾਂ ਲਾਉਣ ਦੀ ਆਦਤ ਕਰਕੇ ਮੇਰਾ ਗਲ਼ ਘੋਟਣ ਦੀ ਵੀ ਕੋਸ਼ਿਸ਼ ਕੀਤੀ। ਪਰ ਨਾਨੀ ਨੇ ਮੈਨੂੰ ਬਚਾ ਲਿਆ। ਮੇਰੇ ਲਈ ਮੱਥਾ ਮਾਰ ਮਾਰ ਕੇ ਅੱਕ ਗਈ। ਉਸਨੂੰ ਸ਼ੱਕ ਸੀ ਕਿ ਨਾਨੇ ਨੇ ਮੈਨੂੰ ਵੱਢ ਦੇਣਾ ਏ। ਪੰਜ ਸਾਲ ਲਈ ਪਿੰਡ ਦੇ ਚੁਟਕਲ਼ੇ ਸਹੇ। ਜਿੱਦਾਂ ਤੈਨੂੰ ਦੱਸਿਆ ਹੈ, ਮੇਰੇ ਕੰਨਾਂ 'ਚ ਵੀ ਉਡਦੀ ਉਡਦੀ ਖਬਰ ਆਈ ਗਈ, ਤੇ ਮੈਨੂੰ ਲੋਕਾਂ ਨਾਲ਼ ਕੌੜ ਚੜ੍ਹ ਗਈ। ਇਸ ਲਈ ਨਾਨਾ ਤਾਂ ਮਾਰਨ ਤੇ ਆ ਗਿਆ। ਨਾਨੀ ਨੇ ਮੈਨੂੰ ਇੱਕ ਵਣਜਾਰੇ ਦੀ ਮਦਦ ਨਾਲ਼ ਗਰਾਂ 'ਚੋਂ ਕੱਢਿਆ। ਉਸ ਦੇ ਗੱਡੇ ਵਿੱਚ ਲੁਕ ਕੇ ਬਾਹਰ ਆ ਗਿਆ। ਪਿੰਡ 'ਚ ਕਦੀ ਵਾਪਸ ਨਹੀਂ ਗਿਆ। ਰਣਜੀਤਪੁਰ ਪੁੱਜ ਗਿਆ। ਤਾਈ ਤੇ ਜਿਮੀਂਦਾਰ ਦੇ ਇਕਲੌਤੇ ਮੁੰਡੇ ਨੇ ਮੈਨੂੰ ਪਛਾਣਿਆ ਨਹੀਂ। ਮੈਨੂੰ ਤਾਂ ਇੱਕ ਮਿੱਤਰ ਨੇ

ਉਸ ਦੀ ਖਬਰ ਦਿੱਤੀ ਸੀ। ਗਰਾਂ ਭਾਵੇਂ ਵਾਪਸ ਨਾ ਗਿਆ ਹੋਵਾਂ, ਪਰ ਖਬਰਾਂ ਤਾਂ ਜਦ ਤਕ ਨਾਨਾ ਨਾਨੀ ਕਬਰਾਂ 'ਚ ਨਹੀਂ ਗਏ, ਮਿਲਦੀਆਂ ਰਹਿੰਦੀਆਂ ਸਨ। ਹੁਣ ਵੱਡੇ ਸ਼ਹਿਰ, ਰਣਜੀਤਪੁਰ ਸਾਂ। ਇੱਥੇ ਬਹੁਤ ਕੁਝ ਸਿੱਖਿਆ। ਪੰਜਾਬ ਦੀ ਇਹ ਹੀ ਜਾਨ ਸੀ। ਰੌਣਕ ਇੱਥੇ ਹੀ ਸੀ। ਪੰਜਾਬ ਦਾ ਚੰਗਾ ਮਾੜਾ ਰਣਜੀਤਪੁਰ।

ਰਣਜੀਤਪੁਰ ਪੰਜਾਬ ਦਾ ਮਾਣਮੱਤਾ ਸ਼ਹਿਰ ਸੀ। ਵੱਡੇ ਕੱਚ-ਕਿਲ੍ਹੇ, ਵੱਡੀਆਂ ਸੋਹਣੀਆਂ ਸੈਰਗਾਹਾਂ ਅਤੇ ਲਾਜਵੰਤੀ ਝੀਲ। ਹਰ ਛਤੌਲ਼ ਨੂੰ ਅਣਰੀਤੀ ਨਾਂ ਦਿੱਤਾ ਹੋਇਆ ਸੀ। ਫਲਾਣਾ ਧਮਕਾ ਸੈਕਟਰ, ਜਾਂ ਮੌਡਲ ਟਾਊਨ ਆਦਿ। ਸ਼ਹਿਰ ਦਾ ਮੜ੍ਹੰਗਾ ਇੱਕ ਵਿਦੇਸ਼ੀ ਈਕੋਸੀ ਸ਼ਿਲਪਕਾਰ ਨੇ ਵਿਓਂਤਿਆ ਸੀ। ਸਕੋਸ਼ੀਆ ਦਾ ਆਦਮੀ ਸੀ, ਜਿਸ ਨੂੰ ਪੰਜਾਬ ਦੇ ਇਤਿਹਾਸ ਦਾ ਖਾਕ ਨਹੀਂ ਸੀ ਪਤਾ। ਉਸ ਸ਼ਿਲਪਕਾਰ ਨੇ ਆਵਦੇ ਸਕੋਸ਼ੀਆ ਦੇ ਕਠੋਰ ਘਸਮੈਲੇ ਘਰਾਂ ਵਾਂਗਰ ਸ਼ਹਿਰ ਦੀ ਸਾਰੀ ਰੂਪ ਰੇਖਾ ਸਜਾ ਦਿੱਤੀ ਸੀ। ਸੜਕਾਂ ਉੱਤਰ ਤੋਂ ਦੱਖਣ ਵੱਲ ਜਾਂਦੀਆਂ ਸਨ; ਮਾਰਗ ਲਹਿੰਦੇ ਤੋਂ ਚੜ੍ਹਦੇ ਵੱਲ ਜਾਂਦੇ ਸਨ। ਸਭ ਦੇ ਨੰਬਰ ਸਨ, ਨਾ ਕੇ ਨਾਂਅ। ਹਰ ਹਿੱਸੇ ਦਾ ਸੈਕਟਰ ਬਣਾਇਆ ਸੀ। ਇੱਕ ਥਾਂ ਬਜ਼ਾਰ ਸਨ, ਇੱਕ ਥਾਂ ਕਾਰਖਾਨੇ। ਇੰਝ ਸੀ ਸਾਰੇ ਸ਼ਹਿਰ ਦਾ ਰੂਪ। ਪੰਜਾਬ ਦਾ ਰੰਗ ਤਾਂ ਖਾਰ ਦਿੱਤਾ ਸੀ। ਜਦ ਈਕੋਸੀ ਸਕੋਸ਼ੀਆ ਵਾਪਸ ਪਰਤਿਆ, ਰਣਜੀਤਪੁਰ ਨੂੰ ਕੇਂਦਰ ਦੇ ਹੱਥਾਂ 'ਚ ਸੰਭਾਲ਼ ਦਿੱਤਾ ਗਿਆ।

ਨਵੇਂ ਸ਼ਿਲਪਕਾਰ ਨੇ ਰੰਗੀਲਾ ਕਰ ਦਿੱਤਾ। ਸ਼ਹਿਰ ਦੀਆਂ ਖਾਸ ਇਮਾਰਤਾਂ ਨੂੰ ਸੁੰਦਰ ਰੂਪ ਦੇ ਦਿੱਤਾ ਜਿਸ ਵਿੱਚ ਪੰਜਾਬੀ ਮਹਿਕ ਸੀ। ਤਿਮੰਜਲਾ ਇਮਾਰਤ ਦੇ ਥਾਂ ਵੱਡੇ ਵੱਡੇ ਵੀਹਮੰਜਲੇ ਬੁਰਜ ਸ਼ਹਿਰ ਦੇ ਵਿਚਕਾਰ ਖਲੋਤੇ ਜਿਵੇਂ ਲੰਬੇ ਕੱਚ ਦੇ ਬਣਾਏ ਦਿਓ ਹੋਣ, ਆਵਦੇ ਸ਼ਹਿਰ ਦੀ ਰਾਖੀ ਕਰਦੇ। ਉਪਰੋਂ ਸ਼ਹਿਰ ਤਾਂ ਸੁੰਨਖਾ ਸੀ। ਛਾਂਦਾਰ ਸੜਕਾਂ, ਜਿੰਨ੍ਹਾਂ ਦੇ ਦੋਨ੍ਹਾਂ ਪਾਸੇ ਪਿੱਪਲਾਂ ਦੀ ਪਾਲ਼ਾਂ ਸਨ।ਆਵਾਜਾਈ ਦੀ ਸੇਧ ਲਈ ਵਰਿੱਤ-ਪਰਵਾਹ, ਜਿਸ ਨੂੰ ਆਮ ਬੋਲੀ 'ਚ ਰਾਉਂਡਾਬਾਊਟ ਸੱਦਦੇ ਐ। ਸਾਰੇ ਹਿੰਦੂਸਤਾਨ ਤੋਂ ਅਲੱਗ ਸ਼ਹਿਰ ਸੀ। ਪਰ ਸਮਾਂ ਸ਼ਹਿਰ ਲਈ ਮਿਹਰਬਾਨ ਨਹੀਂ ਸੀ। ਹੌਲ਼ੀ ਹੌਲ਼ੀ ਸ਼ਹਿਰ ਅਤੇ ਉਸ ਦੇ ਵਾਸੀ ਨਾਸੂਰ ਭੋਖੜਾ ਨਾਲ਼ ਦੂਸ਼ਿਤ ਹੋ ਗਏ। ਲਾਲਚੀ, ਮਨ ਦੀ ਮੈਲ਼ ਅਤੇ ਵੱਢੀਖੋਰੀ ਆਮ ਗੱਲ ਸੀ। ਉਪਰ ਤੋਂ ਲੈ ਕੇ ਹੇਠ ਤੱਕ। ਬਾਹਰੋਂ ਬਾਹਰ ਸ਼ਹਿਰ ਦੇਖਣ ਵਾਲੇ ਨੂੰ ਬਹੁਤ ਹੀ ਚੰਗਾ ਲੱਗਦਾ ਸੀ। ਪਰ ਅੰਦਰ ਗੱਲ ਹੋਰ ਸੀ। ਵੈਸੇ ਸ਼ੁਰੂ ਤੋਂ ਹੀ ਇਹ ਗੱਲ ਸੀ। ਦੋ ਰਣਜੀਤਪੁਰ ਸਨ। ਇੱਕ ਮੁਮਤਾਜ਼, ਇੱਕ ਮੇਰਾ ਸ਼ਹਿਰ; ਬਦਕਾਰ।

ਮੇਰੇ ਰਣਜੀਤਪੁਰ ਵਿੱਚ ਹੇਰਾ ਫੇਰੀ ਆਮ ਸੀ। ਟਾਂਗੇਵਾਲ਼ਾ ਵੱਢੀ ਮੰਗਦਾ ਸੀ, ਵੰਡਾਵਾ ਵੀ ਹੱਥ ਗਰਮ ਕਰਵਾਉਂਦਾ ਸੀ ਅਤੇ ਪੁਲਸੀਆ ਤਾਂ ਗੁੱਸੇ ਹੋ ਜਾਂਦਾ ਸੀ ਜੇ ਚਾਹ ਦੇ ਪੈਸੇ ਨਹੀਂ ਮਿਲਦੇ ਸਨ। ਮੰਤਰੀ ਦੀ ਵੀ *ਸੇਵਾ* ਕਰਨੀ ਪੈਂਦੀ



ਸੀ। ਸਾਰਾ ਸਮਾਂ ਗਰੀਬ-ਗੁਰਬੇ ਨੂੰ ਭੁੱਖਾ ਰੱਖਦਾ ਸੀ। ਜਦ ਚੋਣਾਂ ਆਉਂਦੀਆਂ ਤਾਂ ਭੁੱਖੜ ਉਨ੍ਹਾਂ ਹੀ ਲੋਕਾਂ ਨੂੰ ਖੂਬ ਰੋਟੀ ਤੇ ਨਸ਼ੇ ਦਵਾ ਕੇ ਵੋਟਾਂ ਲੈ ਜਾਂਦਾ ਸੀ। ਜਨਤਾ ਸੱਚ ਮੁੱਚ ਖਰਮਗ਼ਜ਼ ਹੈ! ਹਰ ਭਾਰਤੀ ਪੈਸੇ ਦੀ ਦੌੜ 'ਚ ਹੈ। ਚੱਜ ਨਾਲ਼ ਕਮਾਉਣ ਲਈ ਨਹੀਂ, ਪਰ ਹਾਸਲ ਕਰਨ ਜਿਵੇਂ ਕਿਵੇਂ ਵੀ। ਮੈਂ ਸ਼ਹਿਰ ਦੇ ਚੰਗੇ ਬੰਦੇ ਵੇਖੇ ਨੇ ਆਪ ਦੀ ਧੀਆਂ ਲਈ ਬਾਬਲ, ਪਰ ਹੋਰ ਕਿਸੇ ਦੀ ਕੁੜੀ ਦਾ ਮਾਸ ਵੇਚਦੇ। ਇਹ ਤਾਂ ਰੋਜ ਦਾ ਕੰਮ ਹੈ ਸਾਡੇ ਵਧੀਆ ਰਣਜੀਤਪੁਰ ਵਿੱਚ। ਚੰਗੀ ਤਰਾਂ ਮਾਂਜਾ ਫੇਰਦੇ ਆਂ। ਸੋ ਮੈ ਵੀ ਉਨ੍ਹਾਂ ਵਾਂਗ ਲੋਕਾਂ ਨੂੰ ਵੰਚਤ ਕਰਨਾ ਸਿੱਖ ਗਿਆ।

ਸ਼ਹਿਰ ਵਿੱਚ ਮੈਨੂੰ ਨਾਨੀ ਨੇ ਆਪਣੇ ਇੱਕ ਭਾਣਜੇ ਕੋਲ਼ ਭੇਜਿਆ ਸੀ। ਸ਼ਹਿਰ ਦੇ ਅਠਾਰਾਂ ਸੈਕਟਰ ਸਨ। ਉਨ੍ਹਾਂ ਦੇ ਆਲ਼ੇ ਦੁਆਲ਼ੇ ਤੇਰਾਂ ਝੌਂਪੜ ਪੱਟੀਆਂ ਸਨ। ਪਹਿਲੇ ਅੰਦਰੋਂ ਮੈਲ਼ੇ, ਦੂਜੀਆਂ ਬਾਹਰੋਂ। ਨਾਨੀ ਦੇ ਭਾਣਜੇ ਦਾ ਨਾਂ ਬਿੰਦਾ ਸੀ। ਬਿੰਦਾ ਉਨ੍ਹਾਂ ਦੋਨਾਂ ਥਾਵਾਂ ਦੇ ਗੱਭੇ ਜਿਹੇ ਰਹਿੰਦਾ ਸੀ। ਸੈਕਟਰ ਚੌਦਾਂ ਦੇ ਕੰਢੇ। ਮੈਨੂੰ ਮਿਲ ਕੇ ਬਹੁਤਾ ਖ਼ੁਸ਼ ਨਹੀਂ ਸੀ। ਉਸ ਦੇ ਘਰ ਇੱਕ ਧੀ, ਇੱਕ ਪੁੱਤ ਅਤੇ ਇੱਕ ਵਿਗਾੜੀ ਵਹੁਟੀ ਸੀ। ਬਿੰਦਾ ਸ਼ਹਿਰ ਵਿੱਚ ਅਹੁਦੇਦਾਰ ਸੀ। ਧੀ ਦਾ ਨਾਂ ਸੀ ਸੁੱਖੀ, ਪੁੱਤਰ ਦਾ ਨਾਂ ਸੀ ਕਰਨ ਅਤੇ ਰੰਨ ਦਾ ਨਾਂ ਰੂਪ; ਅਤੇ ਰੂਪ ਕਿੰਨਾ ਆਲੀਸ਼ਾਨ ਸੀ! ਸੀਸ ਖਨਜ਼ੀਰ ਵਰਗਾ ਗੋਲ, ਕੰਨ ਮੱਛੀ ਦੇ ਖੰਭ ਵਾਂਗ ਲੰਬੇ ਅਤੇ ਚੌੜੇ; ਨੱਕ ਫਿੰਨ੍ਹਾ, ਨਾਸਾਂ ਬੰਦੂਕ ਦੀ ਨਾਲ਼ੀਆਂ ਵਾਂਗ, ਖੁ਼ਲ੍ਹੀਆਂ। ਬਿੰਦੇ ਤੋਂ ਵੱਡੀ ਸੀ। ਜਿੰਨੀ ਲੰਬੀ ਉਨੀ ਚੌੜੀ। ਹਾਥੀ ਵਾਂਗ ਤੁਰਦੀ ਸੀ। ਕਰਨ ਵੀ ਬਹੁਤ 'ਸਜੀਲਾ' ਸੀ। ਜ਼ਿੰਦਗੀ 'ਚ ਕਦੀ ਕੰਮ ਕੀਤਾ ਹੀ ਨਹੀਂ ਸੀ। ਸ਼ਕਰਕੰਦੀ ਵਰਗਾ ਰੂਪ, ਰੰਗ ਬੈਂਗਣ ਵਾਂਗ ਪੱਕਾ। ਸੁੱਖੀ ਮਾਂ ਭਰਾ ਤੋਂ ਅਲੱਗ ਲੱਗਦੀ ਸੀ। ਲੰਬੀ, ਪਤਲੀ ਅਤੇ ਅਭਿਮਾਨੀ। ਹਰ ਵੇਲੇ, *ਪਾਪਾ, ਮੁਜੇ ਯੇ ਚਾਹੀਏ, ਜਾਂ ਵੋ ਚਾਹੀਏ!* ਹਮੇਸ਼ਾ ਮਿਲ ਵੀ ਜਾਂਦਾ ਸੀ। ਘਰ ਵਿੱਚ ਕਿਸੇ ਨੂੰ ਪੰਜਾਬੀ ਆਉਂਦੀ ਨਹੀਂ ਸੀ। ਹਿੰਦੀ ਤੋਂ ਜਿਆਦਾ ਅੰਗ੍ਰੇਜ਼ੀ ਵੱਢਦੇ ਸੀ। ਫਿਰ ਵੀ ਆਪਣੇ ਆਪ ਨੂੰ ਪੰਜਾਬੀ ਆਖਦੇ!

ਮੈਂ ਤੈਨੂੰ ਪਹਿਲਾਂ ਹੀ ਦੱਸਿਆ ਹੈ ਕਿ ਮੈਂ ਤਾਂ ਨੰਬਰ ਇੱਕ ਘੰਡ ਹਾਂ।ਮੈਂ ਕਾਰੇਹਾਰ ਦੀ ਨਜ਼ਰ ਨਾਲ਼ ਸਭ ਕੁੱਝ ਦੇਖਦਾ ਹਾਂ, ਸੁੱਖੀ ਨੂੰ ਵੀ। ਸਾਰੇ ਟੱਬਰ ਵਾਂਗ ਬਹੁਤੀ ਸੋਹਣੀ ਤਾਂ ਸੀ ਨਹੀਂ, ਪਰ ਫਿਰ ਵੀ ਇੱਕ ਪਟਾਕਾ ਤਾਂ ਹੈ ਹੀ ਸੀ। ਬੁਰੀ ਨਜ਼ਰ ਨਾਲ਼ ਉਸ ਦੇ ਸੂਖਮ ਸਰੀਰ ਵੱਲ ਝਾਕਦਾ ਸਾਂ। ਕਿਉਂ ਨਹੀਂ? ਸਾਡੀ ਪੰਜਾਬੀਅਤ ਵਿੱਚ ਤਾਂ ਨਾਰੀ ਹੈ ਹੀ ਕੀ? ਕਿੱਸਿਆਂ ਵਿੱਚ ਹੀਰ, ਪਰ ਸਚਾਈ ਵਿੱਚ ਹੀਂਗਣੀ ਦੀ ਬਾਮ; ਕਲਜੋਗਣ ਜਿਸ ਨੂੰ ਆਦਮੀ ਦੀ ਅੱਗ ਝੱਲਣੀ ਪੈਂਦੀ ਹੈ। ਪੋਥੀ ਵਿੱਚ ਜੋ ਮਰਜੀ ਲਿਖਿਆ ਹੋਵੇ, ਸੱਚ ਵਿੱਚ ਤਾਂ ਅਸੀਂ ਮਾਂ ਭੈਣ ਨਹੀਂ ਸਮਝਦੇ, ਨਾ ਹੀ ਸਮਝੇ ਜਾਂਦੇ ਐ। ਔਰਤ ਸਾਡਾ ਖਿਡੌਣਾ ਹੈ, ਕਨੀਜ਼ ਹੈ। ਸੋ ਮਾਂ

ਭੈਣ ਦੇ ਸਾਹਮਣੇ ਆਪਣੇ ਆਪਨੂੰ ਤੂੰ ਜਿੰਨਾ ਵੀ ਚੰਗਾ ਦਿਖਾਵੇਂ, ਸੱਚ ਤਾਂ ਇਹੀ ਹੈ। ਬੰਦਿਆ ਤੂੰ ਮੇਰੇ ਵਰਗਾ ਹੀ ਏਂ। ਮੈਂ ਸੁੱਖੀ ਨੂੰ ਚਾਹੁੰਦਾ ਸੀ. ਭਾਵੇਂ ਨਾਨੀ ਦੇ ਭਾਣਜੇ ਦੀ ਕੁੜੀ ਸੀ। ਪਰ ਫਿਰ ਵੀ ਉਨ੍ਹਾਂ ਦਿਨਾਂ ਵਿੱਚ ਮੈਂ ਬਿੰਦੇ ਤੋਂ ਡਰਦਾ ਸੀ।

ਕਿਉਂ ਨਹੀਂ? ਬਿੰਦਾ ਭਾਵੇਂ ਲਿੱਸਾ ਜਿਹਾ ਸੀ, ਮੂੰਹ ਸੁੰਨ ਮੁੰਨ (ਘਰਵਾਲੀ ਮੂੰਹ ਫਟ ਸੀ) ਅਤੇ ਦੇਖਣ'ਚ ਹਮੇਸ਼ਾ ਤੁਰਦਾ ਜਿਵੇਂ ਦੁਨੀਆ ਦਾ ਸਾਰਾ ਬੋਝ ਉਸਦੇ ਮੋਢਿਆਂ ਤੇ ਹੀ ਸੀ। ਪਰ ਆਵਾਜ਼ ਹੰਟਰ ਵਾਂਗ ਸ਼ੂਕਦੀ ਸੀ। ਸਭ ਨੂੰ ਡਰਾ ਦਿੰਦਾ ਸੀ। ਗਰਮ ਨਰਮ ਸੁਭਾਅ ਸੀ ਓਹਦਾ। ਉਸ ਦੇ ਘਰ ਦੀ ਬੈਠਕ ਵਿੱਚ ਇੱਕ ਜਲਪਿੰਜਰ ਸੀ ਜਿਸ ਵਿੱਚ ਮੱਛੀਆਂ ਦਾ ਰੰਗ-ਬਰੰਗਾ ਝੁੰਡ ਤਰਦਾ ਸੀ। ਕੱਚ ਦੇ ਜਦ ਪਿੱਛੇ ਖਲੋਂਦਾ, ਉਸ ਦਾ ਸਿਰ ਅਪਰਿਵਰਤਨ ਨਾਲ਼ ਵੱਡਾ ਹੋ ਜਾਂਦਾ ਸੀ ਜਿਵੇਂ ਸੱਪ ਦੀ ਛੱਜਲੀ ਖੁੱਲ੍ਹ ਜਾਂਦੀ ਆ। ਮੈਂ ਪਹਿਲੀ ਬਾਰ ਇਸ ਤਰਾਂ ਉਸਨੂੰ ਬੈਠਕ ਵਿਚ ਮਿਲਿਆ ਸੀ। ਜਲਪਿੰਜਰ ਦੇ ਕੱਚ ਪਿੱਛੇ ਅੱਖਾਂ ਚੌੜੀਆਂ ਸਨ, ਕਰਕੇ ਲੱਗਾ ਜਿੰਝ ਮੇਰੇ ਵਿੱਚ ਵੜ ਗਈਆਂ ਹੋਣ। ਪਰ ਇਹ ਡਰ ਬਹੁਤੀ ਦੇਰ ਲਈ ਰਿਹਾ ਨਹੀਂ। ਮੈਨੂੰ ਪਤਾ ਲੱਗ ਗਿਆ ਕਿ ਉਸ ਕੋਲ਼ ਗਸ਼ਤੀ ਰੱਖੀ ਸੀ ਜਿਸ ਨੂੰ ਮਰਜੀ ਨਾਲ਼ ਘਰ ਵਿੱਚ ਲੈ ਕੇ ਆਉਂਦਾ ਸੀ, ਜਦ ਸਾਰੇ ਸੁੱਤੇ ਹੋਏ ਹੁੰਦੇ ਸੀ। ਪਰ ਮੈਂ ਉਸ ਨੂੰ ਵੇਖ ਲਿਆ ਚੋਰ-ਅੱਖ ਨਾਲ਼। ਇਸ ਤਰਾਂ ਘਰ ਦੇ ਸਾਰੇ ਭੇਤ ਪਾ ਲਏ। ਬਾਅਦ 'ਚ ਬਹੁਤ ਫਾਇਦਾ ਉਠਾਇਆ, ਜਦ ਮੈਂ ਬਲੈਕਮੇਲ ਕੀਤਾ। ਇਸ ਦਾ ਨਤੀਜਾ ਇਹ ਹੋਇਆ ਸੀ ਮੈਨੂੰ ਸੁੱਖੀ ਮਿਲ ਗਈ, ਇੱਕ ਰਾਤ ਲਈ। ਉਸਦੀ ਕੁੜਮਾਈ ਦੀ ਰਾਤ ਲਈ ਉਹ ਮੇਰੀ ਸੀ। ਬਿੰਦੇ ਨੂੰ ਵੀ ਚੁੱਪ ਰਹਿਣਾ ਪਿਆ, ਕਿਉਂਕਿ ਉਸ ਵੇਲੇ ਮੈਨੂੰ ਪੂਰਾ ਪਤਾ ਸੀ ਕਿ ਉਸਦੇ ਪੈਸੇ ਕਿਥੋਂ ਆਉਂਦੇ ਸੀ। ਪਰ ਇਸ ਸਭ ਤੋਂ ਪਹਿਲਾਂ ਜਦ ਉਸਨੇ ਜਲਪਿੰਜਰ ਪਿੱਛੋਂ ਖੜ੍ਹਕੇ ਮੇਰੇ ਵੱਲ ਸੇ ਲਾਈ, ਉਸ ਨੇ ਸੋਚਿਆ ਮੈਂ ਇਸ ਮੁੰਡੇ ਨੂੰ ਘਰ ਵਿੱਚ ਨਹੀਂ ਰੱਖਣਾ। ਮੈਨੂੰ ਪੱਖੀਵਾਸ ਵਾਂਗ ਬਿਹਾਰੀ ਨੌਕਰਾਂ ਨਾਲ਼ ਇੱਕ ਝੌਂਪੜ 'ਚ ਪਾ ਦਿੱਤਾ। ਕੋਈ ਬਾਰੀ ਨਹੀਂ ਸੀ ਅਤੇ ਦਰ 'ਚ ਡੋਰ ਨਹੀਂ ਸੀ। ਇੱਕ ਮੰਜਾ ਸੀ ਜਿਸ ਤੇ ਲਾਲੂ ਪੈਂਦਾ ਸੀ। ਉਸ ਦੀ ਬੀਵੀ, ਸੱਤ ਨੰਗੇ ਬੱਚੇ ਤੇ ਮੈਂ ਪੱਕੇ ਫਰਸ਼ ਤੇ ਪੈਂਦੇ ਸੀ। ਕਿਰਲੀਆਂ ਦੀ ਫੌਜ ਆਸ ਪਾਸ ਇੱਧਰ ਉੱਧਰ ਨੱਠੀ ਫਿਰਦੀ ਸੀ।

ਬਿੰਦੇ ਦੇ ਬੱਚੇ ਸਕੂਲ ਗਏ। ਮੈਂ ਘਰ ਰਹਿ ਕੇ ਨੌਕਰੀ ਕੀਤੀ। ਮੈਂ ਤਾਂ ਲਾਲੂ ਦਾ ਨਫਰ ਬਣ ਗਿਆ। ਇਹ ਸੀ ਮੇਰੀ ਨਾਨੇ ਤੋਂ ਅਜ਼ਾਦੀ! ਜਦ ਵੀ ਮੈਨੂੰ ਬੁਲਾਉਣਾ, ਬਿੰਦਾ *ਮੁੰਡੂ*, ਕਹਿੰਦਾ ਸੀ, ਮੇਰਾ ਨਾਂ ਨਹੀਂ ਲੈਂਦਾ ਸੀ। ਮੁੰਡੂ ਆਹ ਕਰ, ਮੁੰਡੂ ਯੇ ਲਿਆ, ਮੁੰਡੂ ਮਾਂ ਦਾ ਟਕਾ! ਮੇਰੇ ਲਈ ਤਾਂ ਬੇਅੰਤ 'ਪਿਆਰ' ਸੀ! ਮੈਂ ਕਰਨ ਦੀਆਂ ਕਿਤਾਬਾਂ ਚੋਰੀ ਕਰਕੇ ਪੜ੍ਹਦਾ ਸੀ। ਜਦ ਮੈਂ ਥੋੜ੍ਹਾ ਜਾ ਵੱਡਾ ਹੋਗਿਆ ਸੀ ਮੈਂ ਕੰਧ ਕੁੱਦ ਕੇ ਝੌਂਪੜ 'ਚ ਜਾ ਪੁੱਜਿਆ। ਇੱਥੇ ਮੇਰੀਆਂ ਅੱਖਾਂ ਖੁਲ੍ਹ



ਗਈਆਂ। ਇੱਥੇ ਇੱਕ ਚੰਗੇ ਬੁੜ੍ਹੇ ਨੇ ਮੈਨੂੰ ਪੈਂਤੀ ਪੜ੍ਹਨੀ ਸਿਖਾਈ। ਇੱਥੇ ਤਾਸ਼ ਖੇਡਣ ਵਾਲੇ ਟੋਲੇ ਨੇ ਜੂਏਬਾਜੀ ਸਿਖਾਈ। ਇੱਥੇ ਵੇਸਵਾਵਾਂ ਨੇ ਆਦਮੀ ਦੀ ਚੰਗੀ ਹਜਾਮਤ ਕਰਨੀ ਸਿਖਾਈ। ਜੋ ਇੱਥੇ ਨਹੀਂ ਸਿੱਖਿਆ ਲਾਲੂ ਤੋਂ ਸਿੱਖ ਲਿਆ ਅਤੇ ਬਿੰਦੇ ਨੂੰ ਤਾੜ ਕੇ ਸਮਝ ਲਿਆ। ਬਿੰਦਾ ਨੰਬਰ ਵਨ ਸ਼ੈਤਾਨ ਸੀ। ਸਾਡੀ ਸਰਕਾਰ ਦਾ ਨੌਕਰ ਤਥਾ ਦਾਦੇ ਦਾ ਦਾਦਾ, ਆਹੋ ਝੌਂਪੜੀ ਦਾ ਕਰਤਾ ਧਰਤਾ ਸੀ। ਝੌਂਪੜ ਨੂੰ ਦਬਾਉਣ ਵਾਲ਼ਾ ਸੀ ਬਿੰਦੇ ਦਾ ਅਸਲੀ ਸਾਹਿਬ। ਕੁਝ ਰਾਤਾਂ ਬਿੰਦਾ ਅੱਧੀ ਰਾਤ ਹਨੇਰੇ ਵਿੱਚ ਉਸਨੂੰ ਮਿਲਣ ਜਾਂਦਾ ਸੀ।ਮੈਂ ਮਗਰ ਮਗਰ ਚੁਪਕੇ ਚੁਪਕੇ ਜਾ ਕੇ ਕਿਸੇ ਘਚੋਰ 'ਚ ਲੁਕ ਕੇ ਤਾੜਦਾ ਸੀ। ਦਾਦਾ ਰਹਿੰਦਾ ਸੀ ਝੌਂਪੜ 'ਚ ਪਰ ਹਵੇਲੀ 'ਚ ਰਹਿਣ ਵਾਲ਼ੇ ਉਸਦੀਆਂ ਉਂਗਲ਼ੀਆਂ ਤੇ ਨੱਚਦੇ ਸੀ। ਹਾਂ ਮੇਰੀ ਤਰਬੀਅਤ ਐਸੀ ਸੀ।ਕਰਨ ਤੋਂ ਜਿਆਦਾ ਇਲਮ ਸੀ, ਦੁਨੀਆ ਬਾਰੇ।

ਕਰਨ ਅਤੇ ਸੁੱਖੀ ਸ਼ਹਿਰ ਦੀ ਅੱਛੀ ਪਾਠਸ਼ਾਲਾ 'ਚ ਪੜ੍ਹਦੇ ਸਨ, ਪਰ ਮੈਂ ਝੌਂਪੜ ਦੀ ਗੰਦੀ ਗਲ਼ੀ ਵਿੱਚ ਬਹਿ ਕੇ ਆਸ ਪਾਸ ਵੇਖਕੇ ਸਭ ਕੁੱਝ ਸਿੱਖ ਗਿਆ। ਪੜ੍ਹਾਈ ਦੀਆਂ ਕਿਤਾਬਾਂ ਵੀ ਚੋਰੀ ਕਰ ਕੇ ਮਿਲ ਜਾਂਦੀਆਂ ਸੀ।ਇੱਕ ਬਾਰ ਕਰਨ ਨੂੰ ਬਿੰਦੇ ਨੇ ਸਵਾਲ ਪੁੱਛਿਆ।ਉਹਨੂੰ ਜਵਾਬ ਨਹੀਂ ਆਇਆ।ਮੈਂ ਸਹੀ ਜਵਾਬ ਫਰਮਾਇਆ। ਵਾਹ! ਖਿਝ ਵਿੱਚ ਪਿਓ ਨੇ ਆਵਦੇ ਮੁੰਡੇ ਦੇ ਰੱਜ ਕੇ ਹੱਡ ਸੇਕੇ। ਵੈਸੇ ਮੈਂ ਕਰਨ ਵੱਲ ਬਹੁਤ ਅਨਾਚਾਰ ਸੀ। ਇੱਕ ਬਾਰ ਸੜਕ ਦੇ ਲੌਂਡਿਆਂ ਨੇ ਉਸਨੂੰ ਇੱਕ ਬੰਦ ਗਲ਼ੀ 'ਚ ਘੇਰ ਲਿਆ। ਮੈਂ ਸੌਖੀ ਤਰਾਂ ਮਦਦ ਕਰ ਸਕਦਾ ਸੀ, ਪਰ ਚੁੱਪ ਚਾਪ ਦੂਰੋਂ ਤਮਾਸ਼ਾ ਵੇਖੀ ਗਿਆ। ਹੋਰ ਸਭ ਤੋਂ ਵੱਡੇ ਮੁੰਡੇ ਨੇ ਬਦਕਾਰੀ ਕੀਤੀ ਉਸਦੇ ਨਾਲ਼। ਮੈਂ ਫਿਰ ਵੀ ਖੜ੍ਹਿਆ ਰਿਹਾ। ਐਣ ਅਖੀਰ ਤੇ ਮਦਦ ਕੀਤੀ। ਮੁੰਡਿਆਂ ਨੂੰ ਕੁੱਟ ਕੇ ਬਦਮਾਸ਼ੀ ਤੇ ਠੱਲ੍ਹ ਪਾ ਦਿੱਤੀ। ਪਰ ਅੰਦਰੋਂ ਕਰਨ ਨੂੰ ਸਮਝ ਸੀ ਕਿ ਮੈਂ ਨੇੜੇ ਤੇੜੇ ਸੀ ਅਤੇ ਹੁਣ ਤੱਕ ਗੁੰਗਾ ਬਣਿਆ ਰਿਹਾ। ਮੇਰੇ ਨਾਲ਼ ਉਸ ਤੋਂ ਬਾਅਦ ਬਹੁਤ ਦੇਰ ਲਈ ਬੋਲਿਆ ਨਹੀਂ। ਆਵਦੀ ਸ਼ਰਮ ਨਾਲ਼ ਚੁੱਪ ਚਾਪ ਚੁੱਕ ਕੇ ਆਵਦੀ ਛਾਤੀ ਤੇ ਪੱਥਰ ਰੱਖਿਆ।ਜਦ ਸੁੱਖੀ ਨਾਲ਼ ਮੈਂ ਮੰਜਾ ਸਾਂਝਾ ਕੀਤਾ, ਉਸ ਦਾ ਚਿੱਤ ਕੀਤਾ ਮੈਨੂੰ ਮਾਰਨ ਲਈ ਪਰ ਉਸ ਦਿਨ ਵਾਂਗ ਜੀਭ ਦੰਦਾਂ ਹੇਠ ਲਈ ਰੱਖੀ। ਮੈਂ ਤੇ ਬਿੰਦੇ ਦਾ ਟੱਬਰ ਵਾਂਢੇ ਹੋ ਗਏ। ਪਰ ਇਹ ਤਾਂ ਹਾਲੇ ਅੱਗੇ ਦੀ ਗੱਲ ਹੈ।

ਦਾਦਾ ਦੀ ਅੱਖ ਮੈਂ ਫੜ ਲਈ ਸੀ। ਸ਼ੁਰੂ ਤੇ ਮੈਂ ਨਿੱਕੇ ਨਿੱਕੇ ਕੰਮ ਕੀਤੇ। ਪੁਲ਼ਸ ਨੂੰ ਗ਼ਲਤ ਬਿਆਨ ਦਿੱਤੇ; ਕਿਸੇ ਗਰੀਬ ਇਮਾਨਦਾਰ ਦੁਕਾਨਦਾਰ ਦੀਆਂ ਬਾਰੀਆਂ ਭੰਨੀਆਂ ਅਤੇ ਅਫੀਮ ਵੇਚੀ। ਪਰ ਜਦ ਬਿੰਦੇ ਦੇ ਬੌਸ ਨੇ ਝੌਂਪੜ ਸੁਆਰਨ ਦੀ ਕੋਸ਼ਿਸ਼ ਕੀਤੀ ਝਗੜਾ ਸ਼ੁਰੂ ਹੋ ਗਿਆ। ਬਿੰਦੇ ਤੋਂ ਬੌਸ ਸੰਭਾਲ਼ ਨਹੀਂ ਹੋਇਆ। ਪੁਲ਼ਸ ਦਾਦੇ ਦੀ ਜੇਬ 'ਚ ਤਾਂ ਸੀ ਪਰ ਬੌਸ ਦਾ ਖਾਸ ਮਿੱਤਰ ਇੱਕ

ਮੰਤਰੀ ਸੀ, ਧਰਮ ਸ਼ਰਮਾ। ਸ਼ਰਮਾ ਚੀੜ੍ਹਾ ਜਿਹਾ ਸੀ। ਦਾਦੇ ਦੇ ਮਗਰ ਪੈ ਗਿਆ। ਪਰ ਜਦ ਆਦਮੀ ਦਾਦੇ ਦੇ ਮਗਰ ਜਾਂਦਾ, ਫਿਰ ਸਾਰੇ ਉਸਦੇ ਖਿਲਾਫ਼ ਹੋ ਜਾਂਦੇ। ਕਿਉਂਕਿ ਹਰ ਬੰਦਾ ਦਾਦੇ ਦਾ ਨਮਕਖਾਰ ਸੀ। ਫਿਰ ਵੀ ਸ਼ਰਮੇ ਕਰਕੇ ਕੁਝ ਧੰਦੇ ਬੰਦ ਹੋ ਗਏ। ਪਰ ਸ਼ਰਮੇ ਦੀ ਇੱਕ ਕਮਜ਼ੋਰੀ ਸੀ। ਹਰ ਵੱਡੇ ਬੰਦੇ ਕੋਲ਼ ਘੱਟ ਤੋਂ ਘੱਟ ਇੱਕ ਖੀਣਤਾ ਹੁੰਦੀ ਹੈ। ਸ਼ਰਮਾ ਹੁਸਨਪ੍ਰਸਤੀ ਸੀ। ਵਿਹਾਇਆ ਭਾਵੇਂ ਹੋਵੇਗਾ, ਪਰ ਇੱਕ ਧੰਦਾ ਕਦੀ ਨਹੀਂ ਬੰਦ ਕਰਦਾ ਸੀ, ਕੰਜਰਖਾਨਾ।

ਸਾਰੇ ਸ਼ਹਿਰ ਦੀਆਂ ਛੱਲਾ ਕੋਠੀਆਂ ਦਾਦੇ ਦੀਆਂ ਸਨ।ਮੇਰਾ ਪਹਿਲਾ ਕਤਲ ਸ਼ਰਮੇ ਨੂੰ ਫਸਾਉਣ ਲਈ ਸੀ। ਉਸਨੂੰ ਨਹੀਂ ਮਾਰਨਾ ਸੀ। ਪਰ ਉਸਨੂੰ ਦਾਦੇ ਦਾ ਆਭਾਰੀ ਬਣਾਉਣਾ ਸੀ। ਮੰਤਰੀ ਦਾ ਮੁੱਲ ਬਹੁਤ ਸੀ। ਦਾਦੇ ਦੇ ਹੱਥ ਆਵੇ ਤਾਂ ਦਾਦਾ ਕਾਫੀ ਜੋਰਾਵਰ ਹੋ ਸਕਦਾ ਸੀ। ਤਾਕਤ ਵਾਲ਼ਾ ਬੰਦਾ ਰਿਣੀ ਹੋਵੇਗਾ। ਕਿਉਂ? ਕਿਉਂਕਿ ਮੇਰਾ ਕੰਮ ਸੀ ਜਦ ਸ਼ਰਮੇ ਨੂੰ ਨੀਂਦ ਆ ਗਈ, ਉਸ ਦੇ ਨਾਲ਼ ਪਈ ਨਵਯੁਵਤੀ ਦਾ ਗਲ਼ਾ ਚੀਰਨਾ। ਜਦ ਸਵੇਰੇ ਸ਼ਰਮਾ ਉੱਠੂਗਾ ਉਸਨੂੰ (ਕਿਉਂਕਿ ਉਸੀ ਕੁੜੀ ਨੇ ਦੱਸਿਆ ਸੀ ਉਸ ਨੂੰ ਸ਼ਰਾਬੀ ਕਰਨਾ ਸੀ) ਪਤਾ ਨਹੀਂ ਲੱਗਣਾ ਕੀ ਹੋਇਆ। ਆਸ ਪਾਸ ਸਭ ਕੁੱਝ ਖ਼ੂਨ ਵਿੱਚ ਲੱਥਪੱਥ ਹੋਵੇਗਾ। ਉਸਨੂੰ ਲੱਗਣੈ ਉਸਨੇ ਕੀਤਾ। ਦਾਦੇ ਦੇ ਆਦਮੀ ਆ ਕੇ ਦੱਸੂਗੇ ਕਿ ਇਹ ਸਾਡੀ ਕੋਠੀ ਹੈ ਤੇ ਅਸੀਂ ਸਭ ਕੁਝ ਸੰਭਾਲੂੰਗੇ। ਇਹ ਸੀ ਜੁਗਤ। ਇਹ ਜ਼ਨਾਨੀ ਮੇਰਾ ਪਹਿਲਾ ਸ਼ਿਕਾਰ ਸੀ।

ਗੁੰਡੇ ਲੋਕ ਕਹਿੰਦੇ ਨੇ ਕਿ ਪਹਿਲੀ ਵਾਰੀ ਕਿਸੇ ਦੀ ਜਾਣ ਲੈਣੀ ਔਖੀ ਹੁੰਦੀ ਏ। ਉਸ ਦਿਨ ਮੇਰਾ ਹਾਲ ਹੋਰ ਹੀ ਸੀ। ਜੀ ਕਾਹਲ਼ਾ ਪੈਂਦਾ ਸੀ। ਉਸਦਾ ਮੂੰਹ ਵੇਖ ਕੇ ਬਿਲਕਦਾ ਸੀ। ਨਾਲ਼ੇ ਨਾਲ਼ ਬੁਖਾਰ ਦੀ ਲਹਿਰ ਨਾੜਾਂ 'ਚ ਦੌੜਦੀ ਸੀ। ਪੇਟ 'ਚ ਮਰੋੜ ਵੱਟ ਪੈਂਦੇ ਸੀ। ਡਰਦਾ ਵੀ ਸੀ, ਨਿਹਾਲ ਵੀ ਸੀ। ਕੁੜੀ ਵੱਲ ਦੇਖ ਕੇ ਡ੍ਰਾਟ ਨਿਕਲ਼ਦਾ ਸੀ। ਮਨ ਅੰਜਿਹਾ ਪਿਆ ਸੀ। ਕਿਸੇ ਦੀ ਜਾਨ ਲੈਣ ਲੱਗਾ ਸੀ! ਪਰ ਫਿਰ ਵੀ ਉਸ ਵੇਲੇ ਮੈਂ ਹਾਲੇ ਨੱਢਾ ਸੀ ਅਤੇ ਪੂਰੀ ਸਮਝ ਨਹੀਂ ਸੀ ਨੈਤਿਕਤਾ ਬਾਰੇ।

ਸ਼ਰਮਾ ਪਲੰਘ 'ਚ ਪਿਆ ਸੀ ਸੁੱਤਾ ਹੋਇਆ, ਅਚੇਤ, ਖੁਰਾਟੇ ਮਾਰਦਾ। ਮੈਂ ਨੇੜਲੇ ਪਾਸੇ ਖੜ੍ਹਾ ਸੀ, ਜਿਸ ਪਾਸੇ ਮੇਰੇ ਸਾਹਮਣੇ ਕੁੜੀ ਪਈ ਸੀ ਬੇਖਬਰ। ਕੰਬਲ਼ ਅੱਧਾ ਪਿੰਡੇ ਤੇ ਉੱਪਰ ਸੀ, ਅੱਧਾ ਸ਼ਰਮਾ ਉੱਤੇ ਸੀ। ਕੰਬਲ਼ ਜਾਂ ਖੱਫ਼ਣ? ਯਾਦ ਆ ਗਿਆ ਮੈਂ ਇੱਥੇ ਕਿਉਂ ਖੜ੍ਹਾ ਸੀ। ਮੇਰੇ ਹੱਥ 'ਚ ਉਸਤਰਾ ਸੀ ਜਿਸ ਦੀ ਧਾਰ ਮੇਰੀਆਂ ਅੱਖਾਂ ਤੇ ਉਸਦੇ ਚਿਹਰੇ ਵਿਚਾਲ਼ੇ ਸੀ ਘੁੰਡ ਵਾਂਗ। ਇਸ ਦੇ ਪਿੱਛੇ ਉਸ ਦੀਆਂ ਬੰਦ ਅੱਖਾਂ ਦਿਸਦੀਆਂ ਸਨ। ਜੇ ਖੁੱਲ੍ਹੀਆਂ ਮੈਂ ਸੋਚਦਾ ਸੀ ਮੂਨ ਦੀਆਂ ਆਹੂ ਚਸ਼ਮ ਵਰਗੀਆਂ ਹੋਣਗੀਆਂ। ਹੱਥ ਹੇਠ ਕਰ ਲਿਆ ਸੀ। ਪੂਰੀ ਸ਼ਕਲ ਦਿਸਦੀ ਸੀ। ਸੁਹਜਮਈ ਸੂਰਤ, ਰੰਗ ਚਿੱਟਾ ਦੁੱਧ, ਨੱਕ ਤਿੱਖਾ, ਹੋਠ ਗੁਲਾਬ



ਵਰਗੇ।ਸਰਹਾਣੇ ਉੱਤੇ ਵਾਲ਼ ਖਿੱਲਰੇ ਸਨ, ਜਿਵੇਂ ਖਿੱਲਰਵੀਂ ਮੋਰਨੀ ਹੋਵੇ। ਜਿਸਮ ਬੇਨਕਾਬ ਸੀ, ਉਸਦੇ ਲੱਕ ਤੱਕ। ਫਿਰ ਗਿਲਾਫ ਹੇਠੋਂ ਲੱਤਾਂ ਬਾਹਰ ਨਿਕਲਦੀਆਂ ਸਨ, ਜਿੰਝ ਦੋ ਰਮਣੀਕ ਟਿੱਲੇ ਸਨ, ਗੋਡੇ ਸ਼ੀਰਸ਼ ਵਾਂਗ, ਪਿੰਨੀਆਂ ਮੇਰੇ ਵੱਲ ਉਤਰ ਦੀਆਂ। ਟਿਕਟਿਕੀ ਲਾ ਕੇ ਹਿੱਕ ਵੱਲ ਕੈਰੀ ਅੱਖ ਲਾਈ; ਫਿਰ ਉਸਦੇ ਮੂੰਹ ਵੱਲ ਦੀਦੇ ਪਾੜ ਕੇ ਵੇਖਿਆ। ਇਸ ਨੂੰ ਕਿੰਝ ਮਾਰ ਸਕਦਾ ਹਾਂ? ਪਰ ਇਹ ਸੋਚ ਤਾਂ ਕੇਵਲ ਪਲ ਲਈ ਦਿਮਾਗ 'ਚ ਆਈ।ਮੈਨੂੰ ਮਾਰਨੀ ਪੈਣੀ ਐ। ਜੇ ਕਤਲ ਨਹੀਂ ਕੀਤਾ, ਦਾਦੇ ਨੇ ਮੈਨੂੰ ਮਰਵਾ ਦੇਣਾ।ਮੈਨੂੰ ਮੇਰੀ ਜਾਨ ਇਸਦੀ ਜਾਨ ਤੋਂ ਪਿਆਰੀ ਹੈ। ਵਿਚਾਰੀ ਕੁੜੀ। ਜਦ ਨਿੱਕੀ ਸੀ ਕਿਸੇ ਦੇ ਘਰੋਂ ਚੁੱਕੀ ਹੋਵੇਗੀ। ਹੁਣ ਦਾਦੇ ਲਈ ਇਸ ਮੰਤਰੀ ਨਾਲ਼ ਸੁੱਤੀ। ਤੇ ਮੈਂ ਇਸ ਨੂੰ ਮਾਰਨ ਲੱਗਾ ਦਾਦੇ ਲਈ। ਹੁਣ ਤਾਂ ਇੱਕ ਕਸਬੀ ਹੈ, ਜਿਸਦਾ ਕਿਸੇ ਨੇ ਪੁੱਛਣਾ ਨਹੀਂ ਸੀ, ਕਿਸੇ ਨੇ ਚਿੰਤਾ ਨਹੀਂ ਸੀ ਕਰਨੀ ਜਾਂ ਸੋਚਣਾ ਨਹੀਂ ਸੀ ਇਸ ਬਾਰੇ। ਕੀ ਪਤਾ ਕਿਤੇ ਮਾਂ ਹੋਵੇਗੀ ਜਿਹੜੀ ਪਿੱਟਦੀ ਐ ਇਸ ਲਈ? ਕੀ ਪਤਾ? ਮੈਂ ਚੁੱਪ ਚਾਪ ਪਲੰਘ ਕੋਲ਼ ਚਲੇ ਗਿਆ ਸੀ। ਇੱਕ ਝਟਕੇ ਨਾਲ਼ ਉਸਤਰੇ ਨਾਲ਼ ਲੰਬੇ ਗਲ਼ੇ ਨੂੰ ਵੱਢ ਦਿੱਤਾ। ਸੁੱਤੀ ਪਈ ਨੂੰ ਪਤਾ ਵੀ ਨਹੀਂ ਲੱਗਿਆ। ਮੇਰੇ ਮੂੰਹ ਤੇ ਕੱਟੇ ਕੰਠ ਤੋਂ ਲਾਲ ਲਾਲ ਛਿੱਟੇ ਡੋਲ੍ਹ ਦਿੱਤੇ।ਗੁੰਡੇ ਲੋਕ ਕਹਿੰਦੇ ਨੇ ਕਿ ਦੂਜੀ ਬਾਰੇ ਸੌਖਾ ਹੁੰਦਾ, ਅਤੇ ਉਸ ਤੋਂ ਬਾਅਦ ਉਹਤੋਂ ਵੀ ਅਸਾਨ। ਗੱਲ ਸਹੀ ਹੈ। ਹਾਲੇ ਤੱਕ ਇਸਦਾ ਹੀ ਖ਼ੂਨ ਹੀ ਯਾਦ ਹੈ।ਹੋਰ ਨਹੀਂ। ਜਦ ਸ਼ਰਮਾ ਉੱਠਿਆ, ਉਸਨੂੰ ਸਮਝ ਨਹੀਂ ਸੀ ਕੀ ਹੋਇਆ। ਰੋਣ ਲੱਗ ਪਿਆ ਸੀ। ਉਸਨੂੰ ਸੱਚ ਮੁੱਚ ਲੱਗਿਆ ਉਸਨੇ ਭਾਗਹੀਣ ਕੁੜੀ ਮਾਰੀ ਸੀ, ਮਦਹੋਸ਼ ਵਿੱਚ, ਰਾਤ ਕਾਮ-ਕ੍ਰੀੜਾ ਵਿੱਚ। ਜਦ ਕਤਲ ਦਾ ਪਾਪ ਕੀਤਾ ਫਿਰ ਤਾਂ ਹੋਰ ਸਭ ਪਾਪ ਕੀ ਹੁੰਦੇ ਆਂ? ਹੁਣ ਦੋਹਾਂ ਲਈ ਕੰਮ ਕਰਦਾ ਸੀ। ਬਿੰਦੇ ਲਈ ਅਤੇ ਦਾਦੇ ਲਈ। ਹੌਲ਼ੀ ਹੌਲ਼ੀ ਬਿੰਦੇ ਨੇ ਘਰੋਂ ਕੱਢ ਦਿੱਤਾ ਅਤੇ ਮੈਂ ਝੌਂਪੜ 'ਚ ਪੱਕਾ ਰਹਿਣ ਲੱਗ ਪਿਆ।

ਹਾਰ ਕੇ ਖੁਦ ਦਾਦੇ ਲਈ ਕੰਮ ਕਰਨ ਲੱਗ ਪਿਆ ਸੀ। ਚੋਰੀ, ਭੜੂਆ ਅਤੇ ਹੇਰਾ ਫੇਰੀ। ਸਮਾਜ ਤਾਂ ਤਿਆਰ ਸੀ ਰਿਸ਼ਵਤ ਦੇ ਕੇ ਆਵਦੇ ਕੰਮ ਕਰਾਉਣ ਵਾਸਤੇ। ਮੈਨੂੰ ਲੱਗਦੈ ਸੱਚੇ ਦਿਲ ਵਾਲ਼ੇ ਤਾਂ ਪੰਜਾਬ ਤੋਂ ਬਹੁਤ ਸਮੇ ਪਹਿਲਾਂ ਹੀ ਤਿਤਰ ਹੋ ਗਏ। ਹੁਣ ਤਾਂ ਸਾਡੇ ਵਰਗਿਆਂ ਦਾ ਰਾਜ ਸੀ। ਵੈਸੇ ਮੁਗਲਾਂ ਹੇਠ ਇੰਝ ਕੀਤਾ, ਗੋਰਿਆਂ ਹੇਠ ਤਾਂ ਹਾਲੇ ਵੀ ਕਰਦੇ ਨੇ। ਮਨਸੂਬੇਦਾਰੀ ਸੈੱਟ ਹੀ ਐਸੇ ਤਰੀਕੇ ਨਾਲ਼ ਕੀਤੀ ਗਈ ਸੀ ਇੰਡੀਆ 'ਚ। ਸਰਕਾਰ ਜੋ ਮਰਜੀ ਹੋਵੇ, ਉਸ ਉੱਤੇ ਇਲਜ਼ਾਮ ਲਾਉਣਾ ਹੀ ਲਾਉਣੈ। ਪਰ ਅਸਲੀ ਰਾਜ ਸਾਡੇ ਵਰਗੇ ਕਰਦੇ ਨੇ। ਅਜ਼ਾਦੀ ਬਾਅਦ ਵੀ ਲੋਕ ਨਹੀਂ ਅਜ਼ਾਦ ਹੋਏ। ਸਿਰਫ ਅਸੀਂ ਅਤੇ ਸਾਡੇ ਚਮਚੇ ਮੰਤਰੀ, ਪੁਜਾਰੀ ਆਦਿ। ਦਾਦਾ ਕਿਸ ਤਰਾਂ ਦਾ ਬੰਦਾ ਸੀ? ਮੈਂ ਜ਼ਾਹਰ ਕਰਦਾਂ।

ਦਾਦੇ ਦਾ ਅੱਡਾ ਝੌਂਪੜ ਦੇ ਵਿਚਾਲੇ ਜਿਹੇ ਸੀ। ਬਾਹਰੋਂ ਖਸਤਾ ਹਾਲ ਕਾਰਖਾਨਾ ਸੀ। ਉੱਪਰੋਂ ਦਾਦਾ ਲੱਕੜ ਦਾ ਵਪਾਰੀ ਸੀ। ਜਦ ਮੈਂ ਉਸਨੂੰ ਮਿਲਣ ਜਾਂਦਾ ਮੁੱਖ ਬੂਹੇ 'ਚੋਂ ਲੰਘਦਾ ਸੀ, ਆਲ਼ੇ ਦੁਆਲ਼ੇ ਫਰਨਾਹੀਆਂ ਲੱਕੜਾਂ ਤੇ ਮੋਛਾ ਪਾਉਂਦੀਆਂ ਸਨ; ਆਰੀਆਂ ਦੰਦਾਂ ਨਾਲ਼ ਕਾਠ ਕੱਟਦੀਆਂ। ਸੁਣਨ 'ਚ ਆਇਆ ਸੀ ਕਿ ਕਈ ਵਾਰ ਆਦਮੀ ਵੀ ਲੱਕੜਾਂ ਤੇ ਬੰਨ੍ਹ ਕੇ ਇੰਝ ਮਾਰੇ ਸਨ। ਐਪਰ ਮੈਂ ਇਸ ਬਿਜ਼ੀ ਥਾਈਂ ਲੰਘ ਕੇ ਪਿੱਛੇ ਚਲਿਆ ਜਾਂਦਾ, ਜਿੱਥੇ ਦਾਦੇ ਦਾ ਦਫ਼ਤਰ ਸੀ। ਇਸ ਦੇ ਦਰ ਪਹੁੰਚਣ ਤੋਂ ਪਹਿਲਾਂ ਉਸਦੇ ਚੌਕੀਦਾਰ ਮੇਰੀ ਤਲਾਸ਼ੀ ਲੈਂਦੇ ਸੀ, ਨਾਲ਼ੇ ਨਾਲ਼ ਮੇਰੇ ਤੇ ਹੱਸਦੇ ਸਨ। ਮੈਂ ਹਰ ਬੰਦੇ ਦਾ ਨਾਂ ਜਾਣਦਾ ਸੀ, ਆਰੀ ਵਾਲ਼ਿਆਂ ਅਤੇ ਚੌਕੀਦਾਰਾਂ ਦੇ ਵੀ। ਇਸ ਤੋਂ ਬਾਅਦ ਮੈਨੂੰ ਦਾਦੇ ਦੇ ਕਮਰੇ 'ਚ ਦਾਖਲ ਹੋਣ ਦਿੰਦੇ ਸੀ। ਇੱਥੇ ਮੁਹਰਲੇ ਕਾਰਖਾਨੇ ਦਾ ਅੜਾਟ ਨਹੀਂ ਸੁਣਦਾ ਸੀ ਕਿਉਂਕਿ ਸੀਡੀ ਪਲੇਅਰ ਬਹੁਤ ਉੱਚੀ ਲਾਇਆ ਹੁੰਦਾ ਸੀ। ਫਿਲਮੀ ਗੀਤ ਆਰੀਆਂ ਦੀ ਖੱਪ ਨੂੰ ਪੀ ਜਾਂਦੇ ਸੀ।ਚਾਰ ਕੁਰਸੀਆਂ ਸਨ, ਹਮੇਸ਼ਾ ਕੋਈ ਨਾ ਕੋਈ ਦਾਦੇ ਨੂੰ ਮਿਲਣ ਆਇਆ ਹੋਣ ਕਰਕੇ ਚਾਰ ਹੀ ਡਹੀਆਂ ਸਨ। ਇੱਕ ਕੰਧ ਤੇ ਲਕਸ਼ਮੀ ਦੀ ਤਸਵੀਰ ਸੀ।ਦੂਜੇ ਪਾਸੇ ਸ਼ਰਮੇ ਦੀ (ਹੁਣ ਤਾਂ ਉਹ ਦਾਦੇ ਦੇ ਕੰਟਰੋਲ'ਚ ਸੀ) ਤਸਵੀਰ ਸੀ।ਇਸ ਦੇ ਹੇਠ ਇੱਕ ਮੇਜ਼ ਸੀ ਜਿਸ ਉਪਰ ਅਸ਼ਲੀਲ ਸਾਹਿਤ ਦੇ ਪਰਚੇ ਸਨ। ਪਿੱਛਲੀ ਕੰਧ ਕੋਲ਼ ਦਾਦੇ ਦਾ ਟੇਬਲ ਸੀ। ਇਸ ਦੇ ਓਹਲੇ ਇੱਕ ਭਾਰਾ ਜਿਹਾ ਬੰਦਾ ਬਹਿ ਕੇ ਧਿਆਨ ਨਾਲ਼ ਸਭ ਤੇ ਅੱਖ ਰੱਖਦਾ ਸੀ। ਸਭ ਉਸਨੂੰ *ਦਾਦਾ ਜੀ* ਆਖਦੇ ਸੀ। ਮੈਂ ਉਸਨੂੰ ਪਰਣਾਮ ਕਰਦਾ ਸੀ। ਜਦ ਪਹਿਲਾਂ ਪਹਿਲਾਂ ਮੈਂ ਜੁਆਕ ਸੀ, ਮੈਨੂੰ ਖੜ੍ਹਨਾ ਪਿਆ। ਜਦ ਮੈਂ ਪੰਜ ਖ਼ੂਨ ਕਰ ਦਿੱਤੇ, ਜੂਆਖਾਨਾ ਚਲਾਇਆ ਅਤੇ ਤਸਕਰੀ ਕੀਤੀ, ਮੈਨੂੰ ਕੁਰਸੀ ਮਿਲਣ ਲੱਗ ਪਈ। ਇਸ਼ਾਰਾ ਮੇਰੇ ਵੱਲ ਕਰ ਕੇ ਬੈਠਣ ਵਾਲਿਆਂ ਨੂੰ ਇਸ਼ਾਰਾ ਕੀਤਾ ਮੇਰੇ ਲਈ ਉੱਠਣ।

ਮੈਂ ਬਹਿ ਗਿਆ।ਦਾਦੇ ਦਾ ਸਿਰ ਖਰਬੂਜੇ ਵਰਗਾ ਗੋਲ ਮੋਲ ਤਕਰੀਬਨ ਘੋਨ ਮੋਨ ਸੀ। ਮੱਥਾ ਚੌੜਾ, ਨੱਕ ਤਿੱਖਾ ਅਤੇ ਠੋਡੀ ਛੈਣੀ ਵਰਗੀ। ਕੰਨ ਸੀਸ ਨਾਲ਼ ਜੁੜੇ ਹੋਏ ਸਨ। ਡੇਲੇ ਮੇਰੇ ਮਨ ਵਿੱਚ ਗੱਡ ਗੱਡ ਕੇ ਝਾਕਦੇ ਸਨ।ਹਰ ਬੰਦੇ ਵੱਲ ਘੋਖਵੀਂ ਨਜ਼ਰ ਨਾਲ਼ ਝਾਕਦਾ ਸੀ। ਹਮੇਸ਼ਾ ਚਿੱਟਾ ਕੁੜਤਾ ਪਜਾਮਾ ਪਾਇਆ ਹੁੰਦਾ ਸੀ। ਮੱਥੇ ਤੋਂ ਗਰਮੀ ਵਿੱਚ ਪਸੀਨਾ ਮੁੱਖ ਤੇ ਟਪਕਦਾ ਸੀ। ਇਸ ਕਰਕੇ ਹੱਥ'ਚ ਰੁਮਾਲ ਰੱਖਿਆ ਹੁੰਦਾ ਸੀ। ਮੇਜ਼ ਤੇ ਦੋ ਬੰਦੇ ਪੱਖੇ ਝੱਲਦੇ ਸਨ; ਛੱਤ ਤੋਂ ਵੀ ਲਮਕਦਾ ਪੱਖਾ ਘੁੰਮਦਾ ਸੀ, ਜਿਵੇਂ ਹੈਲੀਕਾਪਟਰ ਦੇ ਬਲੇਡ ਗੇੜੇ ਦਿੰਦੇ ਹਨ। ਸੱਚ ਵਿੱਚ ਦਾਦਾ ਗੋਲ਼ ਗੱਪਾ ਸੀ, ਪਰ ਅਸੀਂ ਸਭ ਡਰਦੇ ਸੀ ਇਹ ਗੱਲ ਉਸਦੇ ਪਿੱਠ ਪਿੱਛੇ ਵੀ ਕਹਿਣ ਤੋਂ। ਦਾਦੇ ਦੇ ਦੁਸ਼ਮਣ ਉਸਨੂੰ ਠੁੱਲ੍ਹਾ ਠੱਗੀ ਸੱਦਦੇ ਸੀ। ਆਖਰੀ ਆਦਮੀ ਇਹ ਨਾਂ ਲੈ ਕੇ ਬੁਲਾਉਣ ਕਾਰਨ ਖੁਦ ਦਾਦੇ ਨੇ ਕੁੰਡੀ ਤੇ ਟੰਗਿਆ ਜਿਵੇਂ



ਕਸਾਬ ਮਾਸ ਟੰਗਦੈ। ਫਿਰ ਕਮਰ ਤੋਂ ਹਿੱਕ ਤੱਕ ਚੀਰ ਦਿੱਤਾ; ਢਿੱਡੋਂ ਸਭ ਕੁੱਝ ਬਾਹਰ ਖਿੱਚ ਕੇ ਮਾਰ ਦਿੱਤਾ। ਇਸੇ ਲਈ ਤਾਂ ਸਾਰੀ ਦੁਨੀਆ ਦਾਦੇ ਵਰਗੇ ਬੰਦਿਆਂ ਤੋਂ ਡਰਦੀ ਸੀ। ਮੈਂ ਵੀ ਡਰਦਾ ਸੀ। ਭਾਵੇਂ ਇਸ ਵੇਲੇ ਦਾਦੇ ਦੀ ਕੰਪਨੀ ਦਾ ਰੁਕਨ ਸੀ, ਜਦ ਮਰਜੀ ਮੈਨੂੰ ਵੀ ਮਾਰਵਾ ਸਕਦਾ ਸੀ। ਗੁੰਡਿਆਂ ਵਿੱਚ ਕਿੱਥੇ ਵਫ਼ਾਦਾਰੀ ਹੁੰਦੀ ਐ?

*ਠੀਕ ਠਾਕ ਏ ਮੇਰਾ ਬੱਚਾ?*, ਖਰ੍ਹਵੀਂ ਆਵਾਜ਼'ਚ ਮੈਨੂੰ ਆਖਿਆ। ਜਿੰਨੇ ਉਸ ਤੋਂ ਘੱਟ ਉਮਰ ਦੇ ਸੀ

ਉਨ੍ਹਾਂ ਨੂੰ

*ਮੇਰਾ ਬੱਚਾ * ਜਾਂ *ਮੇਰੀ ਬੱਚੀ *ਸੱਦਦਾ ਸੀ।

*ਜੀ ਹਜ਼ੂਰ*

*ਤੇਰੇ ਲਈ ਕੀ ਕਰ ਸਕਦਾ ਹਾਂ?

*ਮੇਰਾ ਇੱਕ ਵਿਚਾਰ ਸੁਣੋਗੇ?*

*ਬੋਲ*

*ਤੁਹਾਨੂੰ ਤਾਂ ਪਤਾ ਹੀ ਹੈ ਪੰਜਾਬ ਦਾ ਇੱਕ ਵੱਡਾ ਅਦਾਕਾਰ ਸੰਜੇ ਸੰਘੇੜਾ ਹੈ?*

*ਹੂੰ,

*ਉਂਝ ਮੁੰਬਈ ਰਹਿੰਦਾ ਏ, ਪਰ ਸਿਆਲ'ਚ ਉਸਦਾ ਟੱਬਰ ਰਣਜੀਤਪੁਰ ਠਹਿਰਦੈ। ਪੈਸੇ ਖ਼ੂਬ ਨੇ..ਚਾਰ ਨਿਆਣੇ ਹਨ। ਸਭ ਤੋਂ ਨਿੱਕਾ ਵੀਹ ਮਹੀਨਿਆਂ ਦਾ ਹੀ ਹੈ..ਸੋਚੋ ਜੇ ਹਵੇਲੀ ਚੋਂ ਕੱਢ ਕੇ ਲੈ ਜਾਈਏ...*

*ਮਾਫ ਕਰਨਾ ਦੇਵ, ਪਰ ਸੰਘੇੜੇ ਵਰਗੇ ਤਾਰੇ ਦੇ ਘਰ ਕੈਮਰੇ ਰੱਖੇ ਹੋਣਗੇ, ਰੱਖਿਅਕ ਰੱਖੇ ਹੋਣਗੇ..ਜਿਹੜਾ ਮਰਜੀ ਬੰਦਾ ਉਈਂ ਨ੍ਹੀਂ ਅੰਦਰ ਵੜਕੇ ਬੱਚੇ ਨੂੰ ਚੁੱਕ ਕੇ ਬਾਹਰ ਆ ਸਕਦੈ!*

*ਦਾਦਾ ਜੀ ਮੈਂ ਸਭ ਕਾਸੇ ਬਾਰੇ ਸੋਚ ਲਿਐ। ਘਰ ਦੀ ਆਇਆ ਮੈਂ ਖਰੀਦੀ ਹੋਈ ਹੈ।*

*ਕਿੰਝ?*,

*ਉਸ ਦਾ ਮੁੰਡਾ ਬੰਦੀਖਾਨੇ 'ਚ ਹੈ। ਮੈਂ ਵਚਨ ਦੇ ਦਿੱਤੈ ਕਿ ਅਸੀਂ ਉਸਨੂੰ ਜੇਲ੍ਹ 'ਚੋਂ ਕਢਵਾ ਦਿਆਂਗੇ।*

*ਅੱਛਾ, ਫਿਰ ਆਇਆ ਬੱਚੇ ਨੂੰ ਚੁੱਕੂਗੀ?*

*ਨਹੀਂ ਦਾਦਾ ਜੀ। ਤੁਸੀਂ ਮੈਨੂੰ ਦੋ ਆਦਮੀ ਦਿਓ। ਬੱਸ ਉਨ੍ਹਾਂ ਦਾ ਕੰਮ ਹੈ ਹਵੇਲੀ ਤੱਕ ਚੁੱਪ-ਚਪੀਤੇ ਪੁੱਜਣ, ਤੇ ਬਾਰੀ ਵਿੱਚੋਂ ਉਸ ਨੇ ਉਨ੍ਹਾਂ ਨੂੰ ਫੜਾ ਦੇਣਾ ਹੈ।ਫਿਰ ਅਸੀਂ ਫਿਰੌਤੀ ਮੰਗ ਲਵਾਂਗੇ*

*ਤੂੰ ਕਿਉਂ ਨ੍ਹੀਂ ਕਰਦਾ ਮੇਰੇ ਬੱਚਿਆ?*

*ਦਾਦਾ ਜੀ ਤੁਹਾਡੀ ਆਸ਼ੀਰਵਾਦ ਬਿਨਾ ਕਿੰਝ ਕੰਮ ਕਰਾਂ? ਤੁਹਾਨੂੰ ਵੀ ਇਸ 'ਚੋਂ ਕੁਝ ਮਿਲਣਾ ਚਾਹੀਦੈ।*

*ਹੂੰ। ਠੀਕ ਏ। ਇਹ ਕੰਮ ਤੇਰੇ ਲਈ ਹੋਜਾਵੇਗਾ। ਬੱਸ ਮੇਰੀ ਢੇਰੀ ਪੂਰੀ ਕਰਨੀ ਏ। ਮੈਂ ਤੇਰਾ ਕੰਮ ਕਰਵਾ ਦੇਣੈ। ਤੂੰ ਵੀ ਮੇਰੇ ਲਈ ਇੱਕ ਚੀਜ ਕਰ।*
*ਦੱਸੋ?

*ਇੱਕ ਕੀੜਾ ਮੇਰਾ ਸਿਰ ਖਾਂਦਾ ਏ। ਪਰ ਉਸਨੂੰ ਸਿੱਧੀ ਤਰਾਂ ਨ੍ਹੀਂ ਹੱਥ ਲਾ ਸਕਦਾ।*

*ਕੌਣ?*

*ਹਰਾਮਜਾਦਾ ਨਦੀਮ ਕੁਰੇਸ਼ੀ...ਕਿਸੇ ਦੇ ਹੱਥਾਂ ਵਲ ਝਾਕਦਾ ਨ੍ਹੀਂ। ਤੇਰਾ ਕੰਮ ਹੈ ਬੱਸ ਚੁਣਨੀ ਯੂ.ਪੀ 'ਚੋਂ ਜਿਸ ਵਿੱਚ ਹਿੰਦੂ ਆ ਕੇ ਕੁਰੇਸ਼ੀ ਦੇ ਮੁਸਲਮਾਨ ਇਲਾਕੇ 'ਚ ਭਾਂਬੜ ਬਾਲਣਗੇ। ਇਸ ਵਿੱਚ ਕੁਰੇਸ਼ੀ ਮਾਰ ਦੇਣੈ। ਸ਼ਰਮੇ ਨੂੰ ਤੂੰ ਇਸ ਕੰਮ ਲਈ ਵਰਤ ਸਕਦਾ ਏਂ। ਸ਼ਰਮੇ ਦੇ ਦੋ ਕੰਮ ਹੈ। ਪਹਿਲਾ ਕੰਮ ਹੈ ਲੋਕਾਂ ਦੇ ਕਾਲਿਆਂ ਮਨਾ ਦਾ ਫਾਇਦਾ ਉਠਾਉਣ। ਜਾਤ ਪਾਤ, ਦੀਨ ਧਰਮ ਦੀ ਲੜਾਈ ਕਰਾਉਣੀ ਹੈ। ਦੂਜਾ ਉਸਦੇ ਸੜਕ'ਤੇ ਆਦਮੀ ਚਾਹੀਦੇ ਨੇ ਸਾਡੇ ਗੁੰਡਿਆਂ ਰਹਿਣ ਅਤੇ ਹਰ ਮੁਸਲਮਾਨ ਘਰ ਵੱਲ ਉਂਗਲੀ ਵੱਧਾਉਣ। ਅਸੀਂ ਇੱਕ ਬਾਰ ਪਹਿਲਾਂ ਵੀ ਐਸੇ ਕੀਤਾ ਸੀ ਸਿੱਖਾਂ ਨਾਲ਼। ਸਾਡੇ ਦੇਸ਼ ਦੇ ਲੋਕ ਭੋਲੇ ਹੀ ਨੇ। ਧਰਮ ਦੀਆਂ ਗੱਲਾਂ ਹਮੇਸ਼ਾ ਸੁੱਧ ਸਮਝ ਨਾਲ ਕਾਮਯਾਬ ਹੁੰਦੀਆਂ ਨੇ।ਬਹੁਤ ਲੋਕ ਮਰਨਗੇ, ਪਰ ਉਨ੍ਹਾਂ ਦੀ ਗਿਣਤੀ ਵਿੱਚ ਨਦੀਮ ਕੁਰੇਸ਼ੀ ਵੀ ਹੋਊਗਾ।*

*ਦਾਦਾ ਜੀ ਇਹ ਕੰਮ ਤਾਂ ਮੈਂ ਤੁਹਾਡੇ ਲਈ ਬਚਪਨ ਤੋਂ ਕਰਦਾ ਆਇਆ ਹਾਂ। ਨੋ ਪਰੋਬਲੇਮ।

ਆਹੋ, ਇੰਡੀਆ ਦੇ ਲੋਕਾਂ 'ਚ ਜਾਤ ਪਾਤ ਜਾਂ ਧਰਮ ਦੇ ਉੱਤੇ ਲੜਾਉਣਾ ਸੌਖਾ ਸੀ। ਪਰ ਬੱਚੇ ਚੁੱਕਣ ਦਾ ਕੰਮ ਜ਼ਰਾ ਮੁਸ਼ਕਲ ਸੀ। ਮੈਂ ਹੀ ਕਰਨਾ ਸੀ। ਜਿਸਨੂੰ ਦਾਦੇ ਨੇ ਭੇਜਿਆ ਸੀ, ਉਸ ਨੇ ਘਰ ਦੀ ਬਾਰੀ ਨਾਲ਼ ਸੀੜ੍ਹੀ ਲਾਈ। ਉਸਨੂੰ ਬੱਚਾ ਫੜਾ ਦਿੱਤਾ। ਪਰ ਹੇਠ ਆਉਂਦੇ ਤੋਂ ਬੱਚਾ ਥੱਲੇ ਗਿਰ ਕੇ ਮਰ ਗਿਆ। ਉਸਨੇ ਹਵੇਲੀ ਦੇ ਨੇੜੇ ਤੇੜੇ ਹੀ ਬਾਲ ਦੀ ਲਾਸ਼ ਛੱਡ ਦਿੱਤੀ ਸੀ। ਸੰਘੇੜੇ ਦੇ ਬਾਲ ਦੀ ਤਫਤੀਸ਼ ਸ਼ੁਰੂ ਹੋ ਗਈ। ਕਈ ਸਾਲ ਲਈ ਚਲੀ। ਪਹਿਲਾ ਆਇਆ ਤੇ ਸ਼ੱਕ ਸੀ, ਪਰ ਸਬੂਤ ਨਹੀਂ ਸੀਗਾ। ਕਾਹਲੀ ਵਿੱਚ ਦਾਦੇ ਦੇ ਆਦਮੀਆਂ ਨੇ ਜੀਨਾ ਉੱਥੇ ਹੀ ਛੱਡ ਦਿੱਤਾ ਸੀ। ਆਇਆ ਡਰਦੀ ਨੇ ਖੁਦਕੁਸ਼ੀ ਕਰ ਲਈ। ਦਾਦਾ ਮੇਰੇ ਨਾਲ਼ ਗੁੱਸੇ ਸੀਗਾ। ਉਸਨੂੰ ਇਸ'ਚੋਂ ਪੈਸੇ ਚਾਹੀਦੇ ਸੀ। ਸੰਚਾਰ ਮਾਧਿਅਮ ਤੋਂ ਸਾਫ ਪਤਾ ਲੱਗਦਾ ਸੀ ਕਿ ਹਾਲੇ ਸਭ ਨੂੰ ਲੱਗਦਾ ਕਿ ਸੰਘੇੜੇ ਦਾ ਬਾਲ ਜਿਊਂਦਾ ਸੀ। ਇਸ ਦਾ



ਫਾਇਦਾ ਦਾਦੇ ਨੇ ਉਠਾਇਆ। ਸੰਘੇੜੇ ਨੂੰ ਖ਼ਤ ਲਿਖਿਆ ਗਿਆ ਜਿਸਦੀ ਸੂਹ ਕੱਢਣੀ ਪੁਲ਼ਸ ਲਈ ਔਖੀ ਸੀ।ਇਸ ਵਿੱਚ ਗੋਗੀ ਨਾਂ ਦਾ ਦਲਾਲ ਥਾਪਿਆ ਗਿਆ ਸੀ। ਸਾਰੀ ਫਿਰੌਤੀ ਇਸ ਰਾਹ ਹੀ ਜਾ ਸਕਦੀ ਸੀ। ਪੁਲ਼ਸ ਦਾ ਕੋਈ ਸਬੰਧ ਨਹੀਂ ਹੋ ਸਕਦਾ ਸੀ। ਇਹ ਚਾਲਾਂ ਨੂੰ ਵਰਤੀ ਗਏ। ਗੋਗੀ ਨੇ ਪੁਲ਼ਸ ਤੇ ਸੰਘੇੜੇ ਨੂੰ ਇੰਨਾ ਦੱਸਿਆ ਕਿ ਜਿਹੜੇ ਬੰਦੇ ਨਾਲ਼ ਉਹ ਗੱਲ ਬਾਤ ਕਰਦਾ ਸੀ ਮਦਰਾਸੀ ਸੀ। ਇੱਕ ਦਿਨ ਕਬਰਸਤਾਨ'ਚ ਜਾ ਕੇ ਪੈਸਿਆਂ ਦਾ ਝੋਲ਼ਾ ਗੋਗੀ ਨੇ ਫੜਾ ਦਿੱਤਾ। ਇਸ ਵਿੱਚ ਪੁਲ਼ਸ ਨੇ ਬਿੰਦੀਦਾਰ ਰੁਪਏ ਪਾਏ ਹੋਏ ਸੀ। ਬਾਲ ਚੋਰਾਂ ਨੂੰ 20 ਲੱਖ ਮਿਲ ਗਿਆ, ਪਰ ਜਦ ਗੋਗੀ ਤੇ ਸੰਘੇੜੇ ਨੇ ਨਵਾਂ ਖ਼ਤ ਪੜ੍ਹਿਆ, ਬੱਚੇ ਦਾ ਥਹੁ ਟਿਕਾਣਾ ਗ਼ਲਤ ਦਿੱਤਾ ਸੀ। ਬਾਲ ਕਦੀ ਨਹੀਂ ਮਿਲਿਆ। ਇੱਕ ਦਿਨ ਦਾਦੇ ਨੇ ਮੈਨੂੰ ਲਫ਼ਾਫ਼ਾ ਦਿੱਤਾ ਸੀ, ਜਿਸ ਵਿੱਚ 2 ਲੱਖ ਸੀ। ਮੈਂ ਸਮਝ ਗਿਆ ਕਿ ਇਹ ਬੱਚਾ ਚੋਰੀ ਕਰਨ ਲਈ ਭੁਗਤਾਨ ਸੀ। ਪਰ ਇਸ ਕਹਾਣੀ ਦਾ ਨਤੀਜਾ ਹਾਲੇ ਦੱਸਣ ਵਾਲ਼ਾ ਹੈ।ਤਿਚਰ ਨਦੀਮ ਕੁਰੇਸ਼ੀ ਨੂੰ ਮਰਵਾ ਦਿੱਤਾ ਸੀ। ਇਸ ਸੰਕੀਰਨ ਦੁਫੇੜ ਤਰੀਕੇ ਨਾਲ਼ ਕਈ ਲੋਕ ਮਰਵਾਏ। ਸਾਡੇ ਮੁਲਕ ਦੇ ਵਾਸੀ ਉਦੋਂ ਹੀ ਖ਼ੁਸ਼ ਹੈ ਜਦ ਆਵਦੇ ਗੁਆਂਢੀ ਨੂੰ ਵੱਢਦੇ ਨੇ। ਸਾਡਾ ਦੇਸ਼ ਅਨਮਤੀਆ ਨੂੰ ਜਰਦਾ ਨਹੀਂ। ਜੇ ਇਨਸਾਨੀਅਤ ਭਾਲਣੀ ਹੈ, ਇਸ ਦੇਸ਼'ਚ ਨਹੀਂ ਮਿਲਣੀ। ਸਭ ਕਮਲ਼ੇ ਹਨ। ਤਾਹੀਂ ਤਾਂ ਬਾਹਰਲੇ ਸਾਡੇ ਤੇ ਰਾਜ ਕਰ ਗਏ। ਯੂਰੋਪ ਜਾਂ ਅਮਰੀਕਾ ਵਿੱਚ ਇਨਸਾਨੀਅਤ ਹੈ, ਪਰ ਸਾਡੇ ਰਾਅ ਦੇਸ਼ 'ਚ ਧਰਮ, ਗੁਰੂ, ਪੀਰ ਅਤੇ ਰਿਸ਼ੀ ਹੀ ਨੇ। ਧਰਮ ਸ਼ਰਮਾ ਵੀ ਜਾਣਦਾ ਸੀ। ਉਸਨੇ ਸਾਡੇ ਲਈ ਕੰਮ ਕੀਤੇ ਅਤੇ ਅਸੀਂ ਉਸ ਲਈ ਕੁਰਸੀ ਲੈਣ ਸੌਖਾ ਕਰ ਦਿੱਤਾ, ਜਨਤਾ 'ਚ ਅੱਗ ਲਾ ਕੇ।

ਮੁਲਕ ਦੇ ਅਲਪ ਸੰਖਿਆ ਲੋਕ, ਜਿੰਨ੍ਹਾਂ'ਚ ਸਿੱਖ, ਮੁਸਲਿਮ ਜਾਂ ਇਸਾਈ ਗਿਣੇ ਜਾਂਦੇ ਹਨ ਨੂੰ ਉਜਾੜਨਾ ਸੌਖਾ ਹੈ। ਬਸ ਇਨ੍ਹਾਂ ਕੰਮਾਂ 'ਚ ਮੈਂ ਰੁੱਝਿਆ ਸੀ ਜਾਂ ਨੌਜਵਾਨਾਂ ਨੂੰ ਵੀਜ਼ਾ ਤੇ ਪਾਸਪੋਰਟ ਦਵਾਉਣ 'ਚ। ਇਸਦੇ ਬਾਰੇ ਵੀ ਮੈਂ ਤੈਨੂੰ ਕੁੱਝ ਦੱਸਦਾ ਹਾਂ। ਫਿਰ ਸੰਘੇੜੇ ਦੀ ਕਹਾਣੀ ਤੇ ਵਾਪਸ ਆਵਾਂਗੇ।ਸਾਡੇ ਪੰਜਾਬੀਆਂ ਵਿੱਚ ਇੱਕ ਰੋਗ ਹੈ। ਕੋਈ ਖ਼ੁਸ਼ ਨਹੀਂ ਹੈ ਘਰ ਟਿਕ ਕੇ ਬੈਠ ਕੇ। ਸਭ ਨੂੰ ਕਾਹਲ਼ ਪਈ ਹੈ ਬਾਹਰ ਵਿਦੇਸਾਂ 'ਚ ਜਾਣ ਨੂੰ। ਪਰ ਜਹਾਜ਼ ਚੜ੍ਹਨ ਲਈ ਬਹੁਤ ਪੈਸੇ ਚਾਹੀਦੇ ਹੈ, ਜਿਹੜੇ ਆਮ ਆਦਮੀ ਕੋਲ਼ ਨਹੀਂ ਹੁੰਦੇ ਨਹੀਂ ਹਨ। ਰਾਹਦਾਰੀ ਪੂਰੀ ਕਰਨ ਲਈ ਟਿਕਟ ਵੀ ਚਾਹੀਦੈ, ਵੀਜ਼ਾ ਆਦਿ ਵੀ। ਹਰ ਬੰਦੇ ਦੀ ਪੱਛਮ ਵੱਲ ਨੱਠ ਭੱਜ ਕਰਕੇ ਹਜ਼ਾਰ ਸੁਆਲ ਪੁੱਛਦੇ ਨੇ। ਇੱਕ ਚੀਜ਼ ਵੀ ਗ਼ਲਤ ਹੋ ਜਾਵੇ ਤਾਂ ਰਾਹਦਾਰੀ ਮਿਲਦੀ ਨਹੀਂ। ਪਰ ਇਹ ਰੋਗ ਸਾਡੇ ਲੋਕਾਂ'ਚ ਹੈ ਕਿਉਂ? ਜਿੰਨਾ ਕੁ ਮੇਰੇ ਪੱਲੇ ਪੈਂਦੈ ਸਾਡੇ ਲੋਕਾਂ 'ਚ ਕਸਰ ਪੈ ਗਈ ਜਦ ਬਾਹਰਲਿਆਂ ਨੇ ਧਾਵਾ ਕੀਤਾ। ਉਸ ਤੋਂ ਬਾਅਦ ਲੋਕਾਂ ਦੇ ਦਿਮਾਗਾਂ'ਚ ਕੀੜੀ ਫਸਾ ਦਿੱਤੀ ਕਿ ਬਾਹਰਲੇ ਰਸਮ, ਭਾਸ਼ਾਵਾਂ ਆਦਿ

ਸਾਡੀਆਂ ਆਪਣੀਆਂ ਤੋਂ ਬਿਹਤਰ ਹਨ। ਇੱਥੋਂ ਬਿਮਾਰੀ ਸ਼ੁਰੂ ਹੋ ਗਈ। ਹੁਣ ਜਿਹੜੇ ਬਾਹਰ ਗਏ ਸਨ ਵਾਊਚਰ ਤੇ ਜਾਂ ਚੁਰਾਸੀ ਦੇ ਘੱਲੂਘਾਰੇ ਬਾਅਦ, ਕਾਮਯਾਬ ਹੋ ਗਏ; ਤੇ ਇੰਨ੍ਹਾਂ 'ਚੋਂ ਕੁਝ ਆਵਾਸੀ ਪੰਜਾਬ ਵਾਪਸ ਆ ਕੇ ਵੱਡੇ ਵੱਡੇ ਧੌਲਰ ਬਣਾਉਣ ਲੱਗ ਪਏ। ਇਹ ਧੌਲਰ ਹਵੇਲੀਆਂ ਸਿਰਫ ਛੁੱਟੀਆਂ ਕਰਨ ਲਈ ਸਨ। ਸਾਰਾ ਸਾਲ ਵਿਦੇਸ਼ ਹੀ ਰਹਿੰਦੇ ਸਨ। ਆਮ ਪਿੰਡ ਦੇ ਲੋਕ ਅੱਖਾਂ ਅੱਡ ਕੇ ਇਮਾਰਤ ਵੱਲ ਝਾਕ ਕੇ ਸੋਚਦੇ ਹਨ, ਜਿਹੜਾ ਆਦਮੀ ਇੰਨੀ ਮਹਿੰਗੀ ਚੀਜ਼ ਬਣਾ ਸਕਦਾ ਐ, ਜਰੂਰ ਅਮੀਰ ਹੋਵੇਗਾ। ਪਰ ਬਾਅਦ ਉਸ ਮੁਲਕਾਂ 'ਚ ਜਾ ਕੇ ਮੈਨੂੰ ਸਮਝ ਆ ਗਈ ਕਿ ਇੰਗਲੈਂਡ ਦਾ ਗਰੀਬ ਬੰਦਾ ਵੀ ਪੰਜਾਬ ਵਿੱਚ ਹਵੇਲੀ ਉਸਾਰ ਸਕਦਾ ਹੈ। ਇਹ ਤਾਂ ਕੇਵਲ ਪੈਸਿਆਂ ਦੇ ਭਾਅ ਕਰਕੇ ਹੀ ਸੀ। ਹਾਂ, ਪੈਸਿਆਂ ਦੇ ਭਾਅ ਨੇ ਅਤੇ ਪੰਜਾਬੀਆਂ ਦੀ ਜਮਾਂਦਰੂ ਲਾਲਚੀ ਸੋਚ ਨੇ ਕਈ ਘਰ ਖਰਾਬ ਕੀਤੇ ਨੇ। ਮੈਂ ਵੀ ਇਸ ਕੰਮ 'ਚ ਮੱਦਦ ਕੀਤੀ। ਕਿੰਝ? ਜਦ ਵੀ ਕੋਈ ਗਰੀਬ ਜਿਸ ਨੂੰ ਸਾਡੇ ਦੇਸ਼ ਵਿੱਚ ਨੌਕਰੀ ਨਾ ਮਿਲਦੀ ਜਾਂ ਪੱਛਮ ਇੱਕ ਸ਼ਰਨ ਦਿਸਦੀ ਮੇਰੇ ਕੋਲ਼ ਆਉਂਦਾ, ਉਸ ਤੋਂ ਪਾਸਪੋਰਟ ਜਾਂ ਵੀਜ਼ੇ ਜਾਂ ਰਾਹਦਾਰੀ ਲਈ ਖੂਬ ਪੈਸੇ ਬਣਾ ਕੇ ਦਵਾ ਦਿੰਦਾ ਸੀ। ਭਾਵੇਂ ਹੱਥ ਤੰਗ ਹੋਣ, ਵਿਚਾਰੇ ਫਿਰ ਵੀ ਸਾਨੂੰ ਪੈਸੇ ਦੇ ਦਿੰਦੇ ਸੀ। ਕਾਲ਼ੇ ਧਨ 'ਚੋਂ ਦਾਦੇ ਨੂੰ ਵੱਡਾ ਹਿੱਸਾ ਮਿਲ ਜਾਂਦਾ ਸੀ। ਚੱਕਰ ਐਸਾ ਸੀ ਕਿ ਕਈ ਵਾਰੀ ਦਾਦਾ ਹੀ ਸ਼ਾਹੂਕਾਰ ਹੁੰਦਾ ਸੀ, ਜਿਸ ਨੇ ਵਿਆਜ ਲਾ ਦੇਣਾ ਸੀ। ਉਸ ਕਰਜ਼ 'ਚੋਂ ਪੈਸੇ ਮੈਨੂੰ ਦੇਣੇ ਹੁੰਦੇ ਸੀ। ਸੋ ਲੁੱਟਦੇ ਵੀ ਅਸੀਂ ਹੀ ਸੀ ਦੋਨਾਂ ਪਾਸਿਆਂ ਤੋਂ, ਪੈਸੇ ਦੇ ਕੇ ਤੇ ਫਿਰ ਲੈ ਕੇ। ਜੇ ਸੂਦ ਨਹੀਂ ਵੀ ਮਿਲਦਾ, ਲੋਕਾਂ ਨੇ ਰਿਸਤੇਦਾਰਾਂ ਤੋਂ ਉਧਾਰ ਲੈ ਲੈਣਾ ਹੁੰਦਾ ਸੀ, ਜਾਂ ਘਰ ਦੇ ਗਹਿਣ-ਗੱਟੇ ਵੇਚਕੇ।

ਦਾਦੇ ਦੀ ਇੱਕ ਕੰਪਨੀ ਸੈਟ ਕੀਤੀ ਸੀ ਜਿਸ ਰਾਹ ਅਸੀਂ ਤਿੰਨ ਤਰੀਕਿਆਂ ਨਾ਼ਲ ਲੋਕਾਂ ਨੂੰ ਬਾਹਰ ਭੇਜਦੇ ਸੀ। ਇੱਕ ਸੀ ਨਕਲੀ ਪਾਠਕ ਵੀਜ਼ਾ, ਦੂਜਾ ਕਾਲੇ ਸਮੁੰਦਰ ਦੇ ਰਾਹ (ਰੂਸ ਦੀ ਮਾਫੀਆ ਦੀ ਮਦਦ ਨਾ਼ਲ) ਅਤੇ ਤੀਜਾ ਸੀ ਝੂਠਾ ਵਿਆਹ ਕਰਵਾ ਕੇ। ਘਰ ਵਾਲ਼ਿਆ ਨੂੰ ਵਾਪਸ ਚਿੱਠੀਆਂ ਆਉਂਦੀਆਂ ਸਨ, ਜਿਸ ਵਿੱਚ ਲਿਖਿਆ ਹੁੰਦਾ ਸੀ ਕਿ ਸਭ ਕੁਝ ਠੀਕ ਹੈ, ਸਾਰੇ ਕਾਮਯਾਬ ਨੇ। ਪੈਸੇ ਵੀ ਵਾਪਸ ਭੇਜਦੇ ਸੀ ਗਹਿਣੇ ਛਡਵਾਉਣ ਲਈ ਅਤੇ ਘਰ ਨੂੰ ਤੋਰਨ ਲਈ। ਪਰ ਸੱਚ ਹੋਰ ਹੀ ਸੀ, ਇਸ ਬਾਰੇ ਬਾਅਦ 'ਚ ਦੱਸਦਾਂ ਤੈਨੂੰ। ਜੇ ਪੰਜਾਬੀਆਂ ਨੂੰ ਸੱਚ ਵੀ ਦੱਸੀਏ, ਮੰਨਣਾ ਕਿੰਨ੍ਹੇ ਹੈ? ਪੰਜਾਬ ਆ ਕੇ ਆਪਨੂੰ ਵੱਡਾ ਕਾਰੋਬਾਰ ਵਾਲ਼ਾ ਦਿਖਾਉਣਾ। ਸੱਚ ਵਿੱਚ ਵਲਾਇਤ 'ਚ ਹੀਣੇ ਕੰਮ ਕਰਦੇ ਨੇ ਕਿਉਂਕਿ ਮਸਾਂ ਕਿਤੇ ਸੜਕਾਂ ਤੇ ਰਹਿਣ ਤੋਂ ਬਚਦੇ ਨੇ। ਸੱਚ ਹੈ ਤਾਂ ਇਹ ਹੈ ਕਿ ਵਲਾਇਤਾਂ 'ਚ ਤਾਂ ਗੋਰਿਆਂ ਨੂੰ ਵੀ ਰੋਟੀ ਨਹੀਂ ਮਿਲ ਰਹੀ, ਪਰਵਾਸੀਆਂ ਨੂੰ ਕੌਣ ਪੁੱਛਦੈ? ਜਦ ਮੈਂ ਵਲਾਇਤ ਦੇ ਸੁਪਨੇ ਲੈਣ ਵਾਲ਼ਿਆਂ ਨੂੰ ਮਾਂਜਦਾ ਨਹੀਂ ਕਰਦਾ ਸੀ, ਲੋਕਾਂ



ਦੀਆਂ ਧੀਆਂ ਵੇਚਦਾ ਸੀ ਰਣਜੀਤਪੁਰ ਦੇ ਵੱਡੇ ਵੱਡੇ ਲੋਕਾਂ ਨੂੰ। ਆਏ ਲਵ ਮਾਏ ਇੰਡੀਆ! ਦਾਦੇ ਦੇ ਚਾਰ ਖਾਸ ਦਲਾਲ ਰੱਖੇ ਸਨ। ਇੱਕ ਜਿਸ ਨਾ਼ਲ ਮੈਂ ਰੋਜ ਕੰਮ ਕਰਦਾ ਸੀ, ਸਰਦਾਰ ਸੀ। ਘਰ ਧੀਆਂ ਸਨ; ਨਿੱਤ ਗੁਰਦਆਰੇ ਜਾਂਦਾ ਸੀ। ਸਕੂਲਾਂ ਨੂੰ ਖੈਰਾਤ ਦਿੰਦਾ ਸੀ। ਸ਼ਰਮੇ ਦੀ ਮਦਦ ਨਾ਼ਲ ਨਗਰ ਵਿੱਚ ਵੱਡਾ ਪਤਵੰਤਾ ਬਣਿਆ ਹੋਇਆ ਸੀ। ਪਰ ਜਦ ਦਿਨ ਸੌਂਦਾ ਸੀ ਤੇ ਰਾਤ ਜਾਗਦੀ ਉਹ ਦਲਾਲ ਹੁੰਦਾ ਸੀ। ਜਦ ਵੀ ਮੇਰੇ ਗਾਹਕਾਂ ਨੂੰ ਕੋਈ ਮੁਟਿਆਰ ਚਾਹੀਦੀ ਹੁੰਦੀ ਸੀ ਹਵਸ ਕੱਢਣ ਲਈ, ਮੈਂ ਉਨ੍ਹਾਂ ਨੂੰ ਸੈਕਟਰ ਗਿਆਰਾਂ ਦੇ ਕੈਫੇ ਮਹੱਲੇ 'ਚ ਲਿਆ ਬੈਠਾ ਦਿੰਦਾ ਸੀ। ਸੜਕ ਦੇ ਦੂਜੇ ਪਾਸੇ ਸਰਦਾਰ ਆਵਦੇ ਵੈਸਪਰ ਸਕੂਟਰ ਤੇ ਆ ਜਾਂਦਾ ਸੀ, ਉਸਦੇ ਪਿੱਛੇ ਕੁੜੀ ਬੈਠੀ ਹੁੰਦੀ। ਜੇ ਗਾਹਕਾਂ ਨੂੰ ਮਾਲ ਪਸੰਦ ਆਉਂਦਾ, ਮੈਂ ਉਸਨੂੰ ਇਸ਼ਾਰਾ ਕਰ ਦਿੰਦਾ ਸੀ। ਜੇ ਗੱਲ ਨਾ ਬਣਦੀ ਸਕੂਟਰ ਚਲਾ ਕੇ ਹੋਰ ਕੁੜੀ ਸਾਹਮਣੇ ਲਿਆਉਂਦਾ ਸੀ। ਜੇ ਮਾਲ ਪਸੰਦ ਆ ਜਾਂਦਾ ਸੀ ਤਾਂ ਇੱਕ ਇੰਤਜ਼ਾਮ ਕੀਤੇ ਹੋਏ ਥਾਂ ਛੱਡ ਦਿੰਦਾ ਸੀ। ਜਿਹੜੇ ਗਾਹਕ ਸਮਾਜ ਤੋਂ ਡਰਦੇ ਨਹੀਂ ਸਨ, ਉਨ੍ਹਾਂ ਨੂੰ ਮੈਂ ਅੱਡੇ ਲੈ ਜਾਂਦਾ ਸੀ। ਸੋ ਇਸ ਤਰਾਂ ਦੇ ਕੰਮ ਮੈਂ ਕਰੀ ਗਿਆ, ਤੇ ਸੰਘੇੜੇ ਦੇ ਬਾਲ ਦੀ ਤਲਾਸ਼ੀ ਹੋਈ ਗਈ।

ਧਰਮ ਸ਼ਰਮਾ ਹੁਣ ਦਿੱਲੀ 'ਚ ਵੱਡਾ ਬੰਦਾ ਸੀ। ਦਾਦੇ ਨੇ ਇਸ ਦਾ ਬਹੁਤ ਫਾਇਦਾ ਲਿਆ। ਬਿੰਦੇ ਨੂੰ ਵੀ ਉਸਦੀ ਪਾਰਟੀ 'ਚ ਸ਼ਾਮਲ ਕਰਵਾ ਦਿੱਤਾ। ਇਸ ਵੇਲੇ ਸੁੱਖੀ ਦਾ ਵਿਆਹ ਹੋਣਾ ਸੀ। ਪਰ ਮੈਂ ਨਹੀਂ ਹਟ ਸਕਿਆ। ਇਸ ਦਾ ਤਾਂ ਤੁਹਾਨੂੰ ਪਤਾ ਹੀ ਹੈ। ਪਹਿਲਾ ਤਾਂ ਬਿੰਦਾ ਡਰੇ ਕਿਉਂਕਿ ਮੈਨੂੰ ਉਸ ਦੇ ਦਸ ਨੰਬਰੀ ਬਾਰੇ ਪਤਾ ਸੀ। ਫਿਰ ਉਸ ਨੇ ਸੋਚਿਆ ਕਿ ਸ਼ਰਮੇ ਤੇ ਦਾਦੇ ਦਾ ਜੋਰ ਉਸਦੇ ਪਿੱਛੇ ਹੈ। ਪਰ ਛੇਤੀ ਸਮਝ ਗਿਆ ਅੱਜ ਕੱਲ੍ਹ ਮੈਂ ਵੀ ਤਾਕਤ ਵਾਲ਼ਾ ਸੀ। ਬਿੰਦੇ ਨੇ ਦਾਦੇ ਦੇ ਤਰਲੇ ਕੀਤੇ। ਦਾਦੇ ਨੇ ਗੁੱਸੇ ਵਿੱਚ ਮੈਨੂੰ ਮਰਵਾਇਆ ਨਹੀਂ ਪਰ ਕੁੱਟਿਆ। ਫਿਰ ਬਿੰਦੇ ਨੂੰ ਹੁਕਮ ਕੀਤਾ ਮੇਰਾ ਵਿਆਹ ਸੁੱਖੀ ਨਾ਼ਲ ਕਰਵਾਏ। ਇਸ ਵਿੱਚ ਬਿੰਦਾ ਖ਼ੁਸ਼ ਨਹੀਂ ਸੀ। ਅੱਜ-ਕੱਲ੍ਹ ਮੈਂ ਦਾਦੇ ਦਾ ਖਾਸ ਬੰਦਾ ਸੀ, ਨਾ ਕੇ ਬਿੰਦਾ। ਫਿਰ ਸ਼ਰਮੇ ਦੇ ਰਾਹੀਂ ਕਲਮ ਚਲਾਈ। ਫਿਰ ਵੀ ਬਿੰਦਾ ਖ਼ੁਸ਼ ਨਹੀਂ ਸੀ। ਰੂਪ ਬਦਲਾ ਚਾਹੁੰਦੀ ਸੀ। ਕਰਨ ਵੀ ਸਹਿਮਤ ਸੀ। ਇਸ ਲਈ ਖਰੀਦੇ ਪੁ਼ਲਸੀਏ ਨੇ ਮੈਨੂੰ ਗ੍ਰਿਫ਼ਤਾਰ ਕਰ ਲਿਆ। ਦਾਦਾ ਖ਼ੁਸ਼ ਨਹੀਂ ਸੀ। ਸ਼ਰਮੇ ਨੇ ਬਿੰਦੇ ਨੂੰ ਦਿੱਲੀ ਸੱਦ ਲਿਆ। ਕਰਨ ਵੀ ਨਾ਼ਲ ਚਲਿਆ ਗਿਆ। ਉਸ ਰਾਤ ਮੈਂ ਤਾਂ ਕੈਦ ਸੀ, ਪਰ ਕਿਸੇ ਨੇ ਬਿੰਦੇ ਦੇ ਘਰ ਜਾ ਕੇ ਰੂਪ ਤੇ ਸੁੱਖੀ ਨੂੰ ਮਾਰ ਦਿੱਤਾ। ਵੈਸੇ ਬਿੰਦੇ ਨੂੰ ਪਤਾ ਸੀ ਕਿ ਇਹ ਦਾਦੇ ਦਾ ਕੰਮ ਹੀ ਹੋ ਸਕਦਾ ਸੀ। ਉਸਨੇ ਪੁ਼ਲਸ ਨੂੰ ਬਿਆਨ ਦੇਣ ਦੀ ਕੋਸ਼ਿਸ਼ ਕੀਤੀ। ਪਰ ਉਹ ਤਾਂ ਦਿੱਲੀ ਸੀ, ਜਿੱਥੇ ਸ਼ਰਮੇ ਦੀਆਂ ਉਂਗਲ਼ੀਆਂ ਚੱਲਦੀਆਂ ਸਨ। ਕਿਸੇ ਨੇ ਉਸਨੂੰ ਅਤੇ ਕਰਨ ਨੂੰ ਖਤਮ ਕਰ ਦਿੱਤਾ, ਸੜਕ ਹਾਦਸੇ ਵਿੱਚ। ਫਿਰ ਮੈਨੂੰ ਛੱਡ

ਦਿੱਤਾ ਗਿਆ। ਦਾਦੇ ਨੇ ਮੈਨੂੰ ਝਾੜਿਆ, ਹੁਣ ਮੈਂ ਪੱਕਾ ਗੁੰਡਾ ਸੀ, ਦਾਦੇ ਦਾ ਲਫਟੈਣ। ਹੁਣ ਮੈਨੂੰ ਕੋਈ ਹੱਥ ਲਾ ਨਹੀਂ ਸਕਦਾ ਸੀ।ਰਣਜੀਤਪੁਰ ਦਾ ਇੱਕ ਖੇਤਰ ਮੇਰਾ ਸੀ। ਇਸ ਇਲਾਕੇ 'ਚ ਮੇਰਾ ਰਾਜ ਸੀ। ਪਿਤਾ ਸੀ, ਡੌਨ। ਫਿਰ ਅਫੀਮ ਦੇ ਚੱਕਰਾਂ 'ਚ ਪੈ ਗਿਆ। ਸ਼ਰਮਾ ਚਾਹੁੰਦਾ ਸੀ ਸਾਰੇ ਪੰਜਾਬ ਦੇ ਵਿੱਚ ਨਸ਼ੇਬਾਜ਼ ਹੋ ਕੇ ਨੌਜਵਾਨ ਸੋਚਣ ਦੇ ਥਾਂ ਮਸਤ ਹੋ ਜਾਣਗੇ।ਪਹਿਲੀਆਂ ਪੀੜ੍ਹੀਆਂ ਵਾਂਗ ਖੜਨਗੇ ਨਹੀਂ। ਕੱਪੜੇ, ਪੈਸੇ ਅਤੇ ਪੀਨਕ 'ਚ ਡੁੱਬ ਜਾਣਗੇ। ਫਜ਼ੂਲ ਫੈਸ਼ਨਾਂ 'ਚ, ਗੋਰਿਆਂ ਦੀਆਂ ਰੀਸਾਂ ਕਰਦੇ ਕੇਵਲ ਉਪਭੋਗਤਾਵਾਦ'ਚ ਗੁੰਮ ਜਾਣਗੇ।ਹੜ੍ਹ ਵਾਂਗ ਤਲਵੰਡੀ, ਸਮੁੰਦਰੀ ਝੱਗ, ਮਾਵਾ ਆਦਿ ਪੰਜਾਬ 'ਚ ਆ ਗਏ। ਡੌਨ ਦੀ ਕੁਰਸੀ ਲੈਣ ਤੋਂ ਪਹਿਲਾਂ ਮੈਨੂੰ ਇਸ ਮਾਮਲੇ 'ਚ ਇੱਕ ਹੋਰ ਖੂਨ ਕਰਨਾ ਪਿਆ ਸੀ। ਉਸ ਖੂਨ ਤੋਂ ਬਾਅਦ ਮੇਰਾ ਪਾਪੀ ਕੰਮ ਹੋਰ ਗੁੰਡੇ ਮੇਰੇ ਬਿਨਾ ਲਾਗੂ ਕਰ ਸਕਦੇ ਸੀ।

ਦਾਦੇ ਦੇ ਇਲਾਕਿਆਂ 'ਚ ਨਵੇਂ ਗੁੰਡੇ ਦੀ ਚੜ੍ਹਤ ਹੋ ਗਈ ਜਿਹੜਾ ਨਸ਼ੀਲੀਆਂ ਵਸਤੂਆਂ ਵੇਚਦਾ ਸੀ। ਉਸਨੂੰ ਮੈਂ ਖਤਮ ਕਰਨਾ ਸੀ। ਇਸ ਲਈ ਗੋਂਦ ਗੁੰਦਣੀ ਸੀ। ਬੰਦੇ ਦਾ ਨਾਂ ਰਵੀ ਸਰੋਏ ਸੀ। ਮੈਂ ਗੱਟੀਆਂ ਗਿਣਨੀਆਂ। ਔਖਾ ਕੰਮ ਸੀ, ਕਿਉਂਕਿ ਉਹ ਵੀ ਪੁਲ਼ਸ ਦੇ ਹੱਥ ਗਰਮ ਕਰਦਾ ਸੀ। ਉਸਦਾ ਘਰ ਹਮੇਸ਼ਾ ਪੁਲ਼ਸ ਦੀ ਅੱਖ ਹੇਠ ਸੀ। ਉਸਦਾ ਅੱਡਾ ਵੀ ਪੁਲ਼ਸ ਦੀ ਰਾਖੀ 'ਚ ਸੀ। ਸੋਚ ਸਮਝ ਕੇ ਮਾਰਨਾ ਪਵੇਗਾ। ਰਵੀ ਸਰੋਏ ਦੀ ਤਫਸੀਲ ਦੇਣ ਦੀ ਵੀ ਥੋੜ੍ਹੀ ਬਹੁਤੀ ਲੋੜ ਹੈ। ਦਾਦੇ ਵਰਗਾ ਨਹੀਂ ਸੀ ਉਹ। ਮੇਰੇ ਵਾਂਗ ਗਲ਼ੀ ਦਾ ਕੀੜਾ ਸੀ। ਲੰਬਾ ਪਤਲਾ ਜਿਹਾ, ਕੇਸ ਬ੍ਰਿੱਲ ਕਰੀਮ ਨਾਲ਼ ਚੋਪੜੇ ਹੁੰਦੇ ਸੀ। ਮੁੱਖ ਸਾਫ਼ ਸੁਥਰਾ ਸੀ। ਗੋਰਿਆਂ ਵਾਂਗ ਹਮੇਸ਼ਾ ਸੂਟ ਪਾਇਆ ਹੁੰਦਾ ਸੀ, ਟਾਈ ਵੀ ਲਾਈ ਹੁੰਦੀ ਸੀ।ਨਿਰੰਜਣ ਜਲਾਲ ਸੀ। ਪਰ ਸੱਜੀ ਗਿੱਡਲ਼ ਅੱਖ 'ਚ ਕਬਰਾ ਸੀ। ਚੀਂਘ ਚੋਂਦੀ ਸੀ। ਉਸਦੇ ਨਾਲ਼ ਹਮੇਸ਼ਾ ਇੱਕ ਜਪਾਨੀ ਰਾਖਾ ਹੁੰਦਾ ਸੀ। ਪਰ ਇਸ ਨੂੰ ਮਾਰਨ ਦਾ ਇੱਕ ਮੌਕਾ ਸੀ। ਰਵੀ ਦੀ ਆਦਤ ਸੀ ਸੈਕਟਰ ਸਤਾਰਾਂ ਦੇ ਭੋਜਨਸ਼ਾਲਿਆਂ 'ਚ ਖਾਣ ਦੀ, ਖਾਸ ਕਰਕੇ ਇੱਕ ਕੇ ਐਫ ਸੀ 'ਚ ( ਕੇਂਟਕੀ ਫਰਾਇਦ ਚੀਕਨ)। ਇੱਥੇ ਮੌਕਾ ਮਿਲਣਾ ਸੀ। ਪਰ ਇਹ ਕੇ ਐਫ ਸੀ ਵੱਡੀ ਮਾਲ 'ਚ ਸੀ, ਜਿਸ ਵਿੱਚ ਪਿਸਤੌਲ ਅਸਾਨੀ ਨਾਲ਼ ਨਹੀਂ ਵੜ ਸਕਦੇ ਸਨ। ਸਭ ਕੁਝ ਸੋਚ ਸਮਝ ਕੇ ਮੈਂ ਸਕੀਮ ਬਣਾ ਲਈ।

ਰਵੀ ਅਤੇ ਦੋ ਬੰਦੇ (ਇੱਕ ਜਪਾਨੀ ਸੀ) ਸਾਢੇ ਅੱਠ ਕੇ ਐਫ ਸੀ 'ਚ ਵੜੇ। ਭੋਜਨਸ਼ਾਲਾ ਜਨਤਾ ਨਾਲ਼ ਭਰਿਆ ਸੀ। ਹਥਿਆਰ ਗੱਡੀ ਵਿੱਚ ਬਾਹਰ ਛੱਡ ਦਿੱਤੇ ਸੀ। ਮਾਲ ਦਾ ਸੁਰਖਿਆਪਣ ਕਾਇਮ ਸੀ। ਫਿਰ ਵੀ ਕੁਝ ਰਾਖੇ ਜਰੂਰ ਰਵੀ ਦੇ ਤਨਖਾਹਦਾਰ ਸਨ। ਇਸ ਲਈ ਕਿਸੇ ਦੇ ਕੋਲ਼ ਤਾਂ ਹਥਿਆਰ ਹੋਵੇਗਾ ਹੀ। ਸਾਡੇ



ਕੋਲ਼ੇ ਵੀ ਹਥਿਆਰ ਸਨ। ਪਰ ਸਾਡਾ ਇੰਤਜ਼ਾਮ ਹੋਰ ਤਰਾਂ ਦਾ ਸੀ। ਮਗਰ ਰਵੀ ਤੇ ਉਸਦੇ ਰਾਖੇ ਇੱਕ ਮੇਜ਼ ਕੋਲ਼ ਬਹਿ ਗਏ। ਰਵੀ ਦੇ ਆਦਮੀ ਨੇ ਫਿਰ ਕਾਊਂਟਰ ਤੋਂ ਆਰਡਰ ਲਿਆ। ਫਿਰ ਰਵੀ ਨੂੰ ਦਿੱਤਾ ਅਤੇ ਜਪਾਨੀ ਨੂੰ ਵੀ। ਤਿੰਨੇ ਹੀ ਖਾਣ ਲੱਗ ਪਏ, ਸ਼ਾਇਦ ਇਹ ਸੋਚ ਕੇ ਕਿ ਜਨਤਾ ਦੇ ਵਿਚਕਾਰ ਸਹੀ ਸਲਾਮਤ ਰਹਿਣਗੇ। ਪਰ ਇੱਕ ਨੇੜਲੇ ਟੇਬਲ ਤੇ ਮੈਂ ਬੈਠਾ ਸੀ ਅਤੇ ਦਰ ਕੋਲ਼ ਮੇਰਾ ਖਾਸ ਸਿਪਾਹੀ। ਇਸ ਵੇਲੇ ਟੱਬਰ ਆਏ ਸੀ ਅਤੇ ਉਨ੍ਹਾਂ ਦੀਆਂ ਅਵਾਜ਼ਾਂ ਦੀ ਲਹਿਰ ਕੰਨ ਖਾਂਦਾ ਸੀ।ਜਪਾਨੀ ਦਾ ਢਿੱਡ ਦੁੱਖਣ ਲੱਗ ਪਿਆ। ਉਸਨੂੰ ਕਿਰਿਆ ਕਰਨ ਵਾਸ਼ਰੂਮ ਜਾਣਾ ਪਿਆ। ਉਸ ਹੀ ਵੇਲੇ ਦੂਜਾ ਰਾਖਾ ਵੀ ਨ੍ਹਾਉਣ ਤੁਰ ਪਿਆ। ਰਵੀ ਹੈਰਾਨ ਸੀ। ਉਸਦਾ ਪੇਟ ਵੀ ਦਰਦ ਕਰਨ ਲੱਗ ਪਿਆ। ਉਹ ਵੀ ਉੱਠਣ ਲੱਗਾ ਸੀ ਜਦ ਮੈਂ ਅਤੇ ਮੇਰੇ ਸਿਪਾਹੀਆਂ ਨੇ ਉਸਦੇ ਮੋਢੇ ਤੇ ਹੱਥ ਧਰ ਕੇ ਰੋਕ ਦਿੱਤਾ। *ਕਿਥੇ ਚੱਲੇ ਹੋ ਹਜ਼ੂਰ?*, ਮੈਂ ਆਖਿਆ, *ਜੇ ਪੇਟ ਦੁਖਦੈ ਸਾਡੇ ਨਾਲ ਆ..ਨਹੀਂ ਚੁੱਪ ਚਾਪ ਜੀ*, ਮੇਰੇ ਪਿਸਤੌਲ ਦਾ ਰੰਧਰ ਉਸਦੀ ਪਸਲੀ 'ਚ ਖੁਭਿਆ। ਅਖਬਾਰ ਵਿਚ ਲੁਕੋਇਆ ਸੀ। ਡਰਦਾ ਉੱਠ ਗਿਆ, ਅਸੀਂ ਕਾਊਂਟਰ ਦੇ ਪਿੱਛੇ ਲੈ ਗਏ। ਫਿਰ ਰਸੋਈ 'ਚੋਂ ਬਾਹਰ। ਪੇਟ ਦਾ ਦਰਦ ਜ਼ਿਆਦਾ ਹੋ ਗਿਆ ਸੀ। ਖੂੰਜੇ ਖੜ੍ਹਾ ਦਿੱਤਾ, ਵਿਚਾਰਾ ਉੱਥੇ ਹੀ ਗੂੰਹ ਨਾਲ਼ ਲਿੱਬੜ ਗਿਆ। ਉਸ ਤੋਂ ਬਹੁਤ ਹਮਕ ਆਈ। *ਦਾਦਾ ਜੀ ਤੋਂ ਸਨੇਹਾ, ਸਿਰਫ ਅਸੀਂ ਰਣਜੀਤਪੁਰ 'ਚ ਅਫੀਮ ਵੇਚ ਸਕਦੇ ਆ।* ਇਹ ਗੱਲ ਕਹਿ ਕੇ ਮੈਂ ਇੱਕ ਗੋਲ਼ੀ ਉਸਦੇ ਕਬਰਾ (ਅੱਖ)'ਚ ਪਾ ਦਿੱਤੀ, ਇੱਕ ਉਸ ਦੀ ਗੱਲ੍ਹ ਵਿੱਚ। ਫਿਲਮਾਂ ਵਾਂਗ ਨਹੀਂ ਸੀ, ਜਿੰਨ੍ਹਾਂ ਵਿੱਚ ਖੂਨ ਵਿੱਚ ਲੱਥਪੱਥ ਹੁੰਦੇ। ਗੋਲ਼ੀ ਗਰਮ ਸੀ ਕਰਕੇ ਜਖਮ ਮੌਲ ਜਾਂਦੈ। ਇਸ ਲਈ ਗੱਲ੍ਹ 'ਚੋਂ ਅੱਥਰੂ ਵਾਂਗ ਲਹੂ ਫੂੰਈ-ਫੂੰਈ ਵਗ ਰਿਹਾ ਸੀ। ਅੱਖ ਵਿੱਚੋਂ ਵੀ ਇਸੇ ਤਰਾਂ ਚੋਇਆ। ਪਰ ਸੀਸ ਪਿੱਛੇ ਕੰਧ ਤੇ ਛਿੱਟੇ ਪੈ ਗਏ। ਉੱਥੇ ਹੀ ਰਵੀ ਡਿੱਗ ਗਿਆ। ਇਹ ਸਾਰਾ ਕੁੱਝ ਮੁਮਕਿਨ ਕਿਵੇਂ ਹੋਇਆ ਸੀ? ਬੱਸ ਪਹਿਲਾਂ ਤਾਂ ਕੇ ਐਫ ਸੀ ਦੇ ਬੰਦੇ ਖਰੀਦੇ ਸਨ। ਇੱਕ ਨੇ ਮੇਰਾ ਪਿਸਤੌਲ ਰਸੋਈ ਵਿੱਚ ਪਹਿਲਾਂ ਹੀ ਲੁਕੋਇਆ ਸੀ। ਜਦ ਮੈਂ ਬਰਗਰ ਆਡਰ ਕੀਤਾ ਮੈਨੂੰ ਖਾਣੇ ਪੀਣੇ 'ਚ ਦੇ ਦਿੱਤਾ ਸੀ। ਦੂਜੀ ਚਾਲ ਸੀ ਕਿ ਇੱਕ ਹੋਰ ਬੰਦੇ ਨੇ ਜਦ ਤਿੰਨਾਂ ਦਾ ਆਡਰ ਆਇਆ ਬਰਗਰ ਅਤੇ ਫ੍ਰੀਟਾਂ (ਅੰਗ੍ਰੇਜ਼ੀ ਚਿਪਜ਼) ਸਰਨਾ ਪਾ ਦਿੱਤਾ ਸੀ। ਬਹੁਤ ਜ਼ਿਆਦਾ ਪਾ ਦਿੱਤਾ ਸੀ। ਇਸ ਤਰਾਂ ਤਿੰਨਾਂ ਨੂੰ ਅੱਡ ਕਰ ਦਿੱਤਾ ਸੀ। ਹੁਣ ਅਸੀਂ ਚੁੱਪ ਚਾਪ ਮੋਹਰੇ ਜਾ ਕੇ ਟਾਇਲਟ 'ਚ ਵੜ ਕੇ ਦੇਖਿਆ ਕਿ ਹਾਲੇ ਵੀ ਉੱਥੇ ਜਪਾਨੀ ਤੇ ਉਸ ਦਾ ਦੋਸਤ ਢਿੱਡ ਫੜ ਕੇ ਬੈਠੇ ਸਨ। ਅਸੀਂ ਨਹੀਂ ਦੇਖਿਆ ਕਿਹੜੇ ਖਾਨੇ 'ਚ ਗੋਲ਼ੀਆਂ ਛੱਡੀਆਂ। ਸਾਰੇ ਥਾਂ ਦਾ ਨਾਸ ਕਰਕੇ ਭੁੰਜੇ ਪਿਸਤੌਲ ਸੁੱਟ ਕੇ ਤੁਰ ਪਏ। ਪਿਸਤੌਲਾਂ ਤੇ ਟੇਪ ਲਾਈ ਹੋਈ ਸੀ। ਸਾਡੇ ਦਸਤਾਨੇ ਪਾਏ ਹੋਏ ਸਨ। ਇਸ ਤਰਾਂ ਡੌਨ ਦੀ

ਕੁਰਸੀ ਪੱਕੀ ਕਰ ਲਈ। ਹੁਣ ਮੈਂ ਰਣਜੀਤਪੁਰ ਦਾ ਨੰਬਰ ਇੱਕ ਗੁੰਡਾ ਸਾਂ। ਸੰਘੇੜੇ ਦੇ ਬਾਲ ਦੇ ਕੇਸ ਨੇ ਸਾਡਾ ਕੰਮ ਖਰਾਬ ਕਰ ਦਿੱਤਾ। ਪੁਲ਼ਸ ਨੇ ਪਹਿਲੀ ਵਾਰੀ ਸਿੱਧੀ ਚੀਜ਼ ਕੀਤੀ। ਮੀਡੀਆ ਦੇ ਰੌਲ਼ੇ ਕਾਰਨ ਪੁਲ਼ਸ ਨੂੰ ਇਹ ਕੁੱਝ ਕਰਨਾ ਪਿਆ। ਆਮ ਤਾਂ ਕਿਸੇ ਬੇਕਸੂਰ ਨੂੰ ਹੀ ਜੇਲ੍ਹ 'ਚ ਝੋਕਦੇ ਜਾਂ ਕਿਸੇ ਨੂੰ ਲੁੱਟਦੇ ਨੇ। ਪਰ ਐਤਕੀ ਖੋਜ ਕੀਤੀ। ਸੰਘੇੜੇ ਵੱਡਾ ਸਿਤਾਰਾ ਸੀ, ਓਹ ਵੀ ਬੋਲੀਵੁਡ ਦਾ। ਪੁਲ਼ਸ ਨੇ ਕਾਰੀਗਰ ਵਿਗਿਆਨੀ ਇਸਤੇਮਾਲ ਕੀਤੇ। ਉਨ੍ਹਾਂ'ਚੋਂ ਇੱਕ ਨੇ ਸੀੜ੍ਹੀ ਨੂੰ ਕੱਟ ਕੇ ਲੱਕੜ ਖੜਪਾੜ ਵੇਖੀ। ਇਸ ਤੋਂ ਬਹੁਤ ਕੁੱਝ ਪਤਾ ਲੱਗ ਗਿਆ। ਬਜ਼ਾਰ ਹਰ ਲੱਕੜ ਦੀ ਖੜਪਾੜ ਵੱਖਰੀ ਹੈ, ਕਿਉਂਕਿ ਹਰ ਆਰੇ 'ਚ ਫਰਕ ਹੁੰਦਾ ਹੈ। ਹਰ ਫਰਨਾਹੀ ਦੇ ਦੰਦਿਆਂ ਦਾ ਵਾਢਾ ਵੱਖਰਾ ਚਿੰਨ ਬਣਾਉਂਦੈ। ਇਸ ਤੋਂ ਵਿਗਿਆਨੀ ਨੇ ਪਤਾ ਕਰ ਲਿਆ ਕਿ ਪੌੜੀ ਕਿਸ ਕਾਰਖਾਨੇ 'ਚੋਂ ਖਰੀਦੀ ਸੀ। ਬੱਸ, ਪੁਲ਼ਸ ਸੰਘੇੜੇ ਦੇ ਇਲਾਕੇ ਦੇ ਨੇੜਲੇ ਕਾਰਖਾਨਿਆਂ 'ਚ ਪੁੱਛ-ਪੜਤਾਲ ਕਰਨ ਲੱਗ ਪਈ। ਜਦ ਸਹੀ ਮਿੱਲ ਲਭ ਗਈ, ਕੀਤੇ ਸਵਾਲਾਂ ਦੇ ਜਵਾਬਾਂ ਤੋਂ ਪਤਾ ਲੱਗਿਆ ਕਿ ਇੱਕ ਅਜੀਬ ਜਿਹਾ ਬੰਦਾ ਸੀ ਜਿਸ ਨੇ ਲੱਕੜਾਂ ਖਰੀਦੀਆਂ ਸਨ। ਉਸਦਾ ਲਹਿਜਾ ਮਦਰਾਸੀ ਸੀ। ਉਸਨੇ ਤਕਰੀਬਨ ਜਦ ਬਾਲ ਚੁਕਿਆ ਗਿਆ ਸੀ, ਓਦੋਂ ਕੁ ਜਿਹੇ ਹੀ ਲੱਕੜ ਦਾ ਆਡਰ ਦਿੱਤਾ ਸੀ। ਪਰ ਉਸ ਕੋਲ਼ ਮਿੱਲ ਜਾਂ ਦੁਕਾਨ ਨਹੀਂ ਸੀ। ਟਰੱਕ 'ਚ ਲੱਕੜ ਲਿਜਾ ਕਿ ਲੋਕਾਂ ਨੂੰ ਵੇਚਦਾ ਸੀ। ਬੱਸ ਹੁਣ ਪੁਲ਼ਸ ਮਦਰਾਸੀ ਮਗਰ ਪੈ ਗਈ। ਨਾਲ਼ੇ ਬਿੰਦੀ ਵਾਲ਼ੇ ਪੈਸੇ ਸ਼ੁਰੂ ਹੋ ਗਏ ਸਾਹਮਣੇ ਆਉਣੇ। ਜ਼ਿਆਦਾ ਸਾਡੇ ਸ਼ਹਿਰ ਰਣਜੀਤਪੁਰ 'ਚ ਹੀ ਖਰਚੇ ਸੀ। ਜਿਹੜੀਆਂ ਦੁਕਾਨਾਂ ਆਦਿ ਤੋਂ ਬਿੰਦੀ ਵਾਲ਼ੇ ਨੋਟ ਲੱਭੇ, ਸਵਾਲ ਪੁੱਛੇ ਗਏ। ਇਸ ਤਰਾਂ ਪਤਾ ਲੱਗ ਗਿਆ ਕਿ ਇੱਕ ਚੁਸਤ ਸ਼ੁਕੀਨ ਮਦਰਾਸੀ ਨੇ ਖਰਚੇ ਸੀ। ਹੌਲ਼ੀ ਹੌਲ਼ੀ ਪੁੱਛ-ਪੱਛ ਕੇ ਉਸਦਾ ਨਾਂ ਮਿਲ ਗਿਆ। ਇਸ ਤੋਂ ਬਾਅਦ ਖੁਰਾ ਕੱਢ ਲਿਆ ਦਾਦੇ ਦੀ ਝੌਂਪੜ ਵੱਲ।

ਇਸ ਵੇਲ਼ੇ ਮੇਰਾ ਧਿਆਨ ਸੀ ਪੈਸੇ ਬਣਾਉਣ ਦਾ ਡਾਕਟਰਾਂ ਦੀ ਮਦਦ ਨਾਲ਼। ਕੁਝ ਡਾਕਟਰ ਸਨ ਸਾਡੇ ਹਸਪਤਾਲਾਂ 'ਚ ਜਿਹੜੇ ਪੈਸੇ ਬਣਾਉਣ ਕੋਈ ਗੈਰ ਮੁਲਕੀ ਨਿਆਣੇ ਸਿਆਣੇ ਦੀ ਇੰਦਰੀ ਜਾਂ ਜਿਸਮ ਦਾ ਖਾਸ ਹਿੱਸਾ ਮੰਜ਼ੂਰੀ ਬਿਨਾਂ ਹੀ ਕੱਢ ਲੈਂਦੇ ਨੇ। ਜ਼ਿਆਦਾ ਵਾਰੀ ਕਿਸੇ ਦੇ ਟੀਕਾ ਲਾ ਕੇ ਉਸਨੂੰ ਮਾਰ ਦਿੰਦੇ ਨੇ। ਅੱਜ-ਕੱਲ੍ਹ ਤਾਂ ਆਮ ਜਿਹੀ ਗੱਲ ਹੈ। ਲੋਕ ਹਸਪਤਾਲ ਜਾਂਦੇ ਨੇ ਇਲਾਜ ਕਰਵਾਉਣ। ਪਰ ਸਾਡੇ ਵਧੀਆ ਦੇਸ਼ 'ਚ ਇਹ ਕੁੱਝ ਹੁੰਦੈ। ਮੇਰਾ ਹਿੱਸਾ ਵੀ ਸੀ ਇਸ ਵਿੱਚ। ਅਮੀਰ ਬੰਦਿਆਂ ਲਈ ਆਰਗਨ ਦਵਾ ਦਿੰਦੇ ਸਾਂ। ਜੇ ਕੋਈ ਹੋਰ ਰਾਹ ਨਾ ਮਿਲਦਾ ਤਾਂ ਅਸੀਂ ਕਿਸੇ ਬੱਚੇ ਜਾਂ ਤੁੱਛ ਸਿਆਣੇ ਨੂੰ ਚੁੱਕ ਕੇ ਉੱਥੇ ਲੈ ਜਾਂਦੇ ਸੀ। ਸਾਨੂੰ ਪੈਸਾ ਮਿਲ ਜਾਂਦਾ, ਹਸਪਤਾਲ ਨੂੰ ਆਰਗਨ। ਆਏ ਲਵ ਮਾਏ



ਇੰਡੀਆ! ਸੋ ਮੇਰਾ ਧਿਆਨ ਇਸ ਪਾਸੇ ਸੀ, ਜਦ ਮਦਰਾਸੀ ਪੁਲ਼ਸ ਨੇ ਫੜ ਲਿਆ। ਉਸਨੇ ਦਾਦੇ ਦਾ ਨਾਂ ਦੇ ਦਿੱਤਾ ਪੁਲ਼ਸ ਨੂੰ। ਪੁਲ਼ਸ ਨੇ ਦਾਦੇ ਨੂੰ ਹੱਥ ਨਹੀਂ ਲਾਉਣਾ ਸੀ, ਪਰ ਸਾਡੀ ਸਾਰੀ ਸਕੀਮ ਦਾ ਪਤਾ ਲਿਆ। ਮਦਰਾਸੀ ਜੇਲ੍ਹ 'ਚ ਗਿਆ, ਉਸ ਨੂੰ ਫਾਂਸੀ ਹੋ ਗਈ। ਜਨਤਾ ਖ਼ੁਸ਼ ਸੀ। ਪਰ ਸੰਘੇੜੇ ਨੂੰ ਵੱਢੀ ਲਈ ਪੁਲ਼ਸ ਨੇ ਦੱਸ ਦਿੱਤਾ ਸੀ ਕਿ ਇਸ ਦੇ ਪਿੱਛੇ ਦਾਦਾ ਸੀ। ਹਾਂ, ਮੇਰੇ ਨਾਂ ਵੀ ਲਾ ਦਿੱਤਾ।

ਜਦ ਅਦਾਲਤ 'ਚ ਕੇਸ ਚੱਲ ਰਿਹਾ ਸੀ, ਗੋਗੀ ਵੱਲ ਉਂਗਲ਼ ਉੱਠੀ ਕਿ ਉਹ ਗੁੰਡਿਆਂ ਲਈ ਕੰਮ ਕਰਦਾ ਸੀ। ਪਰ ਉਸਨੇ ਸਬੂਤ ਦੇ ਦਿੱਤਾ ਕਿ ਉਸਨੇ ਸੱਚੇ ਦਿਲ ਨਾਲ਼ ਕੰਮ ਕੀਤਾ ਤੇ ਉਸ ਨੇ ਸੱਚ-ਮੁੱਚ ਹੀ ਬਾਲ ਵਾਪਸ ਲੈਣ ਦੀ ਕੋਸ਼ਿਸ਼ ਕੀਤੀ। ਮਦਰਾਸੀ ਨੂੰ ਕਈ ਬਾਰ ਪੁੱਛਿਆ ਗਿਆ ਕਿ ਬੱਚਾ ਕਿੱਥੇ ਹੈ, ਪਰ ਉਸਨੇ ਜਵਾਬ ਨਹੀਂ ਦਿੱਤਾ। ਫਿਰ ਕਿਸਮਤ ਨਾਲ਼ ਇੱਕ ਦਿਨ ਸੰਘੇੜੇ ਦੀ ਹਵੇਲੀ ਨੇੜੇ ਤੇੜੇ ਇੱਕ ਟਰੱਕ ਰੁਕਿਆ, ਕਿਉਂਕਿ ਡਰਾਈਵਰ ਨੇ ਮੂਤ ਕਰਨਾ ਸੀ। ਜਦ ਬਾਹਰ ਸੜਕ ਦੇ ਪਾਸੇ ਖੜ੍ਹਾ ਹੋਇਆ ਤਾਂ ਹੇਠ ਝਾੜੀਆਂ 'ਚ ਇੱਕ ਹੱਡੀ ਦਾ ਪਿੰਜਰ ਪਿਆ ਦਿਖਿਆ, ਜਿਸ ਦੇ ਕਪਾਲ 'ਚ ਗਲ਼ੀ ਸੀ। ਨਿਆਣੇ ਦਾ ਮੁਤਰਾੜ ਸੀ। ਸਾਰੇ ਮੁਲਕ 'ਚ ਪੁਲ਼ਸ ਅਤੇ ਸੰਘੇੜੇ ਨੇ ਪੁੱਛ-ਪੜਤਾਲ ਕੀਤੀ, ਪਰ ਬਾਲ ਤਾਂ ਘਰ ਨੇੜੇ ਹੀ ਸੀ। ਉਸੇ ਹੀ ਦਿਨ ਮਰ ਗਿਆ ਸੀ ਇਸ ਕਰਕੇ ਮਦਰਾਸੀ ਨੂੰ ਫਾਂਸੀ ਮਿਲੀ।

ਪਰ ਹੁਣ ਸੰਘੇੜੇ ਨੂੰ ਪਤਾ ਸੀ ਕਿ ਇਹ ਸਭ ਸਾਡੀ ਕੰਪਨੀ ਦੀ ਸਕੀਮ ਸੀ, ਖਾਸ ਕਰਕੇ ਮੇਰੀ। ਸੰਘੇੜਾ ਮੁੰਬਈ 'ਚ ਐਕਟਰ ਸੀ। ਮੁੰਬਈ ਦੇ ਗੁੰਡੇ ਸਾਤੋਂ ਵੀ ਜਬਰਦਸਤ ਸਨ। ਸੰਘੇੜੇ ਦੀ ਦੋਸਤੀ ਸੀ ਉਨ੍ਹਾਂ ਨਾਲ਼। ਜਦ ਕੇਸ ਅਖਬਾਰਾਂ 'ਚ ਆਇਆ, ਮੇਰਾ ਅਤੇ ਦਾਦੇ ਦਾ ਨਾਂ ਛਪਿਆ ਸੀ। ਹੁਣ ਮੈਨੂੰ ਆਵਦਾ ਧਿਆਨ ਰੱਖਣਾ ਪਿਆ ਸੀ।

ਮਦਰਾਸੀ ਦੀ ਫਾਂਸੀ ਬਾਅਦ ਇੱਕ ਬ੍ਰਿੱਟਿਸ਼ ਕੁੜੀ ਨੂੰ ਮੇਰੇ ਖਾਸ ਡਾਕਟਰ ਨੇ ਮਾਰਿਆ ਟੀਕੇ ਨਾਲ਼ ਜਦ ਕੁੜੀ ਉਸਦੀ ਮਾਂ ਦੇ ਗੋਦ ਹੀ ਵਿੱਚ ਫੜ੍ਹੀ ਸੀ।ਪਰ ਇਸ ਇਸਤਰੀ ਨੇ ਰੌਲ਼ਾ ਪਾਇਆ ਅਤੇ ਗੋਰਿਆਂ ਦੇ ਅਖਬਾਰਾਂ ਤੱਕ ਗੱਲ ਪੁੱਜ ਗਈ। ਮੇਰਾ ਨਾਂ ਫਿਰ ਅੱਗੇ ਆਇਆ। ਸ਼ਰਮੇ ਨੇ ਗੱਲ ਟਾਲ਼ ਦਿੱਤੀ। ਪਰ ਸੰਘੇੜੇ ਦੀ ਨਿਗਾਹ ਸਾਡੇ ਵੱਲ ਟਿਕ ਗਈ ਸੀ। ਦਾਦੇ ਦੀ ਵੀ ਆਦਤ ਸੀ ਗੱਡੀ ਵਿੱਚ ਰਣਜੀਤਪੁਰ ਦੀ ਸਬਜ਼ੀ ਮੰਡੀ ਜਾ ਕੇ ਖੁਦ ਗੋਭੀ, ਸਾਗ ਆਦਿ ਖਰੀਦਣ ਦੀ। ਭੇਜ ਜਿਸ ਨੂੰ ਮਰਜੀ ਸਕਦਾ ਸੀ, ਪਰ ਸ਼ੌਂਕ ਸੀ ਖੁਦ ਖਾਣਾ ਪਕਾਉਣ ਦਾ। ਜਦ ਵੀ ਝੌਂਪੜ 'ਚੋਂ ਬਾਹਰ ਜਾਂਦਾ ਸੀ, ਉਸਦੇ ਨਾਲ਼ ਗੁੰਡਿਆਂ ਦੀ ਸੈਨਾ ਹੁੰਦੀ। ਪਰ ਇਸ ਦਿਨ ਬੁਰਾ ਸ਼ਗਨ ਸੀ। ਨਾਲ਼ ਆਮ ਚਾਰ ਬੰਦੇ ਸਨ। ਇੱਕ ਗੱਡੀਵਾਨ, ਅਤੇ

ਪਿਛਲੀ ਕਾਰ ਵਿੱਚ ਤਿੰਨ ਹੋਰ ਸਿਪਾਹੀ। ਇਹ ਸਾਰੇ ਉਸ ਨਾਲ਼ ਗੱਡੀ ਵਿੱਚੋਂ ਨਿੱਕਲ਼ ਕੇ ਆਸ ਪਾਸ ਖੜ੍ਹ ਕੇ ਧਿਆਨ ਨਾਲ਼ ਆਲ਼ਾ ਦੁਆਲ਼ਾ ਤਾੜਦੇ ਸਨ। ਉਂਝ ਲੋਕ ਦਾਦੇ ਤੋਂ ਡਰਦੇ ਵੀ ਸੀ। ਇਸ ਲਈ ਉਸਨੂੰ ਕੋਈ ਫਿਕਰ ਨਹੀਂ ਸੀ। ਅੱਜ ਇੰਝ ਨਹੀਂ ਹੋਇਆ। ਦੋਨੋਂ ਕਾਰਾਂ ਵੱਖਰੀਆਂ ਹੋ ਗਈਆਂ। ਕਿਸੇ ਨੇ ਜਾਣ-ਬੁੱਝ ਕੇ ਗੱਡਾ ਵਿੱਚ ਫੱਸਾ ਦਿੱਤਾ ਸੀ। ਉਸ ਪਲ ਵਿੱਚ ਹੀ ਤਿੰਨੇ ਆਦਮੀ ਜਬਰਦਸਤੀ ਪੰਜ ਬੰਦਿਆਂ ਨੇ ਗੰਨਾਂ ਤਾਣ ਕੇ ਕਾਰ 'ਚੋਂ ਇਸ਼ਾਰੇ ਨਾਲ਼ ਬਾਹਰ ਕੱਢ ਲਏ।

*ਚੁੱਪ ਚਾਪ ਹਥਿਆਰ ਭੁੰਜੇ ਸੁੱਟੋ, ਨਹੀਂ ਤਾਂ ਥੋਨੂੰ ਭੁੰਨ ਦਿਆਂਗੇ।

* ਪੰਜਾਂ 'ਚੋਂ ਤਿੰਨ ਗੱਡੀ ਵਿੱਚ ਬਹਿ ਗਏ ਫਿਰ ਗੱਡਾ ਪਾਸੇ ਕਰ ਦਿੱਤਾ। ਅਗਲੀ ਗੱਡੀ ਦੇ ਡਰਾਇਵਰ ਨੂੰ ਕਾਰ ਪਿੱਛੇ ਆਉਂਦੀ ਦਿਸਦੀ ਕਰਕੇ ਬਹੁਤ ਸੋਚਿਆ ਨਹੀਂ। ਉਹ ਰੁਕ ਗਿਆ। ਦਾਦਾ ਬਾਹਰ ਨਿੱਕਲ਼ ਕੇ ਮਿਰਚਾਂ ਵਾਲ਼ੇ ਕੋਲ਼ ਗਿਆ।

*ਕਿੱਦਾਂ ਜਸਵੀਰ? ਸਭ ਕੁਝ ਠੀਕ-ਠਾਕ ਐ ਮੇਰੇ ਬੱਚੇ?

*ਹਾਂ ਸਰਦਾਰ, ਤੁਸੀਂ ਸੁਣਾਓ?* ਇੱਥੇ ਤੱਕ ਹੀ ਗੱਲ ਹੋਈ। ਲਾਲ ਮਿਰਚ ਹੀ ਚੱਕਦਾ ਸੀ ਜਦ ਪਿਛਲੀ ਗੱਡੀ ਵਿੱਚੋਂ ਮੁੰਬਈ ਦੇ ਗੁੰਡੇ ਨਿੱਕਲ਼ੇ, ਹੱਥਾਂ ਵਿੱਚ ਪਿਸਤੌਲਾਂ ਸਨ, ਗੋਲ਼ੀਆਂ ਦਾ ਦਸ਼ਾਂਦਾ ਦਿੰਦੀਆਂ। ਡਰਾਇਵਰ ਦਾ ਰੰਗ ਉਡ ਗਿਆ। ਉਸਨੇ ਕੋਸ਼ਿਸ਼ ਕੀਤੀ ਗੱਡੀ 'ਚੋਂ ਨਿੱਕਲ਼ ਕੇ ਆਵਦੇ ਪਿਸਤੌਲ ਨਾਲ਼ ਵਾਪਸ ਜੁਆਬ ਦੇਣ ਦੀ, ਪਰ ਤਿਲਕ ਕੇ ਭੁੰਜੇ ਗਿਰ ਗਿਆ। ਪੱਥਰ ਹੋਏ ਪੈਰਾਂ ਨੂੰ ਦਾਦੇ ਨੇ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਹੀ ਥਾਂ ਘੁੰਮ ਕੇ ਲਾਲ ਮਿਰਚਾਂ ਵਿੱਚ ਡਿੱਗ ਗਿਆ। ਦਾਦੇ ਦਾ ਰਾਜ ਖਤਮ ਹੋ ਗਿਆ ਸੀ। ਇਹ ਗੱਲ ਸੁਣ ਕੇ ਹੁਣ ਮੈਨੂੰ ਆਵਦੇ ਬਾਰੇ ਫਿਕਰ ਪੈ ਗਿਆ। ਸੰਘੇੜੇ ਦੀ ਪਹੁੰਚ, ਮਤਲਬ ਉਸਦੇ ਗੁੰਡੇ ਆੜੀਆਂ ਦੀ, ਲੰਬੀ ਸੀ। ਹੁਣ ਇੰਡੀਆ'ਚ ਠਹਿਰ ਕੇ ਕੀ ਕਰਨਾ ਸੀ?, ਕਿਉਂਕਿ ਜੇ ਬਚਣਾ ਸੀ ਤਾਂ ਬਾਹਰ ਜਾਣਾ ਹੀ ਪੈਣਾ ਸੀ। ਉਸ ਕੰਮ 'ਚ ਮੈਂ ਸਾਰਿਆਂ ਨੂੰ ਜਾਣਦਾ ਸੀ। ਖੋਟਾ ਪਾਸਪੋਰਟ ਮਿਲ ਗਿਆ, ਨਕਲੀ ਨਾਂ ਲਿਆ (ਦੇਵ ਦੇ ਥਾਂ ਅਵਤਾਰ) ਅਤੇ ਦਾੜ੍ਹੀ ਕੇਸ਼ ਕੱਟ ਲਏ ਸੀ।

ਰਣਜੀਤਪੁਰ ਛੱਡ ਦਿੱਤਾ ਤੇ ਫਿਰ ਦੇਸ। ਹੁਣ ਹਰ ਬੰਦੇ ਵਾਂਗ ਤਕਦੀਰ ਫੁੱਟਣੀ ਸੀ। ਕੀ ਪਤਾ ਬਾਹਰ ਚੰਗੇ ਦਿਨ ਫਿਰਨੇ ਸਨ ਜਾਂ ਨਹੀਂ? ਜੋ ਮਰਜੀ, ਦੇਵ ਦੀ ਕਹਾਣੀ ਏਥੇ ਮੁੱਕ ਗਈ ਸੀ ਅਤੇ ਤਾਰੀ ਦੀ ਦਾਸਤਾਨ ਸ਼ੁਰੂ ਹੋ ਗਈ ਸੀ।ਵਿਮਾਨ ਦੇ ਥਾਈਂ ਸਮੁੰਦਰੀ ਜਹਾਜ ਤੇ ਨਿੱਕਲ਼ਿਆ। ਪਹਿਲਾਂ ਟਰੇਨ ਫੜੀ ਪਾਕਿਸਤਾਨ ਨੂੰ। ਉਥੋਂ ਲਾਹੌਰ ਤੋਂ ਕਰਾਚੀ ਪੁਜਿਆ। ਇਥੋਂ ਜਹਾਜ ਦੇ ਰਾਹੀਂ ਦੁਬਈ ਪਹੁੰਚ ਗਿਆ। ਪਰ ਅੰਦਰ ਵੜਣਾ ਸੌਖਾ ਨਹੀਂ ਸੀ। ਮੈਂ ਗੈਰ ਕਾਨੂੰਨੀ ਸੀ; ਜੇ ਅਰਬਾਂ ਦੇ ਵੱਸ ਨੂੰ ਮੇਰਾ ਪਤਾ ਲੱਗ ਗਿਆ, ਭਾਰਤ ਵਾਪਸ ਭੇਜ ਸਕਦੇ ਐ ਜਾਂ ਜੇਲ੍ਹ 'ਚ ਬੰਦ ਕਰ ਸਕਦੇ ਨੇ। ਮੇਰੇ ਅਵੈਧ ਰੁਤਬੇ ਕਰਕੇ ਮੈਨੂੰ ਇੱਕ ਮੁਸ਼ਟੰਡੇ ਲਈ



ਕੰਮ ਕਰਨਾ ਪਿਆ। ਉਸ ਨੇ ਮੈਨੂੰ ਕਾਮਾ ਲਾਇਆ ਇੱਕ ਬੰਦਰ 'ਤੇ ਜਿੱਥੇ ਲੋਕਲ ਲੋਕਾਂ ਤੋਂ ਘੱਟ ਖੱਟੀ ਲਈ ਕੰਮ ਕਰਨਾ ਪਿਆ। ਉਸਨੂੰ ਹਰਾਮ ਦਾ ਮਾਲ ਮਿਲਦਾ ਸੀ ਜਿਵੇਂ ਮੈਨੂੰ ਪੰਜਾਬ ਵਿੱਚ ਮਿਲਦਾ ਸੀ। ਹਰ ਰਾਤ ਸੜਕ ਤੇ ਸੌਣਾ ਪੈਂਦਾ ਸੀ। ਜੇ ਅਰਬੀ ਪੁਲ਼ਸ ਨੇ ਫੜ ਲਿਆ ਹੁੰਦਾ ਤਾਂ ਬਹੁਤ ਔਖਾ ਕਰਦੇ। ਦਰਅਸਲ ਭਾਵੇਂ ਇੰਡੀਆ ਦੇ ਹੋਣ ਜਾਂ ਪਾਕਿਸਤਾਨ, ਲੋਕਲ ਲੋਕ ਤਾਂ ਸਾਨੂੰ ਕੁਲਹੀਣ ਸਮਝਦੇ ਸੀ। ਮੈਂ ਨਿੱਤ ਅਠਾਰਾਂ ਅਠਾਰਾਂ ਘੰਟੇ ਕੰਮ ਕਰਕੇ ਕੇ ਅੱਕ ਗਿਆ। ਉਸਨੂੰ ਆਖਿਆ ਮੈਨੂੰ ਇੰਗਲੈਂਡ ਦੀ ਰਾਹਦਾਰੀ ਦਵਾ। ਜਰੂਰ, ਪਰ ਦੋ ਹੋਰ ਸਾਲ ਲੱਗਣੇ ਐ ਰਾਹਦਾਰੀ ਦੀ ਕਮਾਈ ਪੂਰੀ ਕਰਨ ਨੂੰ! ਐਉਂ ਤਿੰਨ ਸਾਲ ਬੀਤ ਗਏ! ਜਦ ਮੌਕਾ ਮਿਲਿਆ ਤਾਂ ਵਿਦਿਆਰਥੀ ਵੀਜ਼ਾ ਦਿਵਾ ਦਿੱਤਾ। ਇਸ ਕਰਕੇ ਹਵਾਈ ਜਹਾਜ ਰਾਹੀਂ ਇੰਗਲੈਂਡ ਦੇ ਹਵਾਈ ਅੱਡੇ ਹੀਥਰੋ ਪਹੁੰਚ ਗਿਆ।ਮੈਨੂੰ ਚੱਕਣ ਲਈ ਕੋਈ ਹੈ ਨਹੀਂ ਸੀ। ਬਸ ਫੜ ਕੇ ਸਾਊਥਹਾਲ ਵੜ ਗਿਆ। ਜੇਬ ਵਿਚ ਸਿਰਫ ਸੌ ਪੌਂਡ ਸੀ। ਜਦ ਸੁਰੰਗ 'ਚੋਂ ਬਸ ਬਾਹਰ ਨਿੱਕਲ਼ੀ, ਇੱਕ ਜਹਾਜ ਦਾ ਮੌਡਲ ਖੜ੍ਹਾ ਸੀ। ਇਸ ਤੋਂ ਬਾਅਦ ਮੋਟਰਵੇ ਤੇ ਪੈ ਕੇ ਬੱਸ ਸਾਊਥਹਾਲ ਵੱਲ ਲੈ ਗਈ। ਮੈਨੂੰ ਦੱਸਿਆ ਸੀ ਕਿ ਹੈਵੇਲੋਕ ਗੁਰਦੁਆਰਾ ਜਾਣਾ ਸੀ।ਪਹਿਲਾਂ ਰਵੀਦਾਸ ਗੁਰਦੁਆਰਾ ਲੰਘਿਆ, ਫਿਰ ਪੰਜਾਬ ਰੇਡੀਓ, ਫਿਰ ਫੈਦਰਸਟਾਉਨ ਸਕੂਲ।ਇੱਕ ਚੌਂਕ ਆ ਕੇ ਬਰਤਨੀਆ ਦਾ ਸਭ ਤੋਂ ਵੱਡਾ ਗੁਰਦੁਆਰਾ ਦਿਸ ਪਿਆ। ਏਥੋਂ ਮੈਂ ਓਟ ਬਾਰੇ ਆਖਿਆ। ਮੈਨੂੰ ਇੱਕ ਦੋ ਰਾਤਾਂ ਲਈ ਰਹਿਣ ਦੇਣ ਲਈ ਤਿਆਰ ਸਨ, ਪਰ ਇਸ ਤੋਂ ਜਿਆਦਾ ਨਹੀਂ।

ਕਿਸਮਤ ਨਾਲ਼ ਇਕ ਮੁੰਡਾ, ਸਿਮਰਨ, ਮਿਲ ਪਿਆ। ਉਸ ਨੇ ਮੈਨੂੰ ਦੱਸ ਪਾਈ ਕਿ ਇੱਕ ਥਾਂ ਹੈ ਬਰਾਡਵੇ ਤੇ ਜਿਸ ਤੇ ਮੇਰੇ ਵਰਗੇ ਕਈ ਫੌਜੀ ਹਨ, ਮਤਲਬ ਬੇਜਾਬਤੇ ਬੰਦੇ। ਲੋਕਲ ਪੰਜਾਬੀ ਜੰਮਪਲ ਪੰਜਾਬ ਤੋਂ ਤਾਜ਼ੇ ਆਏ ਲੋਕਾਂ ਨੂੰ ਫ੍ਰੇਸ਼ੀ ਅਪਮਾਨ'ਚ ਆਖਦੇ ਨੇ। ਮੈਂ ਅੰਗ੍ਰੇਜ਼ੀ ਗੋਰਿਆਂ ਵਾਂਗ ਨਹੀਂ ਵੱਢ ਸਕਦਾ ਕਰਕੇ ਮੈਂ ਫ੍ਰੇਸ਼ੀਆਂ 'ਚ ਗਿਣਿਆ ਜਾਂਦਾ ਸੀ।ਐਪਰ ਸਿਮਰਨ ਮੈਨੂੰ ਇਸ ਥਾਂ ਲੈ ਗਿਆ ਸੀ। ਏਥੇ ਪਤਾ ਲੱਗਿਆ ਕਿ ਸਿਮਰਨ ਪੰਜਾਬ ਵਿੱਚ ਤਾਂ ਐਮ ਏ ਸੀ ਪਰ ਇੰਗਲੈਂਡ ਵਿੱਚ ਲੰਬੇ ਘੰਟੇ ਲਾਉਂਦਾ ਸੀ ਦੁਕਾਨ 'ਚ ਖੜ੍ਹ ਕੇ। ਚਾਰ ਸਾਲ ਹੋਏ ਨੇ ਜਦ ਦਾ ਸੁਰਗ 'ਚ ਆਇਆ। ਗੁਰਦੁਆਰੇ ਰੋਜ ਜਾਂਦਾ ਹੈ ਖਾਣ ਪੀਣ ਲਈ। ਪਰ ਟਾਇਮ ਨਹੀਂ ਹੈ ਹੋਰ ਕੁਝ ਕਰਨ ਲਈ। ਸਵੇਰ ਰਾਤ ਤੱਕ ਦੁਕਾਨ ਹੀ ਦੇਖੀ ਹੈ। ਮੈਂ ਸੋਚਿਆ ਝੂਠ ਬੋਲਦਾ ਏ। ਕਿੰਨੇ ਜਣੇ ਪੰਜਾਬ ਹਰ ਸਾਲ ਆਉਂਦੇ ਨੇ ਬਟੂਏ 'ਚੋਂ ਖੁਲ੍ਹਾ ਖਰਚ ਕਰਦੇ ਨੇ। ਸਾਰੇ ਮੇਰੇ ਵੱਲ ਵੇਖ ਕੇ ਹੱਸ ਪਏ।ਸਾਰਿਆਂ ਨੇ ਆਵਦੀਆਂ ਕਹਾਣੀਆਂ ਮੈਨੂੰ ਦੱਸੀਆਂ। ਮੇਰਾ ਚਿਤ ਕਰਦਾ ਸੀ ਹਰ ਇੱਕ ਨੂੰ ਕਹਿਣ ਨੂੰ *ਜਾਣ ਦਿਆ ਕਰ।* ਪਰ ਘੜੀ ਨੂੰ ਇਹ ਮੇਰਾ ਹਾਲ ਹੋਣ ਵਾਲ਼ਾ ਸੀ।

ਪਹਿਲਾ ਮੋਹਨ ਸੀ, ਜਿਸ ਦੇ ਟੱਬਰ ਨੇ ਗਹਿਣੇ ਵੇਚ ਕੇ ਉਸਨੂੰ ਸਟੂਡੈਂਟ ਪਾਸ ਦਿਵਾਇਆ। ਜਦ ਯੂ ਕੇ ਪਹੁੰਚਿਆ ਤਾਂ ਸਾਊਥਹਾਲ ਕਾਲਜ 'ਚ ਦਾਖਲਾ ਲੈ ਲਿਆ। ਪਰ ਉਸਦੀ ਨੀਅਤ ਤਾਂ ਸੀ ਕੰਮ ਕਰਕੇ ਪੈਸੇ ਬਣਾਉਣ ਦੀ। ਘਰ ਵਾਪਸ ਭੇਜਣੇ ਸੀ। ਪਰ ਇਸ ਵੇਲੇ ਤਾਂ ਯੂ ਕੇ ਵਿੱਚ ਮੰਦਵਾੜਾ ਸੀ। ਇੰਗਲੈਂਡ ਦੇ ਜੰਮਪਲਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ ਸਨ। ਬਾਹਰਲੇ ਬੰਦੇ ਦਾ ਕੀ? ਸਾਊਥਹਾਲ ਦੀਆਂ ਸੜਕਾਂ ਤੇ ਅਵਾਰੇ ਵਾਂਗ ਤਰਲੇ ਮਾਰਦਾ ਸੀ। ਹਰ ਦੁਕਾਨ'ਚ ਜਾ ਕੇ ਹੱਥ ਅੱਡਿਆ ਨੌਕਰੀ ਲਈ। ਵੀਹ ਘੰਟੇ ਆਵਦਾ ਮੂੰਹ ਕਾਲਜ 'ਚ ਵੀ ਵਿਖਾਉਣਾ ਪੈਂਦਾ ਸੀ, ਨਹੀਂ ਤਾਂ ਸਟੂਡੈਂਟ ਵੀਜ਼ਾ ਗਿਆ ਗੁਆਚਾ ਸਮਝੋ ਅਤੇ ਜਹਾਜ ਤੇ ਬਿਠਾ ਕੇ ਜਬਰਦਸਤੀ ਨਾਲ਼ ਪੰਜਾਬ ਵਾਪਸ ਭੇਜ ਸਕਦੇ ਸੀ। ਹਾਰਕੇ ਇੱਕ ਦੁਕਾਨਦਾਰ ਨੇ ਕਾਮੇ ਦੇ ਤੌਰ ਤੇ ਰੱਖ ਲਿਆ। ਆਮ ਮਜ਼ਦੂਰ ਨੂੰ ਵੀਹ ਪੌਂਡ ਤੱਕ ਤਨਖਾਹ ਘੰਟੇ ਦੀ ਮਿਲ ਸਕਦੀ ਹੈ। ਪਰ ਮੋਹਨ ਤਾਂ ਫ਼ੌਜੀ ਹੀ ਸੀ। ਇਸ ਲਈ ਸਾਰੇ ਦਿਨ ਲਈ ਹੀ ਦਸ ਪੌਂਡ ਹੀ ਮਿਲਦੇ ਸੀ। ਜੋੜ ਜੋੜ ਕੇ ਇੰਡੀਆ ਭੇਜਣੇ ਪੈਂਦੇ ਸੀ। ਸੁਬ੍ਹਾ ਪੰਜ ਵਜੇ ਉੱਠ ਕੇ ਦੁਕਾਨ ਜਾਂਦਾ ਸੀ ਅਤੇ ਰਾਤ ਨੂੰ ਦਸ ਵਜੇ ਵਾਪਸ ਆਉਂਦਾ ਸੀ। ਵਾਪਸ ਕਿੱਥੇ? ਇੱਕ ਤਿੰਨ ਬੈਡਰੂਮ ਦਾ ਘਰ ਕਿਰਾਏ ਤੇ ਲਿਆ ਸੀ, ਜਿਸ ਵਿੱਚ ਬਾਰਾਂ ਮੁੰਡਿਆਂ ਨਾਲ਼ ਸਾਂਝ ਸੀ। ਘਰ ਦੀ ਹਾਲਤ ਮਾੜੀ ਸੀ। ਪਰਦੇ ਹਮੇਸ਼ਾ ਕੀਤੇ ਹੁੰਦੇ ਸਨ ਅਤੇ ਬਾਰੀਆਂ ਪੱਕੀਆਂ ਬੰਦ ਸਨ। ਇਸ ਲਈ ਘਰ ਵਿੱਚ ਹਵਾ ਨਹੀਂ ਆਉਂਦੀ ਸੀ। ਮੈਲ਼ੀਆਂ ਕੰਧਾਂ ਤੇ ਜਾਲ਼ੇ ਤੇ ਕਾਈ ਆਦਿ ਜੰਮੀ ਹੋਈ ਸੀ। ਡਰਦੇ ਪਰਦੇ ਹਟਉਂਦੇ ਨਹੀਂ ਸੀ। ਇੰਨ੍ਹੇ ਆਦਮੀਆਂ ਦੇ ਰਹਿਣ ਕਰਕੇ ਕੂੜਾ ਢੋਲਾਂ 'ਚੋਂ ਡਿੱਗਦਾ ਸੀ ਜਿਵੇਂ ਕੂੜੇਦਾਨ ਨੂੰ ਉਛਾਲ਼ੀਆਂ ਆਉਂਦੀਆਂ ਹੋਣ।

ਸੱਚ ਸੀ ਪੰਜਾਬ ਦੀਆਂ ਮਾਵਾਂ ਸਿਰਫ ਧੀਆਂ ਨੂੰ ਹੀ ਸਫਾਈ ਰੱਖਣਾ ਸਿਖਾਉਂਦੀਆਂ ਹਨ। ਮੁੰਡੇ ਤਾਂ ਇੱਦਾਂ ਦੇ ਕੰਮ ਕਰਦੇ ਹੀ ਨਹੀਂ। ਪਰ ਪੱਛਮ ਵਿੱਚ ਮਰਦ ਨੂੰ ਤਾਂ ਭਾਂਡੇ ਧੋਣ ਤੋਂ ਲੈ ਕੇ ਬਾਲਕ ਦੇ ਪੋਤੜੇ ਪੰਓਲਾਂ (ਨੈਪੀਜ਼ ਜਾਂ ਡਾਈਪਰ) ਸਾਫ ਕਰਨ ਤੋਂ ਬਿਨਾਂ ਸਰਦਾ ਨਹੀਂ ਹੈ। ਕਿਸਮਤ ਵਾਲ਼ੇ ਮੁੰਡੇ ਇਸ ਤਰਾਂ ਹੀ ਜਿਉਂਦੇ ਸੀ। ਬਦਕਿਸਮਤ ਦੂਜੇ ਮੁੰਡਿਆਂ ਵਾਂਗ ਰਹਿੰਦੇ ਸਨ।ਦੂਜੇ ਦਾ ਨਾਂ ਤਰਲੋਚਨ ਯਾਨੀ ਤੋਚੀ ਸੀ। ਤੋਚੀ ਨੂੰ ਰਹਿਣ ਲਈ ਥਾਂ ਨਹੀਂ ਮਿਲ ਸਕਦਾ ਸੀ ਕਿਉਂਕਿ ਵੀਜ਼ਾ ਤਾਂ ਹੈਂ ਨਹੀਂ ਸੀ। ਮੇਰੇ ਵਰਗਿਆਂ ਨੇ ਉਸ ਨੂੰ ਇਥੇ ਰਾਹਦਾਰੀ ਦਿੱਤੀ ਸੀ, ਨੰਬਰ ਦੋ ਰਾਹਦਾਰੀ। ਉਹ ਹਰ ਰੋਜ ਸੜਕਾਂ ਤੇ ਟੋਲੇ ਨਾਲ਼ ਸ਼ਰਾਬਾਂ ਪੀਂਦਾ ਸੀ, ਗੁਰਦੁਆਰੇ ਰੋਟੀ ਖਾਂਦਾ ਸੀ ਅਤੇ ਰਾਤ ਤੱਕ ਟਾਇਮ ਪਾਸ ਕਰਦਾ ਸੀ। ਉਸਨੇ ਪੰਜਾਂ ਸਾਲਾਂ ਵਿੱਚ ਘਰ ਵਾਲਿਆਂ ਨਾਲ਼ ਗੱਲ ਨਹੀਂ ਕੀਤੀ ਸੀ। ਬਾਪੂ ਨੂੰ ਤਾਂ ਲੱਗਦਾ ਹੋਵੇਗਾ ਕੇ ਮੁੰਡਾ ਇੰਗਲਿਸ਼ਤਾਨ ਸੈਟ ਹੋ ਗਿਆ ਸੀ। ਪਰ ਤੋਚੀ ਤਾਂ ਹਰ ਰਾਤ ਇੱਕ ਘਰ ਦੇ ਗਰਾਜ 'ਚ ਸੌਂਦਾ ਸੀ, ਦਸ ਹੋਰ ਮੁੰਡਿਆਂ ਨਾਲ। ਪੁਲ਼ਸ



ਵੀ ਹਮੇਸ਼ਾ ਛਾਪਾ ਮਾਰਦੀ ਰਹਿੰਦੀ ਸੀ। ਜਿਹੜੇ ਫੜੇ ਜਾਂਦੇ ਸਨ ਵਾਪਸ ਭੇਜ ਦਿੰਦੇ ਸੀ। ਪਰ ਪਹਿਲਾ ਕਈ ਮਹੀਨੇ ਜੇਲ੍ਹਾਂ ਗੁਜ਼ਾਰਨੇ ਪੈਂਦੇ ਸੀ। ਇਸ ਟੋਲੇ 'ਚ ਸ਼ਰਾਬ ਪੀਣਾ ਲਾਜਮੀ ਸੀ। ਕੁਝ ਮੁੰਡੇ ਤਾਂ ... ਬਣ ਗਏ ਸਨ। ਇੱਕ ਤਾਂ ਇਸ ਤਰਾਂ ਪੈਸੇ ਬਣਾਕੇ ਘਰ 'ਚ ਰਹਿਣ ਲੱਗ ਪਿਆ ਸੀ। ਤੋਚੀ ਨੇ ਸੁਣਿਆ ਕਿ ਉਹ ਤਾਂ ਪੰਜਾਬ ਵੀ ਵਾਪਸ ਛੁੱਟੀਆਂ ਕਰਨ ਜਾਂਦਾ ਸੀ। ਕੰਜਰ ਪੈਸੇ ਨਾਲ਼ ਪੰਜਾਬ 'ਚ ਆਪਨੂੰ ਤਾਜਰ ਵਿਖਾਉਂਦਾ ਸੀ। ਉਸਦੇ ਪੈਸੇ ਵੇਖ ਕੇ ਸਾਰੇ ਪੰਜਾਬ ਦੇ ਵਾਸੀ ਵਾਹਵਾ ਗੱਲਾਂ 'ਚ ਪੈਂਦੇ ਸੀ। ਤੋਚੀ ਵੀ ਹੁਣ ਕੋਈ ਉਲਟਾ ਕੰਮ ਲੱਭਦਾ ਸੀ ਕਿਉਂਕਿ ਹੋਰ ਕਰੇ ਵੀ ਕੀ? ਪੰਜਾਬ ਤੋਂ ਤਾਂ ਇੱਜ਼ਤਦਾਰ ਕੁੜੀਆਂ ਵੀ ਇਹ ਕੰਮ ਕਰਦੀਆਂ ਸਨ, ਫਿਰ ਤੋਚੀ ਸੋਚਦਾ ਮੈਂ ਵੀ ਕਰਲਾਂ? ਹੋਰ ਕਿੰਨੇ ਸਾਲ ਸੜਕਾਂ ਅਤੇ ਗਰਾਜਾਂ 'ਚ ਰੁਲ਼ੂੰਗਾ?ਮੈਂ ਸਮਝ ਗਿਆ ਕਿ ਰਣਜੀਤਪੁਰ ਤੋਂ ਬੁਰੀ ਜਿੰਦਗੀ ਹੈ ਇਹ ਗੋਰਿਆਂ ਦੀ ਜੰਨਤ 'ਚ ਵਿੱਚ। ਲੱਗਦੈ ਪਹਿਲੇ ਪਰਵਾਸੀ ਕੁਝ ਖੱਟ ਗਏ, ਪਰ ਅੱਜ ਦੇ ਸੁਪਨੇ ਲੈਣ ਵਾਲ਼ਿਆ ਲਈ ਗੱਲ ਹੋਰ ਹੈ। ਅਸੀਂ ਤਾਂ ਇੱਥੇ ਆ ਕੇ ਫਸ ਗਏ! ਉਂਝ ਕੁਝ ਕਾਮਯਾਬ ਵੀ ਸੀ, ਪਰ ਜਿਆਦਾ ਟੱਕਰਾਂ ਹੀ ਮਾਰਦੇ ਸਨ। ਵਾਪਸ ਵੀ ਜਾ ਨਹੀਂ ਸਨ ਸਕਦੇ, ਇੱਥੇ ਵੀ ਔਖੇ ਸਨ। ਜਦ ਉਨ੍ਹਾਂ ਨੂੰ ਮਿਲਿਆ ਮੈਂ ਇਹ ਸਭ ਮੁਬਾਲਗਾ ਸਮਝਦਾ ਸੀ। ਹੌਲ਼ੀ ਹੌਲ਼ੀ ਮੈਂ ਵੇਖ ਲਿਆ ਕਿ ਇੱਥੇ ਰਣਜੀਤਪੁਰ ਵਾਂਗ ਦੋ ਰੰਗ ਸੀ। ਇੱਕ ਹੈਰਤ ਅੰਗੇਜ਼, ਇੱਕ ਦਹਿਸ਼ਤ ਅੰਗੇਜ਼! ਸੱਚ ਸੀ ਅੰਗ੍ਰੇਜ਼ ਹਰ ਗੈਰ ਮੁਲਕੀ ਨੂੰ ਅਸਲੀ ਇੰਗਲੈਂਡ ਤੋਂ ਪਰ੍ਹਾਂ ਰੱਖਣੇ ਚਾਹੁੰਦੇ ਸਨ। ਹਰ ਪਰਦੇਸੀ ਨੂੰ ਲੰਡਨ ਦੇ ਮਹੱਲਿਆਂ 'ਚ ਬੰਦ ਕਰਕੇ ਰੱਖਿਆ ਹੋਇਆ ਸੀ, ਜਿਵੇਂ ਭੇਡਾਂ ਦੇ ਵਾੜੇ 'ਚ ਰੱਖੇ ਹੋਣ।

ਸਾਊਥਹਾਲ ਵੀ ਇੰਝ ਸੀ, ਹੈਂਡਜ਼ਵਰਥ ਵੀ ਅਤੇ ਇਲਫੋਰਡ ਵੀ। ਸਾਰੇ ਪੰਜਾਬੀ, ਸੋਮਾਲੀ, ਗੁਜਰਾਤੀ ਅਤੇ ਪੋਲਸਕੀ ਇੱਥੇ ਢੇਰੀ ਕੀਤੇ ਹੋਏ ਸਨ। ਜਿੰਨ੍ਹਾਂ ਦੇ ਬੱਚੇ ਪੜ੍ਹ ਗਏ ਹੌਲ਼ੀ ਹੌਲ਼ੀ ਨਿੱਕਲ਼ ਜਾਂਦੇ ਸੀ। ਪਰ ਇਹ ਸਭ ਬਾਅਦ 'ਚ ਪਤਾ ਲੱਗਿਆ।ਉਨ੍ਹਾਂ ਸਭ ਨੂੰ ਮਿਲਣ ਬਾਅਦ ਮੋਹਨ ਨੇ ਮੈਨੂੰ ਇੱਕ ਮੁੰਡੇ ਦਾ ਨੰਬਰ ਦਿੱਤਾ। ਚੰਗੀ ਗੱਲ ਹੋਈ ਨਹੀਂ ਤਾਂ ਤੋਚੀ ਨਾਲ਼ ਸੜਕਾਂ ਤੇ ਸ਼ਰਾਬ ਪੀਣ ਲੱਗ ਜਾਣਾ ਸੀ। ਨੰਬਰ ਸੁੱਖੇ ਦਾ ਸੀ। ਮੈਂ ਹੀ ਉਸ ਨੂੰ ਤਾਰੀ ਨਾਂ ਦਿੱਤਾ। ਉਸਨੂੰ ਇੰਨਾ ਪਤਾ ਸੀ ਕਿ ਮੈਨੂੰ ਰਹਿਣ ਲਈ ਥਾਂ ਚਾਹੀਦਾ ਸੀ ਅਤੇ ਨੌਕਰੀ। ਸੁੱਖਾ ਇੱਕ ਕਬਾੜਖਾਨਾ ਸੀ ਜਿਸ ਨੂੰ ਅੰਗ੍ਰੇਜ਼ ਪੌਂਡ ਸ਼ਾਪ ਸਦਦੇ ਸੀ, ਕਿਉਂਕਿ ਹਰ ਚੀਜ਼ ਸਸਤੀ ਸੀ, ਅੱਧੀਆਂ ਚੀਜ਼ਾਂ ਇੱਕ ਪੌਂਡ ਲਈ। ਮੈਨੂੰ ਕੰਮ ਸਿਖਾ ਦਿੱਤਾ। ਟਿਲ ਦੇ ਪਿੱਛੇ ਖੜ੍ਹਨਾ, ਅਤੇ ਪੈਸਿਆਂ ਦਾ ਹਿਸਾਬ ਕਰਨਾ। ਦੁਕਾਨ ਦਾ ਮਾਲਿਕ ਪਠਾਣੀ ਸਰਦਾਰ ਸੀ। ਸਵੇਰੇ ਖੋਲ੍ਹ ਕੇ ਚਾਬੀਆਂ ਸੁੱਖੇ ਕੋਲ ਛੱਡ ਜਾਂਦਾ ਸੀ। ਪਰਛਾਵੇਂ ਢਲਨ ਤੇ ਮੈਂ ਆ ਖਲੋਂਦਾ ਸੀ। ਅੱਠ ਘੰਟੇ ਲਈ ਕੰਮ ਕਰਦਾ ਸੀ। ਦੁਕਾਨ ਦੇ ਉਪਰ ਕਮਰਾ ਸੀ

ਜਿਥੇ ਸਸਤਾ ਜਿਹਾ ਪਲੰਘ ਡਾਹਿਆ ਸੀ। ਪਹਿਲਾਂ ਮੈਂ ਉਸਤੇ ਪੈਂਦਾ ਸੀ, ਫਿਰ ਸੁੱਖਾ। ਸੁੱਖੇ ਨੂੰ ਖਾਣਾ ਬਣਾਉਣਾ ਆਉਂਦਾ ਨਹੀਂ ਸੀ, ਮੈਨੂੰ ਹੀ ਪਕਾਉਣਾ ਪੈਂਦਾ ਸੀ। ਬਾਥਰੂਮ ਗੰਦਾ ਸੀ, ਲਵਾਬੋ (ਟੋਇਲਟ) ਵੀ।ਸਭ ਗਰਦ ਨਾਲ਼ ਭਰਿਆ ਸੀ। ਪੈਸੇ ਬਹੁਤ ਘੱਟ ਮਿਲਦੇ ਸੀ। ਇੱਥੇ ਸਾਲ ਬੀਤਿਆ। ਇਸ ਸਾਲ ਵਿੱਚ ਮੈਂ ਵੇਖਿਆ ਕੇ ਜੋ ਪੰਜਾਬ 'ਚ ਅੰਗ੍ਰੇਜ਼ੀ ਸਿਖਾਉਂਦੇ ਸੀ ਸੁਆਹ ਖੇਹ ਸੀ। ਕੋਈ ਉਸ ਤਰਾਂ ਦੀ ਇੰਗਲਿਸ਼ ਬੋਲਦਾ ਨਹੀਂ ਸੀ। ਕਦੇ ਵੀ ਇਨ੍ਹਾਂ ਲੋਕਾਂ ਦੀਆਂ ਗੱਲਾਂ ਦੀ ਸਮਝ ਪੈਂਦੀ ਨਹੀਂ ਸੀ! ਪਹਿਲਾਂ ਪਹਿਲਾਂ ਤਾਂ ਗੋਰਿਆਂ ਨਾਲ਼ ਬੋਲਣ ਤੋਂ ਵੀ ਡਰ ਲਗਦਾ ਸੀ। ਹੌਲ਼ੀ ਹੌਲ਼ੀ ਪਤਾ ਲੱਗਾ ਕਿ ਅੰਗ੍ਰੇਜ਼ੀ ਦੇ ਕਈ ਰੰਗ ਨੇ। ਉੱਚੀ ਪੜ੍ਹਾਈ ਵਾਲ਼ਿਆਂ ਦੀ ਬੋਲੀ ਹੋਰ ਸੀ, ਅਤੇ ਆਮ ਜਨਤਾ ਦਾ ਸੁਰ ਦੁਬਾਅ ਹੋਰ ਸੀ। ਜਿਆਦਾ ਗੋਰੇ ਤਾਂ ਭੁੱਡੂ ਡੰਗਰ ਹੀ ਸਨ। ਉਨ੍ਹਾਂ ਦੇ ਜਵਾਕ ਕਾਲ਼ਿਆਂ ਵਾਂਗ ਬੋਲਣਾ ਪਸੰਦ ਕਰਦੇ ਸੀ। ਨਾਲ਼ੇ ਜਿੱਥੇ ਇੰਡੀਆ ਵਿੱਚ ਸਾਰੇ ਇੱਕ ਰੰਗਾਂ ਦੇ ਲੋਕ ਸੀ, ਭਾਵੇਂ ਪੱਕੇ ਰੰਗ ਦੇ ਜਾਂ ਦੁੱਧ ਰੰਗ ਦੇ; ਇੱਥੇ ਦੁਨੀਆ ਦੀ ਹਰ ਕੌਮ ਸੀ। ਕੋਈ ਜਾਤ ਪਾਤ ਦਾ ਫਰਕ ਨਹੀਂ ਸੀ। ਪਰ ਮੁਸਲਮਾਨਾਂ ਨੂੰ ਨਫਤਰ ਕਰਦੇ ਸੀ। ਉਨ੍ਹਾਂ ਲਈ ਹਰ ਪੱਗ ਵਾਲ਼ਾ ਮੁਸਲਮਾਨ ਸੀ ਅਤੇ ਹਰ ਦੇਸੀ ਆਦਮੀ ਉਗਰਵਾਦੀ ਸੀ। ਸਾਨੂੰ ਸਭ ਨੂੰ ਪੈਕੀ ਆਖਦੇ ਸੀ। ਗੋਰਿਆਂ ਦੀ ਗੱਲ ਤਾਂ ਵੱਖਰੀ ਸੀ। ਸਾਡੇ ਲੋਕ ਜੋ ਇਸ ਦੇਸ਼ ਦੇ ਜੰਮੇ ਸਨ, ਸਾਨੂੰ ਚੰਡਾਲ਼ਾਂ ਤੋਂ ਨੀਚੇ ਸਮਝਦੇ ਸੀ। ਕੇਵਲ ਅੰਗ੍ਰੇਜ਼ੀ ਬੋਲਣਾ ਚਾਹੁੰਦੇ ਸੀ ਅਤੇ ਪੰਜਾਬੀ ਹਿੰਦੀ ਬੋਲਣ ਵਾਲ਼ੇ ਨੂੰ ਬੁੱਧਹੀਨ ਸਮਝਦੇ ਸੀ। *ਆਫ ਦਾ ਬਾਓਟ ਫ੍ਰੈਸ਼ੀ* ਸੱਦਦੇ ਸੀ। ਕਲਚਰ ਦੇ ਤੌਰ ਤੇ ਉਨ੍ਹਾਂ ਤੇ ਸਾਡੇ ਵਿੱਚ ਬਹੁਤ ਫਾਸਲਾ ਸੀ। ਇਸ ਲਈ ਅਸੀਂ ਹਮ੍ਰਾਤੜ ਤਮ੍ਰਾਤੜ ਹੀ ਰਹਿੰਦੇ ਸੀ। ਦੂਜੇ ਪਾਸੇ ਮੈਂ ਮੰਨਦਾ ਹਾਂ ਕਿ ਅਸੀਂ ਪੈਸਿਆਂ ਲਈ ਲਾਲਚੀ ਸੀ, ਸੋਚਾਂ 'ਚ ਤੰਗ ਵੀ ਸੀ। ਉਨ੍ਹਾਂ ਵਿੱਚ ਕੋਈ ਜਾਤ ਪਾਤ ਨਹੀਂ ਸੀ, ਕੋਈ ਜਨਾਨੀ ਬੰਦੇ ਦੇ ਹੱਕਾਂ 'ਚ ਫਾਸਲਾ ਨਹੀਂ ਸੀ ਅਤੇ ਵੱਢੀ ਨੂੰ ਤਾਂ ਨਫਰਤ ਕਰਦੇ ਸੀ। ਪਰ ਇਹ ਤਾਂ ਹਰ ਵਲੈਤ ਦੇ ਵਾਸੀ ਦੀ ਸੱਭਿਅਤਾ ਸੀ।

ਮੋਹਨ ਨੇ ਸੁੱਖੇ ਨੂੰ ਦੱਸਿਆ ਸਾਊਥਹਾਲ 'ਚੋਂ ਬਾਹਰ ਸਲਾਓ ਦੁਕਾਨ ਸੀ ਜਿੱਥੇ ਵੱਧ ਪੈਸੈ ਮਿਲਦੇ ਸੀ, ਅਤੇ ਉਨ੍ਹਾਂ ਨੂੰ ਇੱਕ ਕਾਮੇ ਦੀ ਲੋੜ ਸੀ। ਜਦ ਸੁੱਖੇ ਨੂੰ ਨੌਕਰੀ ਮਿਲ ਗਈ ਉਸ ਨੇ ਦੁਕਾਨਦਾਰ ਨਾਲ਼ ਮਿੰਨਤਾਂ ਕੀਤੀਆਂ ਮੈਨੂੰ ਵੀ ਨੌਕਰੀ ਦੇਣ ਲਈ। ਬੰਦਾ ਸਿੱਖ ਸਰਦਾਰ ਸੀ ਜਿਸ ਨੇ ਸੁਬਕਦੇਸ਼ ਹੋਣਾ ਸੀ। ਉਹ ਲਈ ਮੰਨ ਗਿਆ। ਮੈਨੂੰ ਮਹੀਨੇ ਦਾ ਛੇ ਸੌ ਮਿਲਦਾ ਸੀ। ਸੁੱਖੇ ਨੇ ਤਾਂ ਵਾਪਸ ਪੰਜਾਬ ਪੈਸੇ ਭੇਜਣੇ ਸੀ, ਪਰ ਮੈਂ ਆਪਣੇ ਲਈ ਰੱਖੇ। ਹੁਣ ਮੈਂ ਵੀ ਇੰਗਲੈਂਡ ਵੇਖਣਾ ਚਾਹੁੰਦਾ ਸੀ। ਪਰ ਪਹਿਲਾਂ ਦਿਹਾੜੀ ਲਾਉਣੀ ਪੈਂਦੀ ਸੀ। ਜਦ ਕੰਮ ਮੁਕ ਜਾਂਦਾ ਸੀ ਨੀਂਦ ਭਾਰੂ ਹੋ ਜਾਂਦੀ ਸੀ। ਸਰਦਾਰ ਨੂੰ ਕੰਮ ਲੈਣਾ ਆਉਂਦਾ ਸੀ। ਸੁੱਖਾ ਕਦ ਦਾ ਇੱਥੇ



ਆਇਆ ਅਤੇ ਕੰਮ ਹੀ ਕੀਤਾ। ਮੁਲਕ ਤਾਂ ਵੇਖਿਆ ਨਹੀਂ। ਕਿਉਂਕਿ ਮੇਰੇ ਵਾਂਗ ਦੋ ਨੰਬਰ ਬੰਦਾ ਸੀ ਟੈਕਸੀ ਵੀ ਡਰਾਈਵ ਨਹੀਂ ਕਰ ਸਕਦਾ ਸੀ। ਪਾਗਲਾਂ ਵਾਂਗ ਦਿਨ ਰਾਤ ਕੰਮ ਕਰਦਾ ਸੀ। ਪੈਸੇ ਮਾਂ-ਪਿਓ ਕੋਲ਼ ਜਾਂਦੇ ਹੋਣ ਕਰਕੇ ਖੁਦ ਅਨੰਦ ਨਹੀਂ ਲੈ ਸਕਦਾ ਸੀ। ਗੁੰਡਿਆਂ ਨੇ ਇਥੇ ਲਿਆਂਦਾ ਕਰਕੇ ਛੇ ਸੌ 'ਚੋਂ ਸੌ ਉਨ੍ਹਾਂ ਨੂੰ ਵੀ ਦੇਣਾ ਪੈਂਦਾ ਸੀ। ਕਾਲ਼ੇ ਧਨ ਦਾ ਨਤੀਜਾ ਹੈ ਚੋਰ ਪੈਸੇ ਲੁੱਟਦੇ ਨੇ। ਮੇਰਾ ਇਸ ਥਾਂ ਵੀ ਸਾਲ ਬੀਤ ਗਿਆ। ਪਰ ਮੈਂ ਆਪਣੇ ਆਪਨੂੰ ਹੁਣ ਇਸ ਜੇਲ੍ਹ 'ਚੋਂ ਕੱਢਣਾ ਚਾਹੁੰਦਾ ਸੀ ਜਿਵੇਂ ਕਿਵੇਂ ਵੀ। ਸੁੱਖਾ ਤਾਂ ਇਮਾਨਦਾਰ ਹੈ, ਪਰ ਮੈਂ ਨਹੀਂ ਇਸ ਤਰਾਂ ਦਾ ਬੰਦਾ। ਮੈਨੂੰ ਪਤਾ ਸੀ ਉਸਨੇ ਤਾਂ ਦਸ ਸਾਲ ਤੱਕ ਵੀ ਇੱਦਾਂ ਹੀ ਤਕਲੀਫ਼ਾਂ ਉਠਾਉਣੀਆਂ ਨੇ, ਪਰ ਵਲਾਇਤ ਨਹੀਂ ਵੇਖਣਾ, ਸੁੱਖ ਨਹੀਂ ਦੇਖਣਾ। ਮੈਂ ਹੋਰ ਇੰਝ ਨਹੀਂ ਰਹਿ ਸਕਦਾ ਸੀ। ਮੈਂ ਤੋਚੀ ਨੂੰ ਫੋਨ ਕੀਤਾ।ਮੇਰੀ ਤਦਬੀਰ ਸੀ ਫਿਰ ਪਾਪੀ ਬਣਨ ਦੀ। ਤਾਰੀ ਮਾਰਕੇ ਦੇਵ ਵਾਪਸ ਲਿਆਉਣਾ ਸੀ। ਤੋਚੀ ਹੁਣ ਤੱਕ ਸੜਕਾਂ ਤੇ ਸ਼ਰਾਬੀ ਹੋ ਕੇ ਅੱਡਿਆਂ ਹੱਥਾਂ ਨਾਲ਼ ਗਜ਼ਰ ਦਾ ਸੀ। ਨਿੱਤ ਗਰਾਜ 'ਚੋਂ ਨਿੱਕਲ ਕੇ ਕੰਮ ਕਰਦਾ ਸੀ। ਹਾਰ ਕੇ ਆਵਾਸ ਅਫਸਰਾਂ ਦੇ ਧੱਕੇ ਚੜ੍ਹ ਗਿਆ ਸੀ ਅਤੇ ਹੋਰ ਕਈਆਂ ਨਾਲ਼ ਜਹਾਜ਼ ਤੇ ਇੰਡੀਆ ਵਾਪਸ ਭੇਜ ਦਿੱਤਾ ਗਿਆ ਸੀ ਖਾਲ਼ੀ ਹੱਥ। ਪਰ ਤੋਚੀ ਬਚ ਗਿਆ ਸੀ ਕਿਉਂਕਿ ਉਸ ਦਿਨ ਉਹ ਕਿਸੇ ਅਮੀਰ ਲੁੱਚੇ ਦੀ ਸੇਜ 'ਚ ਸਾਂਝੀਵਾਨ ਸੀ। ਇਸ ਤਰਾਂ ਉਸਨੇ ਅਪਰਾਧ 'ਚ ਪੈਰ ਰੱਖਿਆ। ਦੋ ਮਹੀਨਿਆਂ 'ਚ ਖੂਬ ਪੈਸੇ ਬਣਾ ਕੇ ਇੱਕ ਲੁੱਚ ਮੰਡਲੀ 'ਚ ਸ਼ਾਮਲ ਹੋ ਗਿਆ ਸੀ। ਨਕਲੀ ਨਾਂ ਵਰਤ ਕੇ ਕਾਰ ਚਲਾਉਣ ਲੱਗ ਪਿਆ। ਕਦੇ ਕਿਸੇ ਆਦਮੀ ਨਾਲ਼ ਜਾਂਦਾ ਸੀ, ਕਦੇ ਕਿਸੇ ਜਨਾਨੀ ਨਾਲ਼। ਹਰ ਬਾਰ ਪੈਸਿਆਂ ਲਈ। ਜਦ ਇਹ ਕੰਮ ਨਹੀਂ ਕਰਦਾ ਸੀ ਟੈਕਸੀ ਨੂੰ ਜੱਫਾ ਪਾਉਂਦਾ ਸੀ। ਇਸ ਤਰਾਂ ਕੁੜੀਆਂ ਦਾ ਠਾਕਾ ਲਾਉਂਦਾ ਸੀ। ਮੇਰਾ ਕਹਿਣ ਦਾ ਮਤਲਬ ਹੈਂ ਵਲਾਇਤ ਵਿੱਚ ਇੱਕ ਦੋਸ਼ੀ ਕੰਮ ਹੈਂ ਜਦ ਕੰਜਕ ਦੀ ਵੱਸ ਕਰਦੇ ਹੈ, *ਗਰੂਮਿੰਗ* ਕਰਦੇ ਆਦਮੀ ਨੂੰ ਖ਼ੁਸ਼ ਰੱਖਣ ਲਈ। ਮਤਲਬ ਕੁਆਰੀ ਦਾ ਜਿਸਮ ਵੇਚਦੇ ਨੇ।

ਕੁੜੀ ਭਾਵੇਂ ਸਕੂਲ ਜਾਂਦੀ ਹੋਵੇ, ਪਰ ਟੈਕਸੀ ਵਾਲ਼ੇ ਜਾਂ ਹੋਰ ਬੰਦੇ ਉਸ ਨੂੰ ਅੱਡੇ 'ਚ ਲੈ ਜਾਂਦੇ ਨੇ। ਜੇ ਕੁੱਝ ਬੋਲ਼ੀ ਮਾਂ-ਪਿਓ ਨੂੰ ਜਾਂ ਫਿਰ ਉਸਨੂੰ ਮਾਰ ਦਿੰਦੇ ਨੇ। ਆਮ ਗੱਲ ਬਣ ਗਈ ਹੈ ਕਿ ਕੁੜੀਆਂ ਜਿਆਦਾ ਗੋਰੀਆਂ ਸਨ, ਅਤੇ ਵੱਸ ਕਰਨ ਵਾਲੇ, ਗਰੂਮਰ ਪੰਜਾਬੀ ਹੁੰਦੇ ਸਨ। ਆਮ ਪਾਕਿਸਤਾਨ ਦੇ ਵਾਸੀ, ਪਰ ਕਦੇ ਕਦੇ ਭਾਰਤੀ ਵੀ ਇਸ ਕੰਮ ਵਿੱਚ ਪੰਗੇ ਲੈਂਦੇ ਸੀ। ਕੁੱਝ ਪੰਜਾਬਣਾਂ ਵੀ ਵਿੱਚ ਫਸ ਗਈਆਂ, ਖਾਸ ਕਰ ਇੰਡੀਆਂ ਤੋਂ ਨਵੀਆਂ ਆਈਆਂ ਜਾਂ ਸਿੱਖ ਘਰਾਂ ਦੀਆਂ ਭੋਲ਼ੀਆਂ ਧੀਆਂ ਜਿੰਨ੍ਹਾਂ ਨੂੰ ਪਿਆਰ ਦੇ ਵਾਅਦੇ ਦਿੱਤੇ ਗਏ ਸੀ। ਤੋਚੀ ਨੇ ਤਾਂ ਹੁਣ ਇੰਡੀਆ ਦਾ ਵੀ ਚੱਕਰ ਮਾਰ ਲਿਆ ਸੀ। ਉਸਨੂੰ ਵੱਡਾ ਬਿਜ਼ਨਸਮੈਨ ਆਖਦੇ ਸੀ।

ਮੈਂ ਵੀ ਇਸ ਟੋਲੇ 'ਚ ਸ਼ਾਮਲ ਹੋ ਗਿਆ।ਮੈਂ ਰਾਤ ਨੂੰ ਦੇਵ ਨਾਂ ਹੇਠ ਟੈਕਸੀ ਚਲਾਉਂਦਾ ਸੀ। ਦਿਨੇ ਬਾਰਾਂ ਤੇਰਾਂ ਸਾਲਾਂ ਦੀਆਂ ਕੁੜੀਆਂ ਨੂੰ ਸਕੂਲਾਂ 'ਚੋਂ ਮਿੱਠੀਆਂ ਗੱਲਾਂ ਕਰਕੇ ਦੋਸਤ ਬਣਾਉਂਦਾ ਸੀ। ਕਾਲਜ ਵਾਲ਼ਿਆਂ ਨੇ ਤਾਂ ਪੁਲ਼ਸ ਨੂੰ ਤਾਰੀ ਨਾਂ ਦਿੱਤਾ ਸੀ, ਪਰ ਉਹ ਤਾਂ ਚੋਰ ਬਜ਼ਾਰ 'ਚ ਗੁੰਮ ਗਿਆ ਸੀ! ਜਦ ਕੋਈ ਬੇਵਕੂਫ਼ ਕੁੜੀ ਫਸਾ ਲਈ, ਉਸ ਨੂੰ ਪਹਿਲਾਂ ਆਪ ਹਰਾਮਕਾਰੀ ਕਰਦਾ ਸੀ, ਇਹ ਕਹਿਕੇ, *ਆਇ ਲਵ ਯੂ.* ਬਾਅਦ ਤੋਚੀ ਦੇ ਗੈਂਗ ਕੋਲ਼ ਕਸਬਨ ਬਣਾਕੇ ਵੇਚ ਦਿੰਦਾ ਸੀ। ਜੇ ਕੋਈ ਕੁੜੀ ਉਲਾਹਮਾ ਦੇਵੇ, ਉਸ ਨੂੰ ਦੱਸਦਾ ਸੀ ਜੇ ਬਹੁਤਾ ਰੌਲ਼ਾ ਪਾਇਆ ਤਾਂ ਉਸ ਦੇ ਟੱਬਰ ਨੂੰ ਮਾਰ ਮੁਕਾਉਣਾ ਹੈ। ਸੌਖੇ ਪੈਸੇ ਬਣਦੇ ਗਏ ਇਸ ਤਰਾਂ। ਟੈਕਸੀ ਆਮ ਚੰਗੇ ਬੰਦੇ ਚਲਾਉਂਦੇ ਸੀ, ਪਰ ਮਿੰਨੀ ਕੈਬਾਂ 'ਚ ਮੇਰੇ ਵਰਗੇ ਬੰਦੇ ਨਕਲੀ ਆਗਿਆ ਪੱਤਰ ਨਾਲ਼ ਦਾਖਲ ਹੋ ਜਾਂਦੇ ਸਨ। ਹਰ ਰਾਤ ਮੈਂ ਸੜਕਾਂ ਤੇ ਗੰਦੇ ਦ੍ਰਿਸ਼ ਦੇਖਦਾ ਸੀ। ਪੁਰਸ਼ ਆਵਦੀਆਂ ਸਤਵੰਤੀਆਂ ਦੇ ਪਿੱਠਾਂ ਪਿੱਛੇ ਹੋਰਾਂ ਨਾਲ਼ ਕਾਮ ਕਰਦੇ ਸੀ। ਲੋਕਲ ਗੋਰੇ ਗੋਰੀਆਂ ਕਲੱਬਾਂ 'ਚੋਂ ਨਿੱਕਲ਼ਦੇ ਸ਼ਰਾਬੀ ਹੋਏ ਸੜਕਾਂ ਤੇ ਸ਼ਰ੍ਹਲਾ ਛੱਡਦੇ ਸੀ ਜਾਂ ਉਲਟੀ ਕਰਦੇ ਸੀ। ਆਪਸ ਵਿੱਚ ਹੱਟੇ-ਕੱਟੇ ਮੁੰਡੇ ਲੜਦੇ ਵੀ ਸੀ। ਕਲੱਬਾਂ ਦੇ ਰਾਖਿਆਂ ਨਾਲ਼ ਲੜਦੇ ਸੀ। ਸਾਡੀਆਂ ਹਿੰਦੀ ਫਿਲਮਾਂ 'ਚ ਸਾਡੇ ਲੋਕ ਵੀ ਇੰਝ ਦਿਖਾਉਂਦੇ ਨੇ ਪਰ ਸਚਾਈ ਵਿੱਚ ਸਾਡੇ ਲੋਕਲ ਲੋਕ ਗਿਣਤੀ ਦੇ ਸੀ। ਜਿਆਦਾ ਤਾਂ ਪੜ੍ਹਾਈ ਵੱਲ ਜਾ ਕਮਾਈ ਕਰਨ 'ਚ ਰੁੱਝੇ ਰਹਿੰਦੇ ਸਨ। ਸਿਵਾ ਮੇਰੇ ਵਰਗੇ ਕੁੱਝ ਲੋਕਾਂ ਦੇ।ਟੈਕਸੀ ਵਿੱਚ ਲੰਡਨ ਦੇਖ ਲਿਆ। ਸੱਚ-ਮੁੱਚ ਰਣਜੀਤਪੁਰ ਵਰਗਾ ਸੀ। ਇੱਕ ਪਾਸੇ ਸ਼ਹਿਰ ਭੱਦਰ ਪੁਰਖ ਵਾਂਗ ਸੀ ਪਰ ਦੂਜੇ ਪਾਸੇ ਜਿੰਝ ਉਹੀ ਪੁਰਖ ਲੁੱਚਾ ਵੀ ਬਣ ਸਕਦਾ, ਸ਼ਹਿਰ ਵੀ ਉਚੱਕਾ ਸੀ! ਪਰ ਨਾਲ਼ ਹੀ ਇਤਿਹਾਸ ਸੀ, ਲੰਬੇ ਲੰਬੇ ਬਿਜਮੰਦਰ ਸਨ, ਰੌਂਖ ਸੀ, ਅਜਾਇਬ ਘਰ ਸਨ, ਕਲਾ ਸੀ, ਸੰਗੀਤ ਸੀ। ਸਾਹਿਤ ਨਾਲ਼ ਗੋਰੇ ਇੰਨਾ ਪਿਆਰ ਕਰਦੇ ਸੀ ਕਿ ਹਰ ਹੱਥ ਵਿੱਚ ਰਸਾਲੇ, ਨਾਵਲ ਆਦਿ ਸਨ। ਦੁਨੀਆ ਦੀ ਹਰ ਕੌਮ ਇੱਥੇ ਰਹਿੰਦੀ ਸੀ, ਹਰ ਮੁਲਕ ਦਾ ਪਰਸ਼ਾਦ ਪਾਣੀ ਮਿਲਦਾ ਸੀ ਇੱਥੇ। ਜੋ ਕੁਝ ਵਰ੍ਹਿਆਂ ਲਈ ਦੁਕਾਨਾਂ 'ਚ ਖੜ੍ਹ ਕੇ ਦੇਖ ਨਹੀਂ ਸਕਿਆ, ਟੈਕਸੀ ਚਲਾ ਕੇ ਦੇਖ ਲਿਆ। ਕਦੇ ਗੋਰੇ ਸਵਾਰ ਦੂਰ ਲੈ ਕੇ ਜਾਣੇ ਪੈਂਦੇ ਸੀ। ਮੈੜ ਇਸ ਤਰਾਂ ਵੇਖ ਲਿਆ ਜਿਵੇਂ ਪੰਜਾਬ ਵਾਂਗ ਪਿੰਡਾਂ 'ਚ ਰਹਿੰਦੇ ਸਨ।ਖੁਲ੍ਹੇ ਚੰਗੇ ਘਰ, ਖੁੱਲ੍ਹੇ ਖੇਤ ਅਤੇ ਸੁੰਦਰ ਬਾਗ। ਪਰ ਸਾਊਥਹਾਲ ਤੋਂ ਇਹ ਦੁਨੀਆ ਜਿਆਦਾ ਦੂਰ ਸੀ। ਸਾਊਥਾਹਲ 'ਚ ਤਾਂ ਮਕਾਨ ਉੱਤੇ ਮਕਾਨ ਸੀ। ਸਭ ਜੁੜੇ ਜਿਵੇਂ ਸੰਗਲ਼ ਦੀਆਂ ਕੜੀਆਂ ਹੋਣ। ਜਿੰਨਾ ਥਾਂ ਇੱਕ ਪਿੰਡ ਦੀ ਹਵੇਲੀ ਦੇ ਚਮਨ 'ਚ ਸੀ ਓਨੇ 'ਚ ਤਾਂ ਸਾਊਥਹਾਲ ਦੇ ਦੋ ਘਰ ਆ ਜਾਣ। ਉਂਝ ਪੜ੍ਹੇ ਲਿਖੇ ਪੰਜਾਬੀ ਵੀ ਰੀਤ ਛੱਡ ਕੇ, ਜੜਾਂ ਛੱਡ ਕੇ ਬਾਹਰ ਨਿੱਕਲ਼ ਕੇ ਇਨ੍ਹਾਂ ਇਲਾਕਿਆਂ 'ਚ ਵੱਸਣ ਲੱਗ ਪਏ ਸੀ।



ਟੈਕਸੀ ਵਿੱਚ ਲੰਡਨ ਦੇਖ ਲਿਆ, ਮੇਰਾ ਲੰਡਨ। ਕਿੰਗ ਕਰਾਸ ਦੇ ਸੜਕਾਂ ਤੇ ਅੱਧੀਆਂ ਨੰਗੀਆਂ ਅਫ਼ੀਮਣਾਂ ਪਿੰਡੇ ਵੇਚਦੀਆਂ ਸੀ, ਸਿਰਫ ਰੋਟੀ ਖਾਣ ਵਾਸਤੇ। ਹਰ ਕੋਲ਼ ਦੱਲਾ ਸੀ, ਜਿਹੜਾ ਉਨ੍ਹਾਂ ਨੂੰ ਕੁੱਟਦਾ ਜੇ ਉਸਨੂੰ ਦਸਵੰਧ ਨਾ ਦਿੰਦੀਆਂ। ਹਰ ਸੜਕ ਤੇ ਗੁੰਡੇ ਅਫ਼ੀਮ ਵੇਚਦੇ ਸੀ। ਪੁਲ਼ਸ ਵਿੱਚ ਵੀ ਹਰ ਪੰਜ ਇਮਾਨਦਾਰ ਅਫਸਰਾਂ 'ਚੋਂ ਇੱਕ ਸਾਡੇ ਵਰਗਿਆਂ ਨੇ ਜੇਬ ਵਿੱਚ ਰੱਖਿਆ ਸੀ। ਸਭ ਨੂੰ ਪਤਾ ਸੀ ਕਿ ਹਿੰਦੁਸਤਾਨੀਆਂ ਦੀ ਆਦਤ ਸੀ ਗਹਿਣੇ ਰੱਖਣ ਦੀ। ਇਸ ਲਈ ਇਕੱਲੇ ਰਹਿੰਦੇ ਵਡੇਰਿਆਂ ਨੂੰ ਲੁੱਟਦੇ ਸੀ, ਹਰ ਬੀਬੀ ਤੋਂ ਸੜਕ ਤੇ ਕੁੱਝ ਨਾ ਕੁੱਝ ਖੋਹ ਲੈਂਦੇ ਸੀ। ਸਾਡਾ ਗੈਂਗ ਵੀ ਇਨ੍ਹਾਂ ਚੱਕਰਾਂ 'ਚ ਸੀ। ਹੌਲ਼ੀ ਹੌਲ਼ੀ ਇਸ ਤਰਾਂ ਮੈਂ ਆਵਦਾ ਫਲੈਟ ਲੈ ਲਿਆ ਸੀ। ਇੱਥੇ ਤੋਚੀ ਵੀ ਆਵਦੇ ਸ਼ਿਕਾਰ ਲਿਆਉਂਦਾ ਸੀ। ਤੋਚੀ ਵੀ ਸ਼ੈਤਾਨ ਨਿੱਕਲ਼ਿਆ। ਉਸ ਨੇ ਸਕੀਮ ਸ਼ੁਰੂ ਕਰ ਲਈ ਜਿੱਥੇ ਗੁਰਦੁਆਰਿਆਂ ਤੋਂ ਬਚਿਆ ਮਾਲ ਖਰੀਦ ਕੇ ਉਨ੍ਹਾਂ ਹੀ ਦੁਕਾਨਾਂ ਨੂੰ ਵੇਚਦਾ ਸੀ ਜਿੱਥੋਂ ਲੋਕਾਂ ਨੇ ਪਹਿਲਾਂ ਖਰੀਦਿਆ ਹੁੰਦਾ ਸੀ। ਮੈਂ ਵੀ ਇਸ ਕੰਮ 'ਚ ਪੈ ਗਿਆ।ਪਰ ਇਹ ਨਾ ਸੋਚੋ ਕਿ ਇਹ ਮੁਲਕ ਇੰਡੀਆ ਵਰਗਾ ਹੀ ਹੈ। ਸਾਨੂੰ ਪੂਰਾ ਡਰ ਸੀ ਕਿ ਅਸੀਂ ਫੜੇ ਜਾਵਾਂਗੇ। ਕਨੂੰਨ ਤੋਂ ਡਰਦੇ ਸੀ। ਇੱਥੇ ਜੇ ਦੋਸ਼ੀ ਫੜ ਹੋ ਜਾਂਦੈ ਤਾਂ ਲੋਕਾਂ ਨੂੰ ਇਨਸਾਫ ਮਿਲ ਜਾਂਦਾ ਹੈ। ਬਹੁਤ ਘੱਟ ਚਾਂਸ ਹਨ ਵੱਢੀ ਦੇਣ ਜਾਂ ਲੈਣ ਦੇ। ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰਨਾ ਜਾਣਦੇ ਸੀ ਇੱਥੇ ਦੇ ਜੱਜ। ਵੱਡੇ ਲੋਕਾਂ ਜਾਂ ਵੱਡੇ ਦੋਸ਼ਾਂ 'ਚ ਹਰਾਮੀ ਵੀ ਹੈਗੇ ਸਨ, ਪਰ ਆਮ ਆਦਮੀ ਦੀ ਜ਼ਿੰਦਗੀ ਤੇ ਕੋਈ ਅਸਰ ਨਹੀਂ ਹੁੰਦਾ ਸੀ। ਰਿਸ਼ਵਤ ਕੋਈ ਦਿੰਦਾ ਜਾਂ ਲੈਂਦਾ ਨਹੀਂ ਸੀ । ਗੋਰਿਆਂ ਅਤੇ ਇੱਥੇ ਪਲ਼ੇ ਹੋਏ ਪੰਜਾਬੀਆਂ ਲਈ ਇਹ ਸੱਚ ਹੈ। ਪਰ ਅਸੀਂ ਤਾਂ ਪੰਜਾਬ ਦੇ ਪਲ਼ੇ ਹੋਏ ਸਾਂ ਅਤੇ ਨੰਬਰ ਇੱਕ ਤੰਗਦਿਲ ਅਤੇ ਖੋਚਰ ਸਾਂ!ਇੱਕ ਦਿਨ ਮੇਰੇ ਫਲੈਟ 'ਚ ਬੁੱਧੂ ਤੋਚੀ ਨੇ ਇੱਕ ਨੌਂ ਸਾਲਾਂ ਦੀ ਕੁੜੀ ਮੂੰਹ ਕਾਲ਼ੇ ਕਰਦੇ ਨੇ ਮਾਰ ਦਿੱਤੀ। ਮੈਂ ਫਸ ਗਿਆ।

ਗੈਂਗ ਨੇ ਮਦਦ ਕੀਤੀ ਲਾਸ਼ ਨੂੰ ਠੇਮਜ਼ ਦਰਿਆ ਦੀ ਡੂੰਘਾਈ 'ਚ ਸੁੱਟਣ ਲਈ। ਪਰ ਹੁਣ ਪੁਲ਼ਸ ਤਾਂ ਸਾਡੇ ਮਗਰ ਆ ਸਕਦੀ ਸੀ। ਮੈਨੂੰ ਹੁਕਮ ਹੋਇਆ ਉਸਨੂੰ ਸ਼ੂਟ ਕਰਨ ਦਾ। ਸੋ ਮੈਂ ਤੋਚੀ ਨੂੰ ਸਾਊਥਹਾਲ 'ਚੋਂ ਬਾਹਰ ਲੈ ਗਿਆ ਆਵਦੀ ਟੈਕਸੀ ਵਿੱਚ। ਰਾਹ ਵਿੱਚ ਸ਼ਰਾਬ ਪਿਲਾਈ ਗਿਆ। ਇਸ ਤਰਾਂ ਅਸੀਂ ਮਾਰਗੈਟ ਪੁੱਜੇ ਜੋ ਕੈਂਟ ਦਾ ਇੱਕ ਸਮੁੰਦਰੀ ਨਗਰ ਹੈ। ਇੱਥੇ ਉਸਨੂੰ ਗੱਡੀ ਵਿੱਚੋਂ ਨਾਲ਼ ਲੈ ਕੇ ਸ਼ਰਾਬ ਦੇ ਸਰੂਰ 'ਚ ਹੱਸਦੇ ਹੱਸਦੇ ਬੀਚ ਤੇ ਪਹੁੰਚ ਗਏ। ਉੱਥੇ ਇੱਕ ਘਾਟ ਸੀ ਜਿਹੜਾ ਵਧੀ ਹੋਈ ਬਾਂਹ ਵਾਂਗ ਸਮੁੰਦਰ 'ਚ ਜਾਂਦਾ ਸੀ। ਇਸ ਦੇ ਸ਼ਤੀਰ ਹੇਠ ਬਹਿ ਗਏ ਸਨ। ਪੰਜ ਸਾਲ ਹੋ ਗਏ ਸੀ ਜਦ ਦਾ ਮੈਂ ਕਿਸੇ ਦਾ ਖ਼ੂਨ ਕੀਤਾ ਸੀ। ਹੁਣ ਓਹੀ ਦੇਵ ਵਾਪਸ ਆ ਗਿਆ ਸੀ। ਮੈਂ ਤੋਚੀ ਦੇ ਸਿਰ ਉੱਤੇ ਪਲਾਸਟਿਕ ਦਾ ਲਿਫਾਫਾ ਪਾ ਦਿੱਤਾ। ਫਿਰ ਖਿੱਚਿਆ ਜੋਰ ਨਾਲ਼। ਉਸਦਾ ਸਾਹ ਹੀ ਰੋਕ ਦਿੱਤਾ।

ਮੱਛੀ ਵਾਂਗ ਵੱਟ ਖਾਂਦਾ ਤੜਫਦਾ ਮਰ ਗਿਆ। ਫਿਰ ਮੈਂ ਉਸ ਨੂੰ ਪਾਣੀ ਵਿੱਚ ਸਿੱਟ੍ਹ ਦਿੱਤਾ। ਪੁਲ਼ਸ ਨੂੰ ਲੱਗੂਗਾ ਕਿ ਕੋਈ ਸੈਲਾਨੀ ਡੁੱਬ ਗਿਆ। ਜਦ ਉਸ ਦੀ ਸ਼ਨਾਖਤ ਕਰਨ ਦੀ ਕੋਸ਼ਿਸ਼ ਕਰਨਗੇ ਕੁੱਝ ਨਹੀਂ ਪੱਲੇ ਪੈਣਾ ਕਿਉਂਕਿ ਤੋਚੀ ਫੌਜੀ ਸੀ। ਮੈਂ ਟੈਕਸੀ ਗੈਟਵਿਕ ਦੇ ਹਵਾਈ ਅੱਡੇ ਤੇ ਛੱਡ ਕੇ ਟਰੇਨ 'ਚ ਘਰ ਆ ਗਿਆ। ਅਗਲੇ ਦਿਨ ਫਲੈਟ ਵੇਚਣ ਲਈ ਲਾ ਦਿੱਤਾ ਅਤੇ ਸਾਊਥਹਾਲ 'ਚੋਂ ਨਿੱਕਲ ਗਿਆ। ਗੈਂਗ ਨੇ ਪੈਸੇ ਦਿੱਤੇ ਸੀ ਅਤੇ ਮੈਨੂੰ ਬਰਮਿੰਗਮ ਭੇਜ ਦਿੱਤਾ। ਫਲੈਟ ਦੀ ਤਲਾਫੀ ਮਿਲ ਗਈ ਸੀ। ਹੁਣ ਮੈਂ ਨਵੇਂ ਟੋਲੇ ਦਾ ਤਲੰਗਾ ਸੀ। ਇਸ ਸ਼ਹਿਰ 'ਚ ਪੰਜਾਬੀ ਬਹੁਤ ਨੇ। ਨਵੀਂ ਜਿੰਦਗੀ ਸ਼ੁਰੂ ਕਰਨ ਲੱਗਾ ਸੀ। ਸਾਡੇ ਸਰਦਾਰ ਦਾ ਨਾਂ ਜੈਜ਼ੀ ਸੀ। ਉਹ ਰਾਵਣ ਦਾ ਸਕਾ ਭਰਾ ਸੀ। ਹੁਣ ਮੇਰਾ ਵੀ ਚਿੱਤ ਕਰਦਾ ਸੀ ਗੁੰਡਿਆਂ ਉੱਤੇ ਰਾਜ ਕਰਨ ਨੂੰ। ਇੱਥੋਂ ਮੇਰਾ ਤਨੱਜਲ ਸ਼ੁਰੂ ਹੋਇਆ।ਜੈਜ਼ੀ ਸਿੱਖਾਂ ਦਾ ਮੁੰਡਾ ਸੀ। ਸਿਰ ਢਕਿਆ ਹੁੰਦਾ ਸੀ ਪੱਗ ਨਾਲ਼, ਪਰ ਹਰ ਰਾਤ ਪੱਬਾਂ 'ਚ ਸ਼ਰਾਬ ਪੀਂਦਾ ਸੀ। ਅਫ਼ੀਮ ਵੀ ਖਾਂਦਾ ਸੀ ਅਤੇ ਲੋਕਾਂ ਨੂੰ ਡਰਾ ਕੇ ਰੱਖਦਾ ਸੀ। ਫੁੱਟਬਾਲ ਲਈ ਉਹ ਪਾਗਲ ਸੀ। ਐਸਟਨ ਵਿਲਾ ਦਾ ਸ਼ੌਂਕੀ ਸੀ। ਬਰਤਾਨਵੀ ਸੀ, ਪੰਜਾਬੀ ਮਸਾਂ ਬੋਲ਼ ਸਕਦਾ ਸੀ, ਪਰ ਫਿਰ ਵੀ ਮੇਰੇ ਵਰਗੇ ਗੈਂਗ 'ਚ ਚਾਹੀਦੇ ਸਨ। ਮੇਰੀ ਵੀ ਹੁਣ ਅੰਗ੍ਰੇਜ਼ੀ ਕਾਇਮ ਸੀ। ਮੇਰਾ ਜੈਜ਼ੀ ਲਈ ਪਹਿਲਾ ਕੰਮ ਸੀ ਪੰਜਾਬ ਦੇ ਗੈਰ ਕਾਨੂੰਨੀਆਂ ਨੂੰ ਨੌਕਰੀਆਂ ਦਵਾਉਣਾ। ਸਾਨੂੰ ਪੈਸਾ ਮਿਲਦਾ ਸੀ, ਜਿਸ ਵਿੱਚੋਂ ਉਨ੍ਹਾਂ ਨੂੰ ਵੀ ਹਿੱਸਾ ਦਿੰਦੇ ਸਾਂ। ਕੁੱਝ ਫੌਜੀਆਂ ਨੂੰ ਉਸਰਈਆ ਰਖਵਾਇਆ ਸੀ, ਕੁੱਝ ਦੁਕਾਨਾਂ ਵਿੱਚ ਅਤੇ ਕੁੱਝ ਲੁੱਚੇ ਕੰਮਾਂ ਲਈ। ਜੈਜ਼ੀ ਦੇ ਗੁਲਾਮ ਸਨ ਇਹ ਸਾਰੇ। ਕਿਰਾਏ ਤੇ ਰਹਿੰਦੇ ਸਨ, ਉਹ ਵੀ ਸਾਡੇ ਘਰਾਂ ਵਿੱਚ, ਸੋ ਸਾਨੂੰ ਹੀ ਕਿਰਾਇਆ ਮਿਲਦਾ ਸੀ। ਗਾਰਡਨ ਵਿੱਚ ਕੁੜ੍ਹ ਖੜ੍ਹੇ ਕੀਤੇ ਸੀ ਜਿਸ ਵਿੱਚ ਹੋਰ ਰੱਖ ਕੇ ਕਿਰਾਇਆ ਲੈ ਸਕਦੇ ਸੀ। ਜਦ ਇਹ ਕੰਮ ਨਹੀਂ ਕਰਦਾ ਸੀ, ਮੈਂ ਅਫੀਮ ਵੇਚਦਾ ਸੀ ਜਾਂ ਇੰਡੀਆਂ ਤੋਂ ਨਵੀਆਂ ਆਈਆਂ ਪੰਜਾਬਣਾਂ ਦਾ ਨਕਲੀ ਵਿਆਹ ਕਰਵਾ ਕੇ ਪੈਸੇ ਬਣਾਉਂਦਾ ਸੀ। ਕੁੱਝ ਕੁੜੀਆਂ ਨੂੰ ਮੈਂ ਰੰਡੀਆਂ ਬਣਾ ਕੇ ਰੱਖਿਆ ਸੀ। ਇੱਦਾਂ ਤਾਂ ਹੈਂ ਨਹੀਂ ਸੀ ਕਿ ਉਨ੍ਹਾਂ ਦੇ ਰਿਸਤੇਦਾਰਾਂ ਨੂੰ ਜਾਂ ਸਕੇ-ਸਬੰਧੀਆਂ ਨੂੰ ਪਤਾ ਲੱਗ ਜਾਂਦਾ। ਪੰਜਾਬੀ ਤਾਂ ਪਾਗਲ ਨੇ ਪੈਸੇ ਲਈ ਅਤੇ ਬਾਹਰ ਆਉਣ ਲਈ। ਮੈਂ ਤਾਂ ਹੁਣ ਤੱਕ ਵੇਖ ਚੁੱਕਿਆ ਸੀ ਕਿ ਜਦ ਵੀ ਕੋਈ ਏਥੇ ਰਹਿ ਕੇ ਉਨ੍ਹਾਂ ਨੂੰ ਸੱਚ ਦੱਸਦਾ, ਉਹ ਮੰਨਦੇ ਹੀ ਨਹੀਂ। ਜਦ ਝੂਠ ਬੋਲ ਕੇ ਕਹੀਏ ਕਿ ਪੱਛਮ ਦੀਆਂ ਸੜਕਾਂ 'ਚ ਸੋਨਾ ਹੈ, ਸਭ ਮੰਨ ਜਾਂਦੇ ਨੇ। ਪਹਿਲਾਂ ਮੈਂ ਪੰਜਾਬ 'ਚੋਂ ਲੋਕਾਂ ਨੂੰ ਇੱਥੇ ਭੇਜਦਾ ਸੀ ਪੈਸੇ ਬਣਾਉਣ ਲਈ, ਜੋ ਮਰਜ਼ੀ ਹੋਣਾ ਹੋਵੇ ਉਨ੍ਹਾਂ ਨੂੰ। ਹੁਣ ਜਿਹੜੇ ਆਏ ਹੋਏ ਸੀ ਉਨ੍ਹਾਂ ਦੇ ਫਿਰ ਕੱਪੜੇ ਲਾਹੁੰਦਾ ਸੀ। ਚੰਗੀ ਤਰਾਂ ਨਚੋੜਦਾ ਸੀ, ਵਲਾਇਤ ਦੇ ਸੁਪਨੇ ਲੈਣ ਵਾਲ਼ਿਆਂ ਨੂੰ! ਜੈਜ਼ੀ ਕੱਦ ਦਾ ਲੰਬਾ ਸੀ। ਅੱਖਾਂ ਉਕਾਬੀ



ਸਨ, ਨੱਕ ਤਿੱਖਾ ਅਤੇ ਰੰਗ ਗੋਰਾ। ਦੰਦ ਰਾਸ਼ਕੀ ਵੰਗ ਚੁਰਟ ਚਿੱਥਦੇ ਸੀ। ਜਦ ਲੋਕਾਂ 'ਚ ਹੁੰਦਾ ਸੀ ਇੰਝ ਨਹੀਂ ਕਰਦਾ ਸੀ। ਕਰਦਾ ਤਾਂ ਸੀ, ਪਰ ਗੁਰਦੁਆਰਿਆਂ 'ਚ ਜਾਂ ਟੱਬਰ ਦੇ ਸਾਹਮਣੇ ਨਹੀਂ, ਹਾਂ ਪੱਬਾਂ-ਕਲੱਬਾਂ ਵਿੱਚ ਜ਼ਰੂਰ ਕਰਦਾ ਸੀ। ਸਾਰੇ ਉਸ ਤੋਂ ਡਰਦੇ ਸਨ, ਸਿਵਾਏ ਮੇਰੇ। ਜਿਉਂ ਜਿਉਂ ਦਿਨ ਬੀਤੇ ਡਰ ਘਟਦਾ ਗਿਆ ਉਸ ਤੋਂ। ਇਸਦਾ ਉਹਨੂੰ ਵੀ ਪੂਰਾ ਪਤਾ ਸੀ। ਇੱਕ ਬਾਰ ਮੈਂ ਉਸਦੇ ਨਾਲ਼ ਅਤੇ ਉਸਦੇ ਝੋਲ਼ੀ ਚੁੱਕਣ ਵਾਲ਼ਿਆਂ ਨਾਲ਼ ਬੈਠਾ ਸੀ ਜਦ ਉਸਨੇ ਮੈਨੂੰ ਕਿਹਾ, ਕਸਵੀਂ ਆਵਾਜ਼ 'ਚ,

*ਓਏ ਮਾਂ ਦਿਆ ਟਕਿਆ, ਇੰਡੀਆ ਵਾਲ਼ੇ ਆਪਨੂੰ ਕੀ ਸਮਝਦੇ ਨੇ?*

*ਮੈਂ ਕੀ ਸਮਝਦਾਂ? ਕੁਛ ਨਹੀਂ ਸਮਝਦਾ। ਮਤਲਬ?*

*ਸਾਲ਼ਾ ਫ੍ਰੈਸ਼ੀ ਅਜੇ ਕੱਲ੍ਹ ਆਇਐ ਤੇ ਸੋਚਦੈ ਕੁਰਸੀ ਮਿਲ ਜਾਣੀ ਏ ਨਾ?*

*ਕਿਹੜੀ ਕੁਰਸੀ? ਮੈਂ ਤਾਂ ਕੁਝ ਨਹੀਂ ਕਿਹਾ।*

*ਮਾਂ-ਚੋਦ...ਜਦੋਂ ਦਾ ਆਇਐਂ ਮੇਰੇ ਵੱਲ ਤੇਰੀ ਤਿੱਖੀ ਅੱਖ ਹੈ।*

*ਸ਼ਰਾਬ ਬਹੁਤੀ ਪੀਤੀ ਲੱਗਦੀ ਏ। ਹਾਂ ਮੈਂ ਕਾਮਯਾਬ ਜਰੂਰ ਬਣਨਾ ਚਾਹੁੰਨਾਂ...ਪਰ ਤੈਨੂੰ ਡਰਾਵਾਂ? ਨਹੀਂ। ਆਸ ਪਾਸ ਵੇਖ ਜੈਜ਼ੀ। ਲੁਕ ਐਟ ਦੀਜ਼ ਪੀਪਲ...ਵੇਖ ਉਸ ਕੋਲ਼ ਸੋਹਣੇ ਕੱਪੜੇ ਨੇ ...ਉਸ ਕੋਲ਼ ਗੱਡੀ...ਉਸਦੀਆਂ ਬਾਂਹਾਂ 'ਚ ਮੇਮ ਹੈ...ਦੈਟਸ ਵਟ ਆਏ ਵਾਂਟ... ਇਨ੍ਹਾਂ ਪੱਬਾਂ ਦਾ ਰਾਜਾ ਤੂੰ ਏਂ..ਠੀਕ..ਪਰ ਮੈਂ ਤਾਂ ਇਸ ਸ਼ਹਿਰ ਦਾ ਰਾਜਾ ਬਣਾਂਗਾ...ਸੋਹਣੇ ਕੱਪੜੇ, ਸੋਹਣੀ ਕਾਰ ਅਤੇ ਇੱਕ ਸੋਹਣੀ ਮੋਹਣੀ ਬਾਹਾਂ ਵਿੱਚ। ਇਸ ਸ਼ਹਿਰ ਦਾ ਦਾਦਾ।*

*ਤੂੰ? ਐ ਪੈਕੀ ਲਾਇਕ ਯੂ ਫਰਾਮ ਇੰਡੀਆ?* ਦੱਬ ਕੇ ਹੱਸਣ ਲੱਗ ਪਿਆ।

*ਨੋ ਵੇ..ਨੌਟ ਵਾਇਲ ਆਏ 'ਮ ਦਾ ਕਿੰਗ ਆਫ ਦਾ ਕਾਸਲ। ਸਿੰਘ ਇਜ਼ ਕਿੰਗ।*

ਪਤਾ ਨਹੀਂ ਕਿਹੜੇ ਹਿਸਾਬ ਨਾਲ਼ ਆਪਨੂੰ ਸਿੱਖ ਸਮਝਦਾ ਸੀ। ਗੁੰਡਾ ਸੀ ਉਹ ਮੇਰੇ ਵਰਗਾ। ਮੈਨੂੰ ਪੈਕੀ ਪਰਿੰਸ ਆਖਣ ਲੱਗ ਪਿਆ। ਪਰ ਉਸਦੀ ਨਜ਼ਰ ਵਿੱਚ ਅਤੇ ਕਈ ਬ੍ਰਿਟਿਸ਼ ਸਿੱਖਾਂ ਦੀਆਂ ਨਜ਼ਰਾਂ 'ਚ ਪੈਕੀ ਮੁਸਲਮਾਨ ਸਨ, ਜਿੰਨ੍ਹਾਂ ਨੂੰ ਉਹ ਨਫਰਤ ਕਰਦੇ ਸੀ। 1947 ਦੀ ਯਾਦ ਅਜੇ ਗੂੜ੍ਹੀ ਸੀ, ਸੰਤਾਲ਼ੀ ਦੇ ਜ਼ਖਮ ਡੂੰਘੇ ਸਨ। ਉਹ ਰੋਸ ਤੇ ਦਰਦ ਅਜੇ ਵੀ ਸੁਲ੍ਹਾ ਸਫ਼ਾਈ ਬਿਨਾਂ ਸੀ। ਇਹ ਗੱਲ ਦੂਜੇ ਪਾਸੇ ਵੀ ਇਵੇਂ ਹੀ ਸੀ। ਜਦ ਦੇ ਨਿਊ ਯੌਰਕ ਦੇ ਦੋ ਰਾਜਮਿਨਾਰ ਡਿੱਗੇ ਹਨ ਉਸਤੋਂ ਬਾਅਦ ਕੋਈ ਨਹੀਂ ਸੀ ਪੱਛਮ ਵਿੱਚ ਜਿਹੜਾ ਮੁਸਲਮਾਨਾਂ ਨੂੰ ਨਫਰਤ ਨਾ ਕਰਦਾ ਹੋਵੇ। ਗਲਤੀ ਨਾਲ਼ ਇਸਦੇ ਬਦਲੇ ਦਾ ਪਹਿਲਾ ਬਲੀ ਆਦਮੀ ਸਰਦਾਰ ਸੀ...ਕਿਉਂਕਿ ਗੋਰਿਆਂ ਦੀਆਂ ਨਜ਼ਰਾਂ 'ਚ ਸਭ ਕਾਲ਼ੇ ਬੰਦੇ ਇਕੋ ਸਨ। ਪਰ

ਸਰਦਾਰ ਕਿਤੇ ਘੱਟ ਨਹੀਂ। ਪੁਰਾਣੀਆਂ ਗੱਲਾਂ ਨਹੀਂ ਭੁੱਲਦੇ ਸਨ। ਸੰਤਾਲ਼ੀ ਇਨ੍ਹਾਂ ਲਈ ਗੋਰਿਆਂ ਤੋਂ ਵੀ ਜ਼ਬਰਦਸਤ ਸੀ। ਜਿੱਦਾਂ ਅਸੀਂ ਗੈਂਗ ਬਣਾਇਆ, ਉਸ ਤਰਾਂ ਉਨ੍ਹਾਂ ਨੇ ਵੀ ਬਣਾਏ। ਸਿੱਖ ਜਾਂ ਹਿੰਦੂ ਕੁੜੀਆਂ ਨੂੰ ਕੜੇ ਪਵਾ ਕੇ (ਜਿਹਨੂੰ ਵੀ ਪੰਜਾਬੀ ਬੋਲਣੀ ਆਉਂਦੀ ਸੀ) ਮਿੱਠੀਆਂ ਗੱਲਾਂ 'ਚ ਫਸਾ ਲੈਂਦੇ ਸਨ। ਕਈ ਇਸਲਾਮ ਕਬੂਲ ਕਰ ਲੈਂਦੀਆਂ ਸਨ, ਬਾਅਦ 'ਚ ਪਛਤਾਉਂਦੀਆਂ ਸਨ। ਕਈ ਨਕਲੀ ਪਿਆਰ ਦੇ ਜਾਲ 'ਚ ਫਸ ਕੇ ਖਰਾਬ ਹੋ ਜਾਂਦੀਆਂ ਸਨ। ਕਈਆਂ ਨੂੰ ਚੱਕ ਕੇ ਰੰਡੀ ਬਣਾ ਦਿੰਦੇ ਸਨ। ਸਾਡੇ ਗੈਂਗਾਂ ਵਾਂਗ ਗਰੂਮਿੰਗ ਕਰਦੇ ਸਨ। ਪਰ ਸਿੱਖਾਂ ਦੀਆਂ ਨਜ਼ਰਾਂ 'ਚ ਕੇਵਲ ਪਾਕਿਸਤਾਨੀ ਰੜਕਦੇ ਸੀ। ਗੱਲ ਸੀ ਕਿ ਹਰ ਅਨਮਤੀਆ ਨੂੰ ਆਵਦੀ ਤਬਲੀਗ 'ਚ ਪਾਉਣਾ ਚਾਹੁੰਦੇ ਸਨ। ਇਸ ਲਈ ਦੋਹੀ ਉੱਮਤਾਂ 'ਚ ਫਰਕ ਪੈ ਗਿਆ। ਨਫਰਤ ਮੇਰੇ ਵਰਗਿਆਂ ਲਈ *ਗੁਡ ਬਿਜ਼ਨਸ* ਸੀ। ਸੱਚ ਵਿੱਚ ਹਰ ਸਮਾਜ 'ਚ ਬੁਰੇ ਵੀ ਹੁੰਦੇ ਨੇ, ਚੰਗੇ ਵੀ। ਬੱਸ ਮੈਂ ਤਾਂ ਬਦਮਾਸ਼ ਹੀ ਹਾਂ, ਜੈਜ਼ੀ ਵੀ ਸੀ। ਉਸਨੂੰ ਪਾਕਿਸਤਾਨੀਆਂ ਨਾਲ਼ ਨਫ਼ਰਤ ਹੋਣ ਕਰਕੇ ਉਹ ਉਨ੍ਹਾਂ ਦੇ ਗੈਂਗਾਂ ਨਾਲ਼ ਪੰਗੇ ਲੈਂਦਾ ਸੀ। ਇਸਦਾ ਫਾਇਦਾ ਬਾਅਦ 'ਚ ਮੈਨੂੰ ਹੋਣਾ ਸੀ।

ਜੈਜ਼ੀ ਨੂੰ ਸੇਪ ਮਿਲ ਗਈ ਇੱਕ ਸਿੰਘਣੀ ਨੂੰ ਭਾਲਣ ਦੀ। ਉਸਨੇ ਇੱਕ ਗਲਤੀ ਕੀਤੀ ਸੀ ਜਿਹੜੀ ਪੰਜਾਬੀ ਲੋਕ ਜਰ ਨਹੀਂ ਸੀ ਸਕਦੇ। ਕੁੜੀ ਨੇ ਸੋਚਿਆ ਕਿ ਉਸ ਦੀ ਜਿੰਦਗੀ ਉਸਦੀ ਹੀ ਹੈ! ਉਸਨੂੰ ਕਿਸੇ ਨਾਲ਼ ਪਿਆਰ ਹੋ ਗਿਆ ਸੀ। ਹੋ ਸਕਦੈ ਕੋਈ ਪੰਜਾਬੀ ਮੁੰਡਾ ਕਾਲਜ ਤੋਂ, ਹੋ ਸਕਦੈ ਕੋਈ ਗੋਰਾ (ਤੋਬਾ, ਕਾਲਾ ਚੀਨਾ ਨਾ ਹੋਵੇ!) ਮੁੰਡਾ ਹੋਵੇ। ਲਵ ਲਈ ਪੰਜਾਬੀ ਵਿੱਚ ਬਹੁਤ ਲਫਜ਼ ਨੇ, ਪਰ ਅਸੀਂ ਜਰਦੇ ਨਹੀਂ। ਹੀਰ ਰਾਂਝਾ ਦੀਆਂ ਗੱਲਾਂ ਕਰਦੇ ਵੀ ਉਸਨੂੰ ਕਬੂਲ ਨਹੀਂ ਕਰਦੇ। ਬੱਸ ਇਹੀ ਗੱਲ ਹੋਈ। ਬਾਪ ਨੂੰ ਸ਼ੱਕ ਸੀ ਪਾਕਿਸਤਾਨੀ ਮੁੰਡਾ ਸੀ। ਇਸ ਲਈ ਜੈਜ਼ੀ ਇੱਕ ਦਮ ਤਿਆਰ ਹੋ ਗਿਆ ਇੱਜਤ ਲਈ ਖ਼ੂਨ ਕਰਨ ਲਈ। ਉਹ ਵੀ ਮੁੰਡੇ ਦਾ ਨਹੀਂ, ਕੁੜੀ ਦਾ। ਉਸ ਹੀ ਘਰ ਦਾ ਬੇਟਾ ਹਰ ਰਾਤ ਜਨਾਨੀਆਂ ਨਾਲ਼ ਸੌਂਦਾ ਹੈ। ਇਹ ਮੈਨੂੰ ਪਤੈ ਕਿਉਂਕਿ ਮੈਂ ਹੀ ਉਸਨੂੰ ਤੀਵੀਆਂ ਦਾ ਮਾਸ ਵੇਚਦਾ ਸਾਂ। ਪਰ ਉਹ ਤਾਂ ਘਰ ਦਾ ਲਾਲ ਹੈ! ਖ਼ੈਰ ਜੈਜ਼ੀ ਮੈਨੂੰ ਨਾਲ਼ ਲੈ ਕੇ ਗਿਆ ਸੀ, ਕਿਉਂਕਿ ਮੈਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਹੀ ਬਰਮਿੰਗਮ ਦਾ ਦਾਦਾ ਬਣ ਸਕਦਾ, ਮੈਂ ਨਹੀਂ। ਜਦ ਕੁੜੀ ਲੱਭੀ ਉਸਨੇ ਉਸਦਾ ਮੂੰਹ ਕਾਲ਼ਾ ਕਰ ਦਿੱਤਾ ਸੀ। ਫਿਰ ਹੌਲ਼ੀ ਹੌਲ਼ੀ ਆਰੀ ਨਾਲ਼ ਮਾਰੀ ਮੇਰੇ ਸਾਹਮਣੇ। ਮੈਂ ਨਹੀਂ ਡਰਿਆ। ਉਸਨੇ ਮੈਨੂੰ ਸਭ ਕੁਝ ਕੱਟ ਕੇ ਕਿਹਾ, *ਕਿਉਂ ਪੈਕੀ ਪਰਿੰਸ, ਬੁਰਾ ਲੱਗਦੈ?* ਮੈਂ ਉਤਰ ਦਿੱਤਾ, *ਕੰਬਦੀ ਤਾਂ ਤੇਰੀ ਕਲਾਈ ਸੀ, ਮੈਨੂੰ ਪੱਛਦੈਂ?* ਇਸ ਗੱਲ ਤੋਂ ਬਾਅਦ ਸਾਨੂੰ ਪੱਕਾ ਪਤਾ ਲੱਗ ਗਿਆ ਕਿ ਕੁੜੀ ਦਾ ਯਾਰ ਇੱਕ ਇਮਰਾਨ ਰਸ਼ੀਦ ਸੀ। ਇਹ ਨਾਂ ਸੁਣ ਕੇ ਜੈਜ਼ੀ



ਨੇ ਉਸਦੇ ਘਰ ਜਾ ਕੇ ਘਰ ਨੂੰ ਹੀ ਅੱਗ ਲਾ ਦਿੱਤੀ। ਸਾਰਾ ਟੱਬਰ ਮਾਰ ਦਿੱਤਾ। ਪੁਲ਼ਸ ਨੇ ਕੁੜੀ ਦੇ ਟੱਬਰ ਨੂੰ ਹਿਰਾਸਤ 'ਚ ਲੈ ਲਿਆ। ਸਾਡੇ ਬਾਰੇ ਤਾਂ ਉਨ੍ਹਾਂ ਗਧਿਆਂ ਨੂੰ ਪਤਾ ਵੀ ਨਹੀਂ ਲੱਗਿਆ। ਸੋ ਐਸਾ ਬੰਦਾ ਸੀ ਜੈਜ਼ੀ। ਜੇ ਮੈਂ ਸ਼ਹਿਰ ਦਾ ਦਾਦਾ ਬਣਨਾ ਸੀ ਤਾਂ ਇਸ ਦਾ ਬੈਂਡ ਵਜਉਣਾ ਪੈਣਾ ਸੀ! ਇਹ ਸੀ ਚੱਕਰ! ਜੈਜ਼ੀ ਨੂੰ ਧਰਮਿਕ ਸਿੱਖ ਤੋਏ ਤੋਏ ਕਰਦੇ ਸੀ। ਉਨ੍ਹਾਂ ਆਦਮੀਆਂ 'ਚੋਂ ਸੀ ਜਿਹੜਾ ਬਾਹਰੋਂ ਆਪਣੇ ਆਪਨੂੰ ਸਿੱਖ ਕਹਾਉਂਦਾ ਸੀ ਪਰ ਅਸਲ ਵਿੱਚ ਨਹੀਂ ਸੀ। ਪਰ ਆਪਣੇ ਆਪ ਵਿੱਚ ਖ਼ੁਸ਼ ਸੀ। ਕਹਿੰਦਾ ਸੀ, *ਇਹ ਗ੍ਰੰਥੀ ਕਿਤੇ ਸੱਚੇ-ਸੁੱਚੇ ਨੇ। ਓਲ ਲਾਇਅਰਜ਼ ਮੈਨ!* ਇਸ ਦਾ ਕਾਰਨ ਸੀ ਕਿ ਕੁਝ ਗ੍ਰੰਥੀ ਵੀ ਸਾਡੇ ਵਰਗਿਆਂ ਨਾਲ਼ ਪੁੱਠੇ ਕੰਮਾਂ 'ਚ ਸ਼ਾਮਲ ਸਨ। ਪਰ ਆਮ ਸਿੱਖ-ਸੰਗਤ ਇਸ ਤਰਾਂ ਦੀ ਨਹੀਂ ਸੀ। ਫਿਰ ਵੀ ਜੈਜ਼ੀ ਵੱਲ ਬੁਰੀ ਨਜ਼ਰ ਨਾਲ਼ ਲੋਕ ਝਾਕਦੇ ਸਨ, ਪਰ ਡਰਦੇ ਵੀ ਸੀ। ਜੇ ਮੈਂ ਜੈਜ਼ੀ ਨੂੰ ਖਤਮ ਕਰਾਂ ਫਿਰ ਤਾਂ ਸਭ ਨੇ ਖ਼ੁਸ਼ ਹੋਣਾ ਸੀ। ਉਨ੍ਹਾਂ ਦੀ ਦਸਤਾਰ ਤੇ ਜੈਜ਼ੀ ਵਰਗੇ ਦਾਗ਼ ਹੀ ਨੇ। ਜੈਜ਼ੀ ਵਰਗਿਆਂ ਨੂੰ ਤਾਂ ਤਨਖਾਹੀਆ ਕਰਾਰ ਦੇਣਾ ਚਾਹੀਦਾ ਸੀ। ਪਰ ਹਾਲੇ ਸਹੀ ਵਕਤ ਸੀ ਨਹੀਂ ਇੱਦਾਂ ਦਾ ਕੰਮ ਕਰਨ ਲਈ।

ਸੋ ਜੈਜ਼ੀ ਦਾ ਪੈਕੀ ਪਰਿੰਸ ਚੁੱਪ ਚਾਪ ਦੁਕਾਨਾਂ, ਕਾਰਖਾਨੇ ਆਦਿ ਲੁੱਟੀ ਗਿਆ। ਮੈਂ ਹੁਣ ਸ਼ਾਹੂਕਾਰ ਸੀ। ਡਬਲ ਵਿਆਜ ਲਾਉਂਦਾ ਸੀ, ਹਰ ਦਿਨ। ਅਸੀਂ ਪੈਸੇ ਠੱਗੀਬਾਜ਼ੀ ਨਾਲ਼ ਬਣਾਉਂਦੇ ਸੀ; ਚੋਰੀਆਂ ਨਾਲ਼ ਵੀ ਅਤੇ ਕਤਲਾਂ ਨਾਲ਼ ਵੀ। ਹਰ ਜੂਆਖਾਨਾ, ਕੰਜਰਖਾਨਾ ਅਤੇ ਹੱਥ ਉਧਾਰ ਦੇਣਾ ਵਾਲ਼ਾ ਠੇਕੇ 'ਚ ਸਾਡਾ ਹੀ ਹੱਥ ਸੀ। ਜਦ ਇੱਕ ਵਾਰ ਕਿਸੇ ਨੂੰ ਕੁੱਟ-ਕੱਟ ਕੇ ਸੂਦ ਲੈਣ ਗਿਆ ਤਾਂ ਮੈਂ ਓਥੇ ਦੇਖਿਆ ਕਿ ਸੰਘੇੜੇ ਦੀ ਨਵੀਂ ਫਿਲਮ ਦਾ ਇੱਕ ਇਸ਼ਤਿਹਾਰ ਲੱਗਿਆ ਸੀ। ਉਸਦਾ ਮੂੰਹ ਮੇਰੇ ਵੱਲ ਝਾਕਦਾ ਸੀ। ਮੈਂ ਇੱਕ ਪਲ ਲਈ ਭਿਆਨਕ ਸੋਚਾਂ ਨਾਲ਼ ਭਰ ਗਿਆ ਸਾਂ, ਪਰ ਇਹ ਮਾਮੂਲੀ ਡਰ ਸੀ। ਫਿਰ ਵੀ ਮੇਰੇ ਲਈ ਚਿਤਾਵਨੀ ਸੀ ਕਿਉਂਕਿ ਮੈਂ ਇੰਗਲੈਂਡ ਆਇਆ ਹੋਇਆ ਸੀ। ਕਾਸ਼ ਮੇਰੀ ਵੀ ਪਹੁੰਚ ਉਸ ਵਰਗੀ ਹੋਵੇ!

ਦਿਨ ਦੀ ਲੁੱਟ ਤਸਕਰੀ ਆਦਿ ਤੋਂ ਬਾਅਦ ਅਸੀਂ ਇੱਕ ਪੱਬ ਵਿੱਚ ਪਹੁੰਚ ਜਾਂਦੇ ਸੀ। ਪੱਬ ਦਾ ਨਾਂ ਸੀ *ਡਰਟੀ ਡੱਕ।* ਇੱਥੇ ਹਰ ਰਾਤ ਜੈਜ਼ੀ ਦੀ ਮਾਸ਼ੂਕ ਅਤੇ ਹੋਰ ਸਾਰਿਆਂ ਦੀਆਂ ਖਲਨਾਇਕਾਂ ਆਉਂਦੀਆਂ ਸਨ। ਜਦ ਮੇਰੀਆਂ ਅੱਖਾਂ ਪਹਿਲੀ ਵਾਰ ਜੈਜ਼ੀ ਦੀ ਹੂਰ, ਸ਼ੀਨਾ ਤੇ ਪਈਆਂ, ਮੈਂ ਡੁੱਲ੍ਹ ਗਿਆ। ਪਰ ਸਰਦਾਰ ਦੀ ਜਨਾਨੀ ਸੀ। ਫਿਰ ਵੀ ਮੈਂ ਉਸ ਨਾਲ਼ ਗੱਲਾਂ-ਬਾਤਾਂ ਕਰਨ ਲੱਗ ਪਿਆ। ਜੈਜ਼ੀ ਖ਼ੁਸ਼ ਨਹੀਂ ਸੀ, ਪਰ ਇਸ ਮਾਹੌਲ਼ 'ਚ ਕੀ ਕਰੇ? ਮੈਂ ਵੀ ਉਸਦਾ ਨੱਕ ਰਗੜਨਾ ਜਾਣਦਾ ਸੀ।ਨਾਲ਼ੇ ਸ਼ੀਨਾ ਤਾਂ ਨਫ਼ਸ ਚੜ੍ਹਾਉਣ ਵਾਲ਼ੀ ਸੀ। ਸ਼ੀਨਾ ਦੇ ਕਾਲ਼ੇ

ਲੱਛੇਦਾਰ ਵਾਲ਼ ਬਘਿਆੜੀ ਨਾਲ਼ ਜਲੇਬੀ ਜੂੜੇ 'ਚ ਬੰਨ੍ਹੇ ਸਨ। ਵੇਖਣ 'ਚ ਲੱਗੇ ਜਿੱਕਣ ਸੱਪ ਲਪੇਟਾ ਮਾਰ ਕੇ ਬੈਠਾ ਹੋਵੇ। ਜੂੜਾ ਉੱਚਾ ਜਿਹਾ ਬੰਨ੍ਹਿਆ ਸੀ। ਕੰਨਾਂ ਤੋਂ ਲੰਬੀਆਂ ਮੁੰਦਰਾਂ ਲਮਕਦੀਆਂ ਸਨ, ਲਾਲ ਉਸਦੀਆਂ ਲਬਾਂ ਵਾਂਗ। ਉਸਦੀਆਂ ਅੱਖਾਂ ਸਲੋਣੀਆਂ ਨਰਗਸੀ ਸਨ। ਨੈਣ ਚਮਕਦੇ, ਸੰਵੇਦਨਾ ਨਾਲ਼। ਭਵਾਂ ਧੁਣਖੀ ਵਾਂਗ ਖਮਦਾਰ। ਮੁਖ ਹਾਵ ਭਾਵ ਸੀ। ਦੰਦ ਚਿੱਟੇ ਦੁੱਧ ਵਾਂਗ ਸਨ। ਮੂੰਹ ਪਤਲਾ, ਮੱਥਾ ਚੌੜਾ। ਬਾਂਹਾ ਨਾਜ਼ ਨਾਲ਼ ਝੂਮਦੀਆਂ ਸਨ, ਹੱਥ ਸੋਭਨੀਕ ਸਨ। ਉਂਗਲ਼ੀਆਂ ਲੰਬੀਆਂ ਸਨ। ਸ਼ੀਨਾ ਸਰੂ ਕੱਦ ਦੀ ਸੀ। ਉਸਦਾ ਰੰਗ ਦੁੱਧ ਵਰਗਾ ਸੀ। ਪੈਰ ਘੁੰਗਰੀਏ ਸਨ। ਜਦ ਕੋਲ਼ੋਂ ਲੰਘਦੀ ਜਿਸਮ ਤੋਂ ਬਾਸਨਾ ਨਸਾਂ 'ਚ ਆ ਚੜ੍ਹਦੀ ਸੀ। ਉਸ ਦਿਨ ਤੋਂ ਬਾਅਦ ਮੇਰੀ ਨਜ਼ਰ ਹਰ ਵੇਲੇ ਜੈਜ਼ੀ ਦੀ ਜਨਾਨੀ ਤੇ ਟਿਕੀ ਰਹਿੰਦੀ ਸੀ। ਚੋਰੀ ਅੱਖ, ਕਿਉਂਕਿ ਜੈਜ਼ੀ ਨਾਲ਼ ਇਸ ਵੇਲੇ ਪੰਗਾ ਕਿਉਂ ਲੈਣਾ? ਪਰ ਫਿਰ ਵੀ ਹੌਲ਼ੀ ਹੌਲ਼ੀ ਉਸ ਨਾਲ ਗੱਲ ਬਾਤ ਕਰਨ ਲੱਗ ਪਿਆ। ਪਹਿਲਾ ਖੁੱਲਾ ਮੌਕਾ ਮਿਲਿਆ ਜਦ ਸ਼ਾਪਿੰਗ ਲਈ ਜਾਣਾ ਚਾਹੁੰਦੀ ਸੀ। ਜੈਜ਼ੀ ਕੋਲ਼ ਟਾਇਮ ਨਹੀਂ ਸੀ। ਮੈਨੂੰ ਗੱਡੀਵਾਨ ਦੇ ਹਿਸਾਬ ਨਾਲ਼ ਭੇਜ ਦਿੱਤਾ। ਲਓ, ਮੇਰਾ ਕੰਮ ਲੋਟ ਆ ਗਿਆ! ਮੈਂ ਸ਼ੀਨਾ ਨੂੰ ਬੁੱਲਰਿੰਗ ਲੈ ਕੇ ਗਿਆ ਸ਼ਾਪਿੰਗ ਕਰਨ ਲਈ। ਰਾਖੇ ਵਾਂਗ ਉਸਤੇ ਅੱਖਾਂ ਰੱਖਣੀਆਂ ਪਈਆਂ। ਪਰ ਜਦ ਮੌਕਾ ਮਿਲਿਆ ਗੱਲ ਬਾਤ ਕਰਕੇ ਉਸ ਨਾਲ਼ ਮਖੌਲ਼ ਕੀਤਾ। ਹੌਲ਼ੀ ਹੌਲ਼ੀ ਉਸਦਾ ਧਿਆਨ ਮੇਰੇ ਵੱਲ ਆਉਣ ਲੱਗ ਪਿਆ। ਇੱਕ ਦਿਨ ਜੈਜ਼ੀ ਉਸ ਨਾਲ਼ ਸਿਨੇਮਾ ਨਹੀਂ ਗਿਆ। ਪਰ ਉਸ ਤੇ ਉਸਦੀਆਂ ਸਹੇਲੀਆਂ ਨੂੰ ਛੱਡਣ ਗਿਆ ਅਤੇ ਚੱਕਣ ਗਿਆ। ਗੱਲ ਬਾਤ ਤਾਂ ਹੋਣੀ ਹੀ ਸੀ। ਇੱਕ ਬਾਰ ਉਹ ਹੈਂਡਜ਼ਵਰਥ ਦੇ ਹਾਈ ਸਟਰੀਟ ਤੇ ਆਵਦੀਆਂ ਸਹੇਲੀਆਂ ਨਾਲ਼ ਖਿੱਲੀ ਪਾ ਰਹੀ ਸੀ, ਜਦ ਕੁੱਝ ਪਾਕਿਸਤਾਨੀ ਮੁੰਡੇ ਜਿਹੜੇ ਮੈਨੂੰ ਸਾਫ਼ ਪਤਾ ਸੀ ਇੱਕ ਗੈਂਗ ਤੋਂ ਸਨ ਉਨ੍ਹਾਂ ਨੂੰ ਸਤਾਉਣ ਲੱਗ ਪਏ।

ਮੈਂ ਅਤੇ ਦੋ ਹੋਰ ਮੁੰਡਿਆਂ ਨੇ ਉਨ੍ਹਾਂ ਪਾਕਿਸਤਾਨੀ ਮੁੰਡਿਆਂ ਨਾਲ਼ ਝੜਪ ਕੀਤੀ। ਗੱਲ ਸੀ ਇੱਕ ਤਾਂ ਸਾਨੂੰ ਪਸੰਦ ਨਹੀਂ ਸੀ ਜਦ ਉਨ੍ਹਾਂ ਦਾ ਟੋਲਾ ਸਾਡੀਆਂ ਲੜਕੀਆਂ ਨਾਲ਼ ਖੱਪ ਕਰਦਾ ਸੀ ਅਤੇ ਸਾਨੂੰ ਪਤਾ ਸੀ ਇਹ ਮੁੰਡੇ ਕੌਣ ਸਨ। ਇਹ ਅਲੀ ਜਮਾਲ ਦੇ ਮੁੰਡੇ ਸਨ। ਜਮਾਲ ਨੇ ਇੱਕ ਸਾਲ ਪਹਿਲਾਂ ਸਿੰਘਣੀਆਂ ਫਸਾਈਆਂ ਸਨ (ਚਰਚੇ ਸੁਣੇ ਜਿਸ ਵਿੱਚ ਕਿਹਾ ਗਿਆ ਕਿ ਤਕਰੀਬਨ ਪੰਦਰਾਂ ਕੁੜੀਆਂ ਨੂੰ ਮਿੱਠੀ ਤਰਾਂ ਫਸਾ ਕੇ ਪਾਕਿਸਤਾਨ ਲੈ ਕੇ ਕਿਸੇ ਕੋਠੀ 'ਚ ਰੱਖਲੀਆਂ ਅਤੇ ਇਸ ਜਾਂ ਉਸ ਤਰੀਕੇ ਨਾਲ਼ ਉਨ੍ਹਾਂ ਨੂੰ ਬਾਹਰ ਲੈ ਗਏ। ਭਾਵੇਂ ਅਸੀਂ ਵੀ ਬਰੜੇ ਕੰਮ ਕਰਦੇ ਸੀ, ਪਰ ਸਾਥੋਂ ਇਹ ਬਰਦਾਸ਼ਤ ਨਹੀਂ ਹੁੰਦਾ ਸੀ। ਇਨ੍ਹਾਂ ਦੁਸ਼ਮਣੀਆਂ ਨੇ ਸਾਡੀਆਂ ਦੋਨਾਂ ਉੱਮਤਾਂ 'ਚ ਬਹੁਤ ਫਾਸਲਾ ਪਾਇਆ ਸੀ। ਇਸ ਕਰਕੇ ਕਈ ਲੋਕ ਗੋਰਿਆਂ ਨਾਲ਼ ਇਸਲਾਮ ਖਿਲਾਫ਼ ਹੋ ਚੁੱਕੇ ਸੀ। ਪਰ ਸੱਚ ਵਿੱਚ ਸਾਡੇ ਲਈ



ਤਾਂ ਲੜਨ ਦਾ ਬਹਾਨਾ ਹੀ ਸੀ। ਖ਼ੈਰ ਸ਼ੀਨਾ ਤੇ ਮੇਰੀ ਅੱਖ ਸੀ ਅਤੇ ਜਿਹੜਾ ਵੀ ਮੁੰਡਾ ਉਸ ਵੱਲ ਦੇਖਦਾ ਉਸ ਨਾਲ਼ ਮੈਂ ਤਾਂ ਲੜਣਾ ਹੀ ਸੀ। ਇਸ ਵਾਕਿਆ ਤੋਂ ਬਾਅਦ ਮੇਰੇ ਨਾਲ਼ ਦੋ ਹਫ਼ਤਿਆਂ ਲਈ ਬੋਲੀ ਨਹੀਂ।ਸ਼ੀਨਾ ਅਤੇ ਮੇਰੀ ਅਗਲੀ ਮੁਲਾਕਾਤ ਨਾਈਟ ਕੱਲਬ 'ਚ ਹੋਈ। ਇੱਥੇ ਮੈਂ ਉਸ ਨਾਲ਼ ਨੱਚਿਆ...ਜੈਜ਼ੀ ਦੇ ਸਾਹਮਣੇ। ਜੈਜ਼ੀ ਨੂੰ ਇਹ ਗੱਲ ਪਸੰਦ ਨਹੀਂ ਆਈ। ਉਸ ਰਾਤ ਮੈਂ ਸ਼ੀਨਾ ਨੂੰ ਉਸਦੇ ਯਾਰ ਦੀ ਪਿੱਠ ਪਿੱਛੇ ਕਲੱਬ ਦੇ ਬਾਥਰੂਮਾਂ 'ਚ ਲੈ ਗਿਆ ਸੀ। ਉਸਨੂੰ ਸ਼ੱਕ ਤਾਂ ਸੀ, ਪਰ ਸਾਨੂੰ ਉਸਦੇ ਆਦਮੀ ਲੱਭ ਨਾ ਸਕੇ। ਇਸ ਤੋਂ ਬਾਅਦ ਸ਼ੀਨਾ ਮੇਰੇ ਕੋਲ਼ ਹੀ ਰਹੀ। ਮੇਰੇ ਨਾਲ਼ ਬਹਿ ਕੇ ਨਸ਼ੀਲੀ ਵਸਤੂ ਕੋਕੇਨ ਲੈਂਦੀ ਸੀ, ਮੇਰੇ ਨਾਲ਼ ਸ਼ਰਾਬ ਪੀਂਦੀ ਸੀ ਅਤੇ ਮੇਰੇ ਨਾਲ਼ ਹੀ ਸੌਂਦੀ ਸੀ। ਹੁਣ ਮੈਨੂੰ ਜੈਜ਼ੀ ਦਾ ਡਰ ਹਟ ਗਿਆ ਸੀ। ਇੱਕ ਰਾਤ ਮੈਂ ਸ਼ੀਨਾ ਨੂੰ ਸਿਨੇਮਾ ਲੈ ਕੇ ਗਿਆ, ਸਾਲ਼ੇ ਸੰਘੇੜੇ ਦੀ ਫਿਲਮ ਸੀ। ਦੇਖਦੇ ਦੇਖਦੇ ਪੰਜਾਬ ਦੇ ਦਿਨ ਯਾਦ ਆ ਗਏ ਅਤੇ ਕਿਉਂ ਉੱਥੋਂ ਦੌੜ੍ਹਣਾ ਪਿਆ ਸੀ। ਤਿੰਨ ਘੰਟਿਆਂ ਲਈ ਉਸ ਸਾਲ਼ੇ ਦੇ ਚਿਹਰੇ ਵੱਲ ਝਾਕਣਾ ਪਿਆ। ਲੰਬਾ, ਪਤਲਾ, ਖੋਦਾ ਤਾਰਾ ਜਿਸਨੂੰ ਕਰੋੜਾਂ ਲੋਕ ਪਸੰਦ ਕਰਦੇ ਸਨ, ਪਰ ਮੈਂ ਹਾਲੇ ਤੱਕ ਉਸਤੋਂ ਡਰਦਾ ਸੀ। ਡਰਦਾ ਹੀ ਸੀ, ਨਹੀਂ ਤਾਂ ਕਿਉਂ ਨਹੀਂ ਇੰਡੀਆ ਵਾਪਸ ਗਿਆ? ਇਸ ਖਿਆਲ 'ਚ ਹੀ ਹੇਠ ਉੱਪਰ ਹੋਇਆ ਸੀ ਜਦ ਮੈਂ ਸ਼ੀਨਾ ਨਾਲ਼ ਸਿਨੇਮੇ 'ਚੋਂ ਬਾਹਰ ਆਇਆ। ਗੱਡੀ ਵਿੱਚ ਵੜਨ ਲੱਗੇ ਸਾਂ ਜਦ ਇੱਕ ਮੋਟਰਸਾਈਕਲ ਲੰਘਿਆ, ਉਸ ਤੋਂ ਸਾਡੇ ਵੱਲ ਗੋਲ਼ੀਆਂ ਛੁੱਟ ਰਹੀਆਂ ਸਨ। ਕਿਸਮਤ ਨਾਲ਼ ਦੋਨੋਂ ਹੀ ਬਚ ਗਏ। ਮੈਂ ਸਮਝ ਗਿਆ ਸੀ ਕਿ ਇਹ ਜੈਜ਼ੀ ਦੀ ਚਾਲ ਸੀ। ਇੱਕ ਤਾਂ ਸ਼ੀਨਾ ਕਰਕੇ ਪਲ ਪਲ ਮਰਦਾ ਸੀ; ਦੂਜੇ ਉਸ ਸਾਲ ਮੈਂ ਉਸਦੀ ਗੈਂਗ 'ਚ ਵਾਗਡੋਰ ਸੰਭਾਲਣ ਜੋਗਾ ਹੋ ਗਿਆ ਸੀ। ਮੈਂ ਜੈਜ਼ੀ ਤੋਂ ਜ਼ਿਆਦਾ ਖਤਰਾ ਮੁੱਲ ਲੈਂਦਾ ਸੀ। ਇਸ ਲਈ ਪੈਸੇ ਵੱਧ ਬਣਾਏ ਸਨ। ਜਮਾਲ ਦੇ ਨਾਲ਼ ਵੀ ਸੌਦਾ ਕਰ ਲਿਆ ਜਿਸ ਵਿੱਚ ਅੱਧਾ ਬਰਮਿੰਗਮ ਉਸਦਾ ਸੀ ਅੱਧਾ ਮੇਰਾ।

ਜਮਾਲ ਦੇ ਲੋਕ ਸਾਡੇ ਪਾਪ ਸਹਾਰਦੇ ਸੀ ਅਤੇ ਅਸੀਂ ਉਨ੍ਹਾਂ ਦੇ। ਆਮ ਜਨਤਾ ਹੀ ਦੁਖੀ ਹੁੰਦੀ। ਸਿੱਖ, ਹਿੰਦੂ ਅਤੇ ਮੁਸਲਮਾਨਾਂ ਵਿੱਚ ਖਲੀਜ ਪਾ ਦਿੱਤੀ ਸੀ। ਜਮਾਲ ਦੇ ਬੰਦੇ ਕੁੜੀਆਂ ਚੁੱਕ ਕੇ ਪਾਕਿਸਤਾਨ 'ਚ ਵੇਚਦੇ ਸੀ ਅਤੇ ਅਸੀਂ ਅਫੀਮ ਆਦਿ ਵੇਚਦੇ ਸੀ। ਜੈਜ਼ੀ ਨੂੰ ਇਹ ਸਭ ਪਸੰਦ ਨਹੀਂ ਸੀ। ਸੋ ਉਸ ਰਾਤ ਮੈਂ ਸ਼ੀਨਾ ਨੂੰ ਇੱਕ ਘਰ ਛੱਡਕੇ ਮੋਬਾਇਲ ਤੇ ਫੋਨ ਕੀਤਾ। ਜਮਾਲ ਹਾਲੇ ਤੱਕ ਜੈਜ਼ੀ ਤੋਂ ਡਰਦਾ ਸੀ। ਹੁਣ ਉਸਦਾ ਮੌਕਾ ਆਇਆ। ਉਸ ਰਾਤ ਜਮਾਲ ਦੇ ਆਦਮੀਆਂ ਨੇ ਜੈਜ਼ੀ ਦੇ ਹਰ ਕਲੱਬ, ਪੱਬ ਅਤੇ ਕੋਠੀਆਂ ਤੇ ਹਮਲਾ ਕੀਤਾ। ਮੇਰੇ ਬੰਦਿਆਂ ਨੇ ਜੋ ਬਚ ਗਿਆ ਸੀ ਦਾ ਦਖਲ ਲੈ ਲਿਆ। ਜੈਜ਼ੀ ਡਰਟੀ ਡੱਕ 'ਚ ਬੈਠਾ ਸੋਚਦਾ ਸੀ ਕਿ ਮੇਰੀ ਮੌਤ ਦੀ ਖਬਰ ਆਵੇਗੀ। ਜਮਾਲ ਨੂੰ ਪਤਾ ਲੱਗ ਗਿਆ ਮੋਟਰਸਾਈਕਲ

ਵਾਲ਼ਾ ਕੌਣ ਸੀ ਅਤੇ ਉਸਨੂੰ ਮਾਰ ਦਿੱਤਾ ਸੀ। ਮੈਂ ਡਰਟੀ ਡੱਕ ਵਿੱਚ ਵੜਿਆ। ਮੈਨੂੰ ਜਿਉਂਦਾ ਵੇਖਕੇ ਹੈਰਾਨ ਹੋ ਗਿਆ। ਮੇਰੇ ਨਾਲ਼ ਪਿਆਰ ਦੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕੀਤੀ। ਆਲ਼ੇ ਦੁਆਲ਼ੇ ਜੋ ਖੜ੍ਹੇ ਸੀ ਪਰ੍ਹਾਂ ਹੋ ਗਏ। ਮੈਂ ਉਸ ਦੇ ਸਾਹਮਣੇ ਬਹਿ ਗਿਆ ਹੱਥ ਵਿੱਚ ਰਿਵਾਲਵਰ ਜਿਸਦੀ ਨਾਲ਼ੀ ਉਸਦੇ ਪੇਟ ਵੱਲ ਟਿਕਾਈ ਹੋਈ ਸੀ। ਪੈਰ ਫੜ ਲਏ ਪਰ ਮੈਂ ਮਾਫ਼ ਨਹੀਂ ਕੀਤਾ। ਹੁਣ ਮੈਂ ਦਾਦਾ ਸੀ। ਉਸ ਨੂੰ ਉੱਥੇ ਹੀ ਪੱਬ 'ਚ ਮਾਰ ਦਿੱਤਾ। ਇੱਕ ਗੋਲ਼ੀ ਮੱਥੇ ਵਿੱਚ ਮੋਰੀ ਕੱਢਦੀ ਪਾਰ ਹੋ ਗਈ।ਉਸ ਦਿਨ ਤੋਂ ਬਾਅਦ ਸ਼ੀਨਾ ਮੇਰੀ ਸੀ, ਹੈਂਡਜ਼ਵਰਥ ਮੇਰਾ ਸੀ, ਵੈੱਸਟ ਬਰਾਮਿਚ ਵੀ। ਸਾਰਾ ਸ਼ਹਿਰ ਮੇਰੇ 'ਤੇ ਜਮਾਲ ਦੇ ਲੋਕਾਂ ਅਤੇ ਜਮੀਕਿਆਂ ਵਿੱਚ ਵੰਡ ਹੋ ਗਿਆ। ਹੁਣ ਦਾਦ ਸੀ, ਹੁਣ ਦੁਕਾਨ'ਚ ਸਵੇਰ ਤੋਂ ਸ਼ਾਮ ਤੱਕ ਖੜ੍ਹਨਾ ਨਹੀਂ ਪੈਂਦਾ ਸੀ। ਹੁਣ ਇਸ ਮੁਲਕ 'ਚ ਆ ਕੇ ਭੁੱਖਾ ਨਹੀਂ ਸੀ ਮਰਦਾ ਪਿਆ। ਹੁਣ ਇਨ੍ਹਾਂ ਬ੍ਰਿਟਿਸ਼ ਪੰਜਾਬੀਆਂ ਉੱਤੇ ਮੈਂ ਰਾਜ ਕਰਦਾ ਸੀ। ਜਿਹੜਾ ਵੀ ਗਲਤ ਠੇਕਾ ਸੀ ਸ਼ਹਿਰ ਵਿੱਚ ਉਸਦਾ ਮੈਂ ਸਾਂਝੀਦਾਰ ਸੀ। ਲੋਕ ਮੈਥੋਂ ਡਰਦੇ ਸਨ। ਇਸ ਤੋਂ ਜਿਆਦਾ ਕੀ ਲੈਣਾ ਸੀ?ਪਰ ਜੋ ਮੈਂ ਜੈਜ਼ੀ ਨਾਲ਼ ਕੀਤਾ ਮੇਰੇ ਨਾਲ਼ ਵੀ ਬੀਤ ਸਕਦਾ ਸੀ। ਪਹਿਲਾ ਡਰ ਜਮਾਲ ਤੋਂ ਸੀ। ਉਹ ਸਿੱਖ ਕੁੜੀਆਂ ਵੇਚਦਾ ਸੀ ਅਤੇ ਮੈਂ ਹੁਣ ਉਸਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ। ਮੈਂ ਕੁੜੀਆਂ ਨੂੰ ਬਚਾ ਨਹੀਂ ਸਕਦਾ ਸੀ ਪਰ ਜਿਹੜੇ ਸਿੱਖ ਬਾਪਾਂ ਨੇ ਸਾਨੂੰ ਪੈਸੇ ਦਿੱਤੇ ਉਨ੍ਹਾਂ ਲਈ ਪਤਾ ਲੈ ਸਕਦਾ ਸੀ ਕਿਹੜੇ ਗੁੰਡਿਆਂ ਨੇ ਇਹ ਕੰਮ ਕੀਤਾ ਅਤੇ ਉਨ੍ਹਾਂ ਨੂੰ ਬਦਲੇ ਵਿੱਚ ਮਾਰਿਆ। ਸੱਚ ਵਿੱਚ ਮੈਂ ਜਮਾਲ ਨੂੰ ਪਿਆਮ ਦੇ ਰਿਹਾ ਸੀ। ਉਸਨੂੰ ਵੀ ਪਤਾ ਸੀ। ਪਰ ਜਮਾਲ ਤੋਂ ਨਹੀਂ ਭਬਕ ਮਿਲੀ। ਡੂਮ-ਡਰਾਵਾ ਜਿੰਨਾ ਮਰਜੀ ਹੋਵੇ, ਅਸਲੀ ਆਂਚ ਹੋਰ ਪਾਸਿਓਂ ਆਈ।ਸਿਮਰਨ ਅਤੇ ਮੋਹਨ ਇਮਾਨਦਾਰ ਆਦਮੀ ਸਨ। ਮੈਂ ਹੁਣ ਅਮੀਰ ਸੀ। ਗੱਡੀ, ਗੁੱਡੀ 'ਤੇ ਬੰਗਲਾ, ਸਭ ਸੀ ਮੇਰੇ ਕੋਲ਼। ਅਨ੍ਹਾਂ ਕੋਲ਼ ਘਰ, ਵਹੁਟੀ ਅਤੇ ਧਨ ਕੁਛ ਵੀ ਨਹੀਂ ਸੀ। ਫਿਰ ਵੀ ਸਾਰਾ ਦਿਨ ਕੰਮ ਕਰਕੇ ਪੈਸੇ ਜੋੜ ਜੋੜ ਕੇ ਪੰਜਾਬ ਭੇਜਦੇ ਸਨ।

ਦੋ ਕੁ ਸਾਲਾਂ ਬਾਅਦ ਪੰਜਾਬ ਚੱਕਰ ਵੀ ਮਾਰ ਲੈਂਦੇ ਸੀ। ਤੋਚੀ ਵਰਗਾ ਇੱਕ ਹੋਰ ਵੀ ਮੁੰਡਾ ਸੀ। ਉਹ ਵੀ ਸਾਊਥਹਾਲ ਦੇ ਟੋਲ਼ੇ 'ਚੋਂ ਸੀ। ਉਸ ਦਾ ਨਾਂ ਮਿੰਟੂ ਸੀ। ਮਿੰਟੂ ਹਰ ਸਾਲ ਪੰਜਾਬ ਜਾਂਦਾ ਸੀ। ਹੁਣ ਆਵਦਾ ਜਿਸਮ ਵੇਚਣ ਦੇ ਥਾਈਂ ਅਫੀਮ ਵੇਚਦਾ ਸੀ। ਪਰ ਹਰ ਸਾਲ ਪੰਜਾਬ ਵਿੱਚ ਪੈਸੇ ਬੇਸ਼ੁਮਾਰ ਖਰਚਦਾ ਸੀ। ਉਸਨੂੰ ਵੇਖ ਕੇ ਹੋਰ ਲਾਲਚੀ ਜੱਗਰੇ ਜੱਟ ਬਾਹਰ ਆਉਣ ਲਈ ਕਾਹਲੇ ਪੈ ਗਏ। ਕੁੱਝ ਬੰਦਿਆਂ ਨੇ ਉਸਨੂੰ ਵਿਚੋਲਾ ਬਣਾ ਕੇ ਆਵਦੀਆਂ ਧੀਆਂ ਵਿਲਾਇਤ 'ਚ ਫਸਾ ਦਿੱਤੀਆਂ। ਕਈਆਂ ਨੇ ਤਲਾਕ ਲੈ ਲਏ। ਅੱਧੀਆਂ ਕੋਲ਼ ਨਿਆਣੇ ਹੋ ਗਏ ਕਰਕੇ ਵਾਪਸ ਜਾਣ ਜੋਗੀਆਂ ਵੀ ਨਹੀਂ ਸਨ। ਸੱਚ ਸੀ ਪੱਛਮ 'ਚ ਜੋ ਪਲ਼ੇ ਸੀ ਪੂਰਬ ਦੇ



ਪਲ਼ਿਆਂ ਨਾਲ਼ ਮੇਲ਼ ਕਾਮਯਾਬ ਕਦੀ ਨਹੀਂ ਹੁੰਦਾ। ਖਿਆਲ ਬਹੁਤ ਜਿਆਦਾ ਅਲੱਗ ਹੁੰਦੇ ਨੇ। ਪਰ ਮਿੰਟੂ ਵਰਗਿਆਂ ਨੂੰ ਵੇਖ ਕੇ ਪੰਜਾਬੀ ਤਾਂ ਸੋਚਦੇ ਨੇ ਪਤਾ ਨਹੀਂ ਕੀ ਐ ਬਾਹਰ? ਇਸ ਲਈ ਇਹ ਚੱਕਰ ਚੱਲੀ ਜਾਂਦੈ ਅਤੇ ਮਿੰਟੂ ਵਰਗੇ ਗਲਤ ਰਿਸ਼ਤੇ ਕਰਦੇ ਰਹਿੰਦੇ ਨੇ। ਮਿੰਟੂ ਇੱਕ ਸਾਲ ਖਾਲ਼ੀ ਜੇਬ ਨਾਲ ਯੂ ਕੇ ਪਰਤ ਆਇਆ। ਉਸੇ ਸਮੇਂ ਜਦ ਮੈਨੂੰ ਜਮਾਲ ਦਾ ਫਿਕਰ ਸੀ। ਹਾਲੇ ਜਮਾਲ ਨਾਲ ਟੱਕਰਾਂ ਮਾਰ ਰਿਹਾ ਸੀ ਜਦ ਮਿੰਟੂ ਨੇ ਮੈਨੂੰ ਫੋਨ ਕਰਕੇ ਭਾਰ ਚੜ੍ਹਾ ਦਿੱਤਾ।ਮਿੰਟੂ ਨੂੰ ਪਤਾ ਸੀ ਕਿ ਮੈਂ ਉਸ ਸਮੇਂ ਮਿਡਲੈਂਡਜ਼ ਦਾ ਨੰਬਰ ਇੱਕ ਗੁੰਡਾ ਸੀ। ਉਸ ਨੇ ਸਿਮਰਨ, ਮੋਹਨ ਆਦਿ ਤੋਂ ਵੀ ਪੈਸੇ ਉਧਾਰ ਲੈ ਲਏ ਸੀ ਅਤੇ ਕੁੱਝ ਪੰਜਾਬ 'ਚ ਬੈਠੇ ਰਿਸ਼ਤੇਦਾਰਾਂ ਤੋਂ ਵੀ ਲੈ ਲਏ ਸੀ। ਸਭ ਵਾਪਸ ਮੋੜਨੇ ਸਨ। ਪਹਿਲੇ ਤਰੀਕਿਆਂ ਨਾਲ਼ ਪੈਸੇ ਬਣਾਉਣ ਲਈ ਤਿਆਰ ਨਹੀਂ ਸੀ। ਹੁਣ ਤਾਂ ਸੁਹਣਾ ਘਰ ਵੀ ਸੀ। ਸੈੱਟ ਬੰਦਾ ਸੀ। ਇਸ ਲਈ ਉਸਨੇ ਸੰਨ੍ਹ ਲਾਉਣ ਦੀ ਸਕੀਮ ਬਣਾ ਲਈ। ਪਰ ਮੇਰੀ ਮੱਦਦ ਦੀ ਲੋੜ ਸੀ। ਨਾਲ਼ੇ ਇਸ ਵੇਲੇ ਉਸਦਾ ਇੱਕ ਦੋਸਤ ਸੀ ਜਿਸ ਨੇ ਫਿਲਮਾਂ ਵਿੱਚ ਪੈਸੇ ਲਾਏ ਸੀ। ਸੰਘੇੜੇ ਦੀ ਨਵੀਂ ਮੂਵੀ ਵਿੱਚ ਪੈਸੇ ਲਾਏ ਸੀ ਜਿਸ ਫਿਲਮ ਨੂੰ ਕਰਨ ਲਈ ਸੰਘੇੜਾ ਇੰਗਲੈਂਡ ਆਇਆ ਸੀ। ਦੋਸਤ ਦਾ ਨਾਂ ਸੀ ਰਾਜੂ ਅਤੇ ਪਿਕਚਰ ਦੀ ਹੁੱਦਾ ਵਧਾਉਂਦਾ ਸੀ। ਰਾਜੂ ਤੋਂ ਵੀ ਮਿੰਟੂ ਨੇ ਪੈਸੇ ਉਧਾਰ ਲੈ ਲਏ ਸੀ। ਉਸ ਤੋਂ ਜ਼ਿਆਦਾ ਡਰਦਾ ਹੋਣ ਕਰਕੇ ਉਸਨੂੰ ਸਕੀਮ 'ਚ ਸ਼ਾਮਲ ਕਰ ਲਿਆ। ਪਰ ਵੱਡੀ ਗੱਲ ਇਹ ਹੈ ਕਿ ਰਾਜੂ ਨੂੰ ਮੇਰਾ ਨਾਂ ਦੱਸ ਦਿੱਤਾ। ਉਸ ਰਾਜੂ ਨੂੰ ਜਿਹੜਾ ਸੰਘੇੜੇ ਦਾ ਜੋੜੀਦਾਰ ਸੀ। ਆਂਚ ਇਸ ਪਾਸਿਓਂ ਆਈ ਸੀ! ਮਿੰਟੂ ਇੱਕ ਜੌਹਰੀ ਦੀ ਦੁਕਾਨ ਨੂੰ ਲੁੱਟਣਾ ਚਾਹੁੰਦਾ ਸੀ, ਜਿਹੜਾ ਸਾਊਥਹਾਲ ਬਰਾਡਵ 'ਚ ਸੀ। ਉਸਨੇ ਮੇਰੇ ਨਾਲ਼ ਬੈਠ ਕੇ ਪਿਆਰ ਨਾਲ਼ ਤਜਵੀਜ ਰੱਖੀ। ਜੌਹਰੀ ਦੇ ਪਿੱਛੇ ਘਰ ਸਨ। ਘਰਾਂ ਅਤੇ ਜੌਹਰੀ ਦੇ ਵਿਚਾਲ਼ੇ ਗਲ਼ੀ ਸੀ। ਇਸ ਵਿੱਚ ਵੈਨ ਪਾਰਕ ਕਰਕੇ ਦਿਖਾਉਣਾ ਸੀ ਕਿ ਨਾਲ਼ਦੇ ਘਰ 'ਚ ਕੰਮ ਹੋ ਰਿਹਾ ਹੈ। ਤਿੰਨ ਆਦਮੀ ਘਰ ਵਿੱਚ ਸੱਚ ਮੁੱਚ ਕੰਮ ਕਰਦੇ ਹੋਣਗੇ, ਪਰ ਤਿੰਨ ਜਣੇ ਚੋਰੀ ਕਰਨਗੇ। ਚੋਰੀ ਕਰਨ ਲਈ ਸਮਾਨ ਚਾਹੀਦਾ ਸੀ। ਇਹ ਸਮਾਨ ਰਾਜੂ ਦੇ ਜਾਣ ਪਛਾਣ ਵਾਲ਼ੇ ਲਿਆਉਣਗੇ ਜਿੰਨ੍ਹਾਂ ਨੇ ਚੋਰੀ ਕਰਨੀ ਸੀ, ਉਨ੍ਹਾਂ 'ਚ ਮਿੰਟੂ ਵੀ ਹਊਗਾ, ਮੈਂ ਵੀ ਹਊਂਗਾ ਅਤੇ ਪੱਕਾ ਤਿਜੌਰੀ ਦਾ ਝੁੱਗਾ ਭੰਨਣ ਵਾਲ਼ਾ।

ਮੇਰਾ ਕੰਮ ਸੀ ਇਸ ਤਰਾਂ ਦਾ ਆਦਮੀ ਟੋਲਣ ਦਾ। ਚੋਰੀ ਐਤਵਾਰ ਨੂੰ ਕਰਨੀ ਸੀ ਜਦ ਦੁਕਾਨ ਬੰਦ ਹੋਣੀ ਸੀ। ਮੈਂ ਇਸ ਕੰਮ ਲਈ ਬੰਦਾ ਬਰਮਿੰਗਮ 'ਚੋਂ ਭਾਲ਼ ਲਿਆ। ਗੋਰਾ ਸੀ, ਉਸਦਾ ਨਾਂ ਸੀ ਮਾਈਕ। ਮਾਈਕ ਨੇ ਘਣ ਨਾਲ਼ ਪਿਛਲੀ ਕੰਧ ਤੋੜ ਕੇ ਅੰਦਰ ਵੜ ਜਾਣਾ ਸੀ। ਉਸਨੇ ਅਲਾਰਮ ਬੰਦ ਕਰਕੇ ਫਿਰ ਮੈਨੂੰ ਅਤੇ ਮਿੰਟੂ ਨੂੰ ਅੰਦਰ ਬੁਲਾ ਲੈਣਾ ਸੀ। ਮਾਈਕ ਨੇ ਤਿਜੌਰੀ ਅਰਾਮ ਨਾਲ਼

ਖੋਲ੍ਹਕੇ ਬੋਰੀਆਂ ਭਰਨ 'ਚ ਸਾਡੀ ਮੱਦਦ ਕਰਨੀ ਸੀ। ਮੇਰੇ ਇੱਕ ਸੱਤਵੇਂ ਬੰਦੇ ਨੇ ਬਰਾਡਵੇ ਦੀਆਂ ਦੁਕਾਨਾਂ ਦੀਆਂ ਛੱਤਾਂ ਤੇ ਬਾਰੀਆਂ ਧੋਣ ਵਾਲ਼ੇ ਦੇ ਰੂਪ 'ਚ ਅੱਖ ਰੱਖਣੀ ਸੀ ਪੁ਼ਲਸ ਲਈ। ਜੇ ਉਸਨੇ ਕੋਈ ਵੀ ਦੇਖਿਆ ਮੋਬਾਇਲ ਤੇ ਸਾਨੂੰ ਦੱਸ ਦੇਣਾ ਸੀ। ਬੱਸ ਇਹ ਸਕੀਮ ਸੀ ਮਿੰਟੂ ਦੀ। ਮੈਂ ਸੋਚਕੇ ਹਾਂ ਕਰ ਦਿੱਤੀ।ਵੈਸੇ ਸਭ ਇੰਞ ਹੀ ਹੋਣਾ ਹੀ ਸੀ। ਪਰ ਮਾਈਕ ਨੇ ਤਿਜੌਰੀ ਨੂੰ ਬਰੂਦੀ ਸਾਬਣ ਨਾ਼ਲ ਖੋ਼ਲ੍ਹਣਾ ਸੀ। ਇੰਞ ਕੰਮ ਖਰਾਬ ਹੋਗਿਆ। ਜਦ ਖੜਕਾ ਹੋਇਆ, ਉਸਨੇ ਆਲ਼ੇ ਦੁਆਲ਼ੇ ਦੀਆਂ ਦੁਕਾਨਾਂ ਦੇ ਅਲਾਰਮ ਸੈਂਟ ਆਫ ਕਰ ਦਿੱਤੇ। ਪਤਾ ਨਹੀਂ ਕਿਵੇਂ? ਪੁ਼ਲਸ ਦੀਆਂ ਗੱਡੀਆਂ ਆ ਗਈਆਂ। ਸਾਨੂੰ ਸੱਤਵੇਂ ਆਦਮੀ ਨੇ ਦਸ ਦਿੱਤਾ ਤੇ ਸਾਨੂੰ ਸੋਨੇ ਦੇ ਗਹਿਣਿਆਂ ਬਿਨਾਂ ਹੀ ਬਾਹਰ ਨਿੱਕ਼ਲਣਾ ਪਿਆ। ਸਿਆਹ ਬਖ਼ਤੀ ਨਾ਼ਲ ਇੱਕ ਪੁ਼ਲਸੀਆ ਗ਼ਲੀ 'ਚ ਆ ਗਿਆ ਸੀ ਅਤੇ ਵੈਨ ਵਾਲਿਆਂ ਨਾ਼ਲ ਗੱਲਾਂ 'ਚ ਲੱਗ ਪਿਆ। ਉਨ੍ਹਾਂ ਨੇ ਉਸਨੂੰ ਦਫ਼ਾ ਕਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਗਿਆ ਨਹੀਂ। ਉਸਨੇ ਸਾਨੂੰ ਬਾਹਰ ਆਉਂਦੇ ਦੇਖ ਲਿਆ। ਮਾਈਕ ਨੇ ਉਸਦੇ ਹੂਰਾ ਮਾਰਿਆ, ਪਰ ਅਚਾਨਕ ਉਸਨੇ ਗੋ਼ਲੀ ਛੱਡ ਦਿੱਤੀ ਜੋ ਮਿੰਟੂ ਦੇ ਪੇਟ ਵਿੱਚ ਲੱਗੀ। ਆਮ ਪੁ਼ਲਸ ਵਾ਼ਲੇ ਇੱਥੇ ਹਥਿਆਰ ਨਹੀਂ ਰੱਖਦੇ, ਪਰ ਇਸ ਪੁ਼ਲਸੀਏ ਕੋ਼ਲ ਪਿਸਤੌਲ ਸੀ। ਅਸੀਂ ਵੈਨ ਵੱਲ ਨੂੰ ਝਪਟੇ ਤੇ ਛੇਤੀ ਹੀ ਸਾਰੇ ਉੱਥੋਂ ਨਿੱਕ਼ਲ ਗਏ। ਮਿੰਟੂ ਬੇਹਾਲ ਸੀ। ਪਰ ਅਸੀਂ ਉਸਨੂੰ ਹਸਪਤਾਲ ਜਾਂ ਦਵਾਘਰ ਨਹੀਂ ਲਿਜਾ ਸਕਦੇ ਸੀ। ਅਸੀਂ ਵਿਚਾਰੇ ਨੂੰ ਸਿਮਰਨ ਕੋ਼ਲ ਲੈ ਗਏ। ਅੱਥੋਂ ਉਸਨੂੰ ਛੱਡ ਕੇ, ਵੈਨ ਇੱਕ ਸੜਕ ਤੇ ਛੱਡ ਦਿੱਤੀ। ਸਿਮਰਨ ਨੂੰ ਪਤਾ ਨਹੀਂ ਲੱਗਿਆ ਕਿ ਕੀ ਕਰੇ, ਕਿਉਂਕਿ ਮਿੰਟੂ ਬਹੁਤ ਦਰਦ 'ਚ ਸੀ ਅਤੇ ਸਾਰੇ ਪਾਸੇ ਰੱਤੋ-ਰੱਤ ਹੋ ਗਈ ਸੀ। ਸਿਮਰਨ ਨੇ ਰਾਜੂ ਨੂੰ ਫੋਨ ਕਰ ਦਿੱਤਾ ਸੀ। ਉਸਨੇ ਇੱਕ ਡਾਕਟਰ ਬੁਲਾ ਦਿੱਤਾ। ਪਰ ਮਿੰਟੂ ਮਰ ਗਿਆ। ਇਹ ਗੱਲ ਰਾਜੂ ਨੇ ਜਰੂਰ ਸੰਘੇੜੇ ਨੂੰ ਵੀ ਦੱਸ ਦਿੱਤੀ ਹੋਣੀ ਐ। ਪਰ ਉਸ ਵੇ਼ਲੇ ਮੈਨੂੰ ਨਹੀਂ ਪਤਾ ਸੀ। ਮੈਂ ਖਿੱਝ ਵਿੱਚ ਮਾਈਕ ਨੂੰ ਠੋਕਰ ਮਾਰੀ।ਮਾਈਕ ਮੇਰੇ ਨਾ਼ਲ ਖਿੱਝ ਗਿਆ। ਉਸਨੇ ਰਾਜੂ ਨਾ਼ਲ ਗੱਲ ਕੀਤੀ, ਕਿਉਂਕਿ ਰਾਜੂ ਨੂੰ ਨਵਾਂ ਨਿਰਦਸ਼ੋ ਮਿਲਿਆ। ਸੋ... ਮੈਨੂੰ ਕਸਕੇ ਛੱਤ ਨਾਲ ਲਟਕਦੀਆਂ ਕੁੰਡੀਆਂ ਨਾ਼ਲ ਬੰਨ੍ਹ ਕੇ ਲਟਕਾਇਆ ਸੀ। ਜੰਜੀਰ ਨੇ ਸਰੀਰ ਇੰਞ ਘੁੱਟਿਆ ਹੋਇਆ ਸੀ ਜਿਵੇਂ ਸੱਪ ਨੇ ਸਰੀਰ ਨੂੰ ਗੁੰਝਲੀ ਮਾਰੀ ਹੋਵੇ। ਮੇਰੇ ਮੁਖੜੇ ਤੋਂ ਮੁੜ੍ਹਕਾ ਚੋਂਦਾ ਸੀ, ਨਾ਼ਲੋ ਨਾ਼ਲ ਸੀਰ ਫੁੱਟ ਪਈ ਸੀ। ਉਨ੍ਹਾਂ ਦੇ ਹੱਥੋਂ ਮੇਰਾ ਸਾਰਾ ਪਿੰਡਾ ਹੂਰਿਆਂ ਤੇ ਹਥਿਆਰਾਂ ਦੀ ਮਾਰ ਨਾ਼ਲ ਜ਼ਖਮੀ ਹੋਇਆ ਹੋਇਆ ਸੀ। ਉਨ੍ਹਾਂ ਨੇ ਮੈਨੂੰ ਹਾਲੋਂ ਬੇਹਾਲ ਕੀਤਾ ਸੀ। ਅੱਖਾਂ ਖੁੱਲ੍ਹਦੀਆਂ ਨਹੀਂ ਸਨ। ਬੁੱਲ੍ਹ ਪਾਟੇ ਅਤੇ ਮਾਸ ਝੰਡ ਕੀਤੇ ਕਬਾਬ ਵਾਂਗ ਪੋਲਾ ਹੋ ਗਿਆ ਸੀ।ਇਹ ਹਾਲ ਸੀਗਾ ਮੇਰਾ ਉਸ ਵੇਲੇ।



ਮੈਂ ਗੁਦਾਮ ਵਿਚ ਟੰਗਿਆ ਹੋਇਆ ਸੀ। ਮੇਰੇ ਆ਼ਲੇ ਦੁਆ਼ਲੇ ਚਾਰ ਗੁੰਡੇ ਖਲੋਤੇ ਸਨ। ਚਾਰ ਗਿੱਦੜ ਖੜ੍ਹੇ ਸਨ, ਝਈਆਂ ਲੈਂਦੇ।ਇੱਕ ਦੇ ਹੱਥਾਂ 'ਚ ਬੇਸਬਾਲ ਬੈਟ ਸੀ, ਇੱਕ ਦੇ ਹੱਥਾਂ 'ਚ ਸੱਬ਼ਲ ਸੀ। ਦੂਜਿਆਂ ਕੋ਼ਲ ਠੂੰਗਾਂ ਮਾਰਨ ਵਾਲੇ ਲੋਹੇ ਦੇ ਹੜਬੁੱਚ ਦਸਤਾਨੇ ਹਨ। ਛੱਤ ਤੋਂ ਇੱਕ ਲਾਟੂ ਲਮਕਦਾ, ਜਿਸ ਤੋਂ ਕੋਣੇਦਾਰ ਰਿਸ਼ਮ ਸਿਰਫ ਮੇਰੇ ਉਪਰ ਪੈਂਦੀ ਸੀ। ਉਨ੍ਹਾਂ ਦੇ ਸਿਰਫ ਪਰਛਾਵੇਂ ਹੀ ਦਿਸਦੇ ਸਨ। ਉਹ ਆਪ ਹਨੇਰੇ 'ਚ ਹਜ਼ਮ ਹੋਏ ਹੋਏ ਸਨ, ਜਿਵੇਂ ਡਰਦੇ ਹੋਣ ਆਪਣੇ ਆਪ ਨੂੰ ਦਿਖਾਉਣ ਤੋਂ। ਫਿਰ ਇੱਕ ਪਰਛਾਵਾਂ ਚੱਲਿਆ ਰੋਸ਼ਨੀ ਦੇ ਵਿੱਚ, ਮੇਰੇ ਨੇੜੇ ਆ ਕੇ ਖੜ੍ਹਾ ਹੋ ਗਿਆ। ਪਰਛਾਵੇਂ ਦੇ ਮਾਲਕ ਦਾ ਮੂੰਹ ਹੁਣ ਸਾਫ਼ ਦਿਸਦਾ ਸੀ। ਲੰਬਾ, ਪਤਲਾ ਜਿਹਾ। ਠੋਡੀ ਤੇ ਨਿੱਕੀ ਨਿੱਕੀ ਦਾੜ੍ਹੀ ਸੀ। ਨੱਕ ਉੱਤੇ ਐਨਕਾਂ ਬੈਠੀਆਂ ਹੋਈਆਂ ਸਨ। ਉਸਨੇ ਮੁਸਕਾਨ ਛੱਡੀ, ਫਿਰ ਬੋਲਿਆ ਸਹਿਜ ਨਾ਼ਲ,*ਤਾਰੀ ਜਾਂ ਦੇਵ? ਜੋ ਮਰਜੀ...ਵੈਸੇ ਤੈਨੂੰ ਤਾਂ ਹੀ ਇਸ ਮੁਲਕ 'ਚ ਭਾਲਣਾ ਔਖਾ ਸੀ। ਕੇਸ ਰੱਖੇ, ਫੇਰ ਕੱਟੇ। ਪਰ ਇੱਕ ਦਿਨ ਤੂੰ ਕੋਈ ਕਸੂਰ ਕਰਨਾ ਹੀ ਸੀ ਜਿਸ ਨਾ਼ਲ ਤੇਰਾ ਭੇਤ...ਖ਼ੈਰ ਹੁਣ ਤਾਂ ਮਿਲ ਹੀ ਗਿਆ। ਦਾਦੇ ਨੂੰ ਭਾਵੇ ਮਰਵਾ ਦਿੱਤਾ ਸੀ ਪਰ ਅਸਲੀ ਪਲੈਨ ਤੇਰਾ ਹੀ ਸੀ..ਕਾਸ਼!* ਉਸਦੇ ਸੱਜੇ ਹੱਥ ਤੇ ਹੜਬੁੱਚ ਪਾਇਆ ਸੀ। ਉਸਨੇ ਜੋਰ ਦੇਣੀ ਮੇਰੇ ਜਬਾੜੇ ਤੇ ਮੁੱਕਾ ਮਾਰਿਆ। ਮੂੰਹ 'ਚੋਂ ਲਹੂ ਤੇ ਦੰਦ ਥੁੱਕੇ।*ਦੇਵ..ਦੇਵ ਹੀ ਤੇਰਾ ਨਾਂ ਹੈ ਨਾ?...ਤੇਰੀ ਕਿਸਮਤ ਚੰਗੀ ਨਹੀਂ ਹੈ...ਰਾਜੂ ਅਤੇ ਮਿੰਟੂ ਮੈਨੂੰ ਜਾਣਦੇ ਨੇ...ਪਤਾ ਤਾਂ ਮੈਨੂੰ ਲੱਗਣਾ ਹੀ ਸੀ।* ਇੱਕ ਹੋਰ ਮੁੱਕਾ ਮਾਰਿਆ ਐਤਕੀਂ ਸਿੱਧਾ ਨੱਕ ਤੇ। ਰੱਤ ਨਾ਼ਲ ਉਸਦਾ ਸੱਜਾ ਹੱਥ ਹੁਣ ਲਿੱਬੜ ਚੁੱਕਿਆ ਸੀ। ਮੈਂ ਤਾਂ ਜਵਾਬ ਵੀ ਨਹੀਂ ਦੇ ਸਕਦਾ ਸੀ। ਪਰ ਇਹ ਸਭ ਜਵਾਬ ਲੈਣ ਲਈ ਨਹੀਂ ਸੀ। ਮਿੰਟੂ ਕਰਕੇ ਵੀ ਨਹੀਂ ਸੀ। ਇਹ ਤਾਂ ਉਸਨੂੰ ਖ਼ੁਸ਼ ਕਰਨ ਲਈ ਸੀ। ਇਸ ਦਾ ਨਤੀਜਾ ਇੱਕ ਹੀ ਹੋਣਾ ਸੀ, ਮੇਰੀ ਮੌਤ। ਸੱਜੇ ਹੱਥ ਤੋਂ ਲੋਹੇ ਦਾ ਡਸਟਰ ਜਾਣੀ ਹੜਬੁੱਚ ਦਸਤਾਨਾ ਲਾਹ ਦਿੱਤਾ ਸੀ, ਸੰਘੇੜੇ ਨੇ। ਹਾਂ ਉਹ ਸੰਘੇੜਾ ਸੀ। ਜਦ ਰਾਜੂ ਨੇ ਸਭ ਕੁੱਝ ਉਸਨੂੰ ਚੋਰੀ ਬਾਰੇ ਬਕ ਦਿੱਤਾ, ਉਸਨੂੰ ਮੇਰੀ ਤਸਵੀਰ ਵੀ ਦਿਖਾਈ। ਬੱਸ ਉਸਦੀ ਖੋਜ ਖਤਮ ਹੋ ਗਈ। ਉਸਦੇ ਬੱਚੇ ਦਾ ਖ਼ੂਨੀ ਮਿਲ ਗਿਆ ਸੀ। ਹੋਰ ਸਾਰਿਆਂ ਨੂੰ ਮਰਵਾ ਦਿੱਤਾ ਸੀ, ਮੈਂ ਹੀ ਰਹਿੰਦਾ ਸੀ। ਹੁਣ ਨਹੀਂ ਬਚਣਡ।ਰਾਜੂ ਨੂੰ ਜਦ ਪਤਾ ਲੱਗਿਆ ਕਿ ਮੈਂ ਬਰਮਿੰਗਮ ਦਾ ਵੱਡਾ ਗੁੰਡਾ ਸੀ ਉਸਨੇ ਮੈਥੋਂ ਵੀ ਵੱਡੇ ਗੁੰਡੇ ਨੂੰ ਭਾੜਾ ਦਿੱਤਾ। ਇਹ ਆਦਮੀ ਜਮੀਕਾ ਸੀ ਜਿਸ ਦੀ ਪਹੁੰਚ ਲੰਡਨ ਤੋਂ ਬਰਮਿੰਗਮ ਤਿੱਕਰ ਸੀ। ਬੱਸ ਉਨ੍ਹਾਂ ਨੇ ਇੱਕ ਰਾਤ ਜਦ ਮੈਂ ਤੇ ਸ਼ੀਨਾ ਅਰਾਮ ਨਾ਼ਲ ਬੈੱਡ 'ਚ ਪਏ ਸੀ, ਸਾਨੂੰ ਦੋਨਾਂ ਨੂੰ ਚੁੱਕ ਲਿਆ। ਸ਼ੀਨਾ ਦਾ ਮੈਨੂੰ ਕੁੱਝ ਨਹੀਂ ਪਤਾ, ਪਰ ਮੈਨੂੰ ਬੰਨ੍ਹ ਕੇ ਵੈਨ 'ਚ ਸੁੱਟ ਕੇ ਕਿਸੇ ਦੂਰ ਥਾਂ ਲੈ ਗਏ। ਬਹੁਤ ਦੇਰ ਲੱਗੀ ਉੱਥੇ ਪਹੁੰਚਣ ਲਈ। ਜਦ ਪੁੱਜੇ ਮੈਨੂੰ ਵੈਨ 'ਚੋਂ ਬਾਹਰ ਕੱਢ ਕੇ

ਇੱਕ ਗੁਦਾਮ 'ਚ ਲੈ ਗਏ ਸੀ। ਸਾਰੇ ਕਾਲ਼ੇ ਸਨ। ਮੈਨੂੰ ਫਿਰ ਟੰਗ ਕੇ ਕੁੱਟਿਆ, ਬਿਨਾ ਦੱਸਣ ਤੋਂ, ਕਾਹਤੋਂ ਇੰਝ ਕਰ ਰਹੇ ਸੀ? ਫਿਰ ਉਸਨੂੰ ਵੇਖਿਆ, ਪਰਛਾਵੇਂ 'ਚ ਲੁਕੇ...ਸੰਘੇੜੇ ਨੂੰ। ਮੈਂ ਸਮਝ ਗਿਆ। ਉਸਦੇ ਨਾਲ ਹਨੇਰੇ 'ਚ ਰਾਜੂ ਵੀ ਖੜ੍ਹਾ ਸੀ। ਜਦ ਤੱਕ ਮੇਰੇ ਨਾਲ਼ ਬੋਲ਼ਿਆ ਮੈਤੋਂ ਤਾਂ ਅੱਖਾਂ ਵੀ ਔਖ ਨਾਲ਼ ਮਸਾਂ ਮਸਾਂ ਖੋਲ੍ਹ ਹੁੰਦੀਆਂ ਸਨ। ਪਰ ਹੁਣ ਤਾਂ ਤੂੰ ਵੀ ਸਮਝਦਾ ਹੋਵੇਂਗਾ ਕਿਉਂ ਮੈਂ ਇੱਥੇ ਇਸ ਹਾਲ਼ ਵਿੱਚ ਟੰਗਿਆ ਹਾਂ।

*ਹਰਾਮਜਾਦਾ...ਤੇਰੀ... ਦੀ...,* ਹੌਲ਼ੀ ਹੌਲ਼ੀ ਸੰਘੇੜੇ ਦੀ ਆਵਾਜ਼ ਵਿੱਚ ਆਵੇਸ਼ ਆ ਰਿਹਾ ਸੀ।*ਮੇਰਾ ਮਾਸੂਮ ਪੁੱਤ...ਕੁੱਤਿਆ...ਅੱਜ ਤੈਨੂੰ ਨਹੀਂ ਛੱਡਣਾ! ਹੋਰ ਮਾਰੋ! ਇਸ ਨੂੰ ਹੋਰ ਮਾਰੋ!* ਐਤਕੀ ਮੈਂ ਫੁੜਕ ਫੁੜਕ ਕੇ ਬੇਸੁੱਧ ਹੋਗਿਆ। ਜਦ ਹੋਸ਼ ਆਇਆ, ਮੈਂ ਹੈਰਾਨ ਸੀ ਕਿ ਮੈਂ ਹਾਲੇ ਵੀ ਜਿਉਂਦਾ ਸੀ। ਕਿਉਂ? ਆਲ਼ੇ ਦੁਆਲ਼ੇ ਤੋਂ ਆਵਾਜ਼ਾਂ ਆ ਰਹੀਆਂ ਸਨ। ਮੈਂ ਹੁਣ ਟੰਗਿਆ ਨਹੀਂ ਸੀ। ਫਿਰ ਨੀਂਦ ਆ ਗਈ। ਜਦ ਫਿਰ ਜਾਗਿਆ, ਸਾਫ਼ ਸੁਣਦੀ ਸੀ ਇੱਕ *ਟੀ ਟੀ*, ਝਿਮ ਝਿਮ ਕਰਦੀ। ਹੱਥ ਹਿਲਾਇਆ, ਮੂੰਹ ਤੇ ਫੇਰਿਆ। ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਹੁਣ ਲੋਕਾਂ ਦੀਆਂ ਆਵਾਜ਼ਾਂ ਵੀ ਸੁਣਦੀਆਂ ਸਨ। ਨੀਂਦ ਨੇ ਫਿਰ ਮੈਨੂੰ ਆਪਣੇ ਕਲ਼ਾਵੇ 'ਚ ਲੈ ਲਿਆ। ਜਦ ਫਿਰ ਜਾਗਿਆ ਸਮਝ ਗਿਆ ਕੇ ਸੰਘੇੜੇ ਨੇ ਮੇਰੀ ਜਾਨ ਨਹੀਂ ਲਈ। ਮਾਰ ਮਾਰ ਕੇ ਇਸ ਹਾਲ 'ਚ ਛੱਡ ਦਿੱਤਾ ਸੀ। ਫਿਰ ਉਹ ਦਿਨ ਆ ਗਿਆ ਜਦ ਮੈਂ ਅੱਖਾਂ ਖੋਲ੍ਹ ਸਕਦਾ ਸੀ। ਮੇਰੇ ਸਾਹਮਣੇ ਮੇਰਾ ਖਾਸ ਆਦਮੀ ਜੌਹਨੀ ਖੜ੍ਹਾ ਸੀ। ਮੈਂ ਬੋਲ਼ਣ ਦੀ ਕੋਸ਼ਿਸ਼ ਕੀਤੀ ਪਰ ਮੂੰਹ ਚੱਲੇ ਹੀ ਨਾ। *ਬੌਸ ਡੌਂਟ ਵਰੀ..ਸਾਨੂੰ ਪਤਾ ਲੱਗ ਗਿਆ ਕੀ ਹੋਇਆ? ਅਸੀਂ ਮਸਾਂ ਹੀ ਉਸ ਕਾਲ਼ੇ ਦੇ ਗੁਦਾਮ ਦਾ ਪਤਾ ਲਾਇਆ। ਸੌਰੀ ਪਹਿਲਾਂ ਨਹੀਂ ਪੁੱਜੇ! ਸੋ ਸੌਰੀ! ਖ਼ੈਰ ਜਦ ਅੰਦਰ ਪਹੁੰਚੇ, ਸਭ ਵੱਲ ਗੋਲ਼ੀਆਂ ਛੱਡੀਆਂ । ਇੱਕ ਤੋਂ ਛੁੱਟ ਸਭ ਮਰ ਗਏ। ਸੋ ਸੌਰੀ...ਯੂ ਹੈਵ ਬੀਨ ਹੀਅਰ ਫਾਰ ਫਾਈਵ ਵੀਕਜ਼ ਮੈਨ।*

ਮੈਂ ਉਸਦੀਆਂ ਸਾਰੀਆਂ ਗੱਲਾਂ ਸਮਝ ਗਿਆ ਸੀ। ਮੈਂ ਇਸ਼ਾਰਾ ਕੀਤਾ ਕੌਣ ਬਚਿਆ ਅਤੇ ਸ਼ੀਨਾ ਦਾ ਕੀ ਹਾਲ਼ ਹੈ? ਉਸਨੇ ਕਾਰੀ ਆਵਾਜ਼ 'ਚ ਜਵਾਬ ਦਿੱਤਾ, *ਸੰਘੇੜਾ, ਇੱਕ ਐਕਟਰ ਏ। ਪਰ ਹੁਣ ਐਕਟ ਨਹੀਂ ਕਰ ਕਰੂਗਾ। ਸਾਡੇ ਕੋਲ਼ੇ ਹਾਲੇ ਵੀ ਐ। ਦੁਨੀਆ ਪਾਗਲ ਹੋ ਗਈ ਉਸਨੂੰ ਟੋਲ੍ਹਦੀ।* ਮੈਂ ਸ਼ੀਨਾ ਬਾਰੇ ਫਿਰ ਪਤਾ ਲੈਣ ਦੀ ਕੋਸ਼ਿਸ਼ ਕੀਤੀ। ਹੌਲ਼ੀ ਹੌਲ਼ੀ ਜਵਾਬ ਆਇਆ। *ਉਸਨੂੰ ਕਾਲ਼ਿਆਂ ਨੇ ਰੇਪ ਕਰਕੇ ਮਾਰ ਦਿੱਤਾ ਸੀ। ਸਾਡੇ ਨਾਲ਼ ਉਸ ਗੈਂਗ ਨਾਲ ਓਦੋਂ ਦਾ ਯੁੱਧ ਚੱਲ ਰਿਹੈ। ਹਰ ਹਫਤੇ ਉਨ੍ਹਾਂ ਨੂੰ ਘਾਟਾ ਪੈਂਦਾ ਜਾਂ ਸਾਨੂੰ।* ਸ਼ੀਨਾ ਦੀ ਗੱਲ ਸੁਣ ਕੇ ਬਹੁਤ ਦੁੱਖ ਹੋਇਆ। ਸੰਘੇੜੇ ਨੂੰ ਅਸੀਂ ਕੀ ਕਰਨਾ ਸੀ? ਇਹ ਸੱਚ ਸੀ ਕਿ ਮੇਰੇ ਕਰਕੇ ਉਸਦਾ ਬੱਚਾ ਮਰਿਆ ਸੀ। ਪਰ ਦੁਜੇ ਪਾਸੇ ਮੈਂ ਤਾਂ ਗੁੰਡਾ ਹਾਂ ਅਤੇ ਇਸ



ਆਦਮੀ ਨੇ ਮੇਰੇ ਨਾਲ਼ ਪੰਗਾ ਲਿਆ ਸੀ । ਕੁੱਝ ਤਾਂ ਕਰਨਾ ਹੀ ਪੈਣਾ ਸੀ। ਨਾਲ਼ੇ ਇਸ ਸਭ ਕਰਕੇ ਸ਼ੀਨਾ ਵੀ ਮਰ ਗਈ ਸੀ। ਇੱਕ ਹੋਰ ਮਹੀਨੇ ਬਾਅਦ ਹਸਪਤਾਲ 'ਚੋਂ ਨਿੱਕਲ਼ਿਆ। ਪੁਲ਼ਸ ਨੇ ਬਹੁਤ ਸਵਾਲ ਪੁੱਛੇ। ਮੈਂ ਜਾਣ ਬੁੱਝ ਕੇ ਕਹਿ ਦਿੱਤਾ ਕਿ ਨਸਲਵਾਦੀ ਗੋਰਿਆਂ ਨੇ ਮੈਨੂੰ ਕੁੱਟਿਆ ਅਤੇ ਅਨ੍ਹਾਂ ਦੀ ਪਛਾਣ ਨਹੀਂ ਕਰ ਸਕਦਾ। ਖਬਰਾਂ ਵਿੱਚ ਹਾਲੇ ਵੀ ਸੰਘੇੜੇ ਬਾਰੇ ਮੀਡੀਆ ਵਾਲ਼ੇ ਪੁੱਛ-ਗਿੱਛ ਕਰ ਰਹੇ ਸਨ। ਕਿਸੇ ਨੂੰ ਲੱਗਿਆ ਕਿ ਜਦ ਦਿੱਲੀ ਵਿੱਚ ਘੱਲੂਘਾਰਾ ਹੋਇਐ, ਉਸਦਾ ਨਾਂ ਉਸ ਮਾਮਲੇ ਵਿੱਚ ਬੋਲਦਾ ਸੀ ਇਸ ਕਰਕੇ ਵੱਖਵਾਦੀਆਂ ਨੇ ਮਾਰ ਦਿੱਤਾ ਹੋਣੈ। ਕਿਸੇ ਨੂੰ ਕੁੱਝ ਪਤਾ ਨਹੀਂ ਸੀ। ਮੈਂ ਹਾਲੇ ਵੀ ਸ਼ੀਨਾ ਦੀ ਮੌਤ ਦੇ ਸੋਗ 'ਚ ਸੀ। ਡਹੀਆਂ ਦੇ ਸਹਾਰੇ ਨਾਲ਼ ਤੁਰਦਾ ਫਿਰਦਾ ਸੀ। ਮਹੀਨਾ ਹੋਰ ਬੀਤਣ ਪਿੱਛੋਂ ਹੀ ਸੰਘੇੜੇ ਨੂੰ ਮਿਲਣ ਲਈ ਤਿਆਰ ਹੋ ਸਕਿਆ ਸੀ ।ਇਸ ਵੇਲੇ ਅੰਗ੍ਰੇਜ਼ੀ ਗੌਰਮਿੰਟ ਨੇ ਮੁਹਿੰਮ ਸ਼ੁਰੂ ਕਰ ਲਈ ਸੀ। ਸਾਊਥਹਾਲ, ਸਲੋ, ਬਰਮਿੰਗਮ ਟ੍ਰੱਕ ਤੁਰਦੇ ਫਿਰਦੇ ਸੀ ਜਿੰਨ੍ਹਾਂ ਤੇ ਇਸ਼ਤਿਹਾਰ ਸਨ। ਉਨ੍ਹਾਂ ਇਸ਼ਤਿਹਾਰਾਂ ਤੇ ਲਿਖਿਆ ਸੀ, *ਗ਼ੈਰ ਕਾਨੂੰਨੀ ਲੋਕ ਘਰ ਵਾਪਸ ਜਾਓ, ਨਹੀਂ ਤਾਂ ਦਸ ਹਜ਼ਾਰ ਪੌਂਡ ਦਾ ਜੁਰਮਾਨਾ ਭਰਨਾ ਪਊ ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਲੰਘ ਚੁੱਕੀ ਹੈ। ਘਰ ਵਾਪਸ ਜਾਓ ਜਾਂ ਗ੍ਰਿਫ਼ਤਾਰੀ ਲਈ ਤਿਆਰ ਰਹੋ।* ਸਿਮਰਨ ਵਰਗੇ ਇਮਾਨਦਾਰ ਬੰਦੇ ਵੀ ਫਸ ਸਕਦੇ ਸਨ ਤੇ ਮੇਰੇ ਵਰਗੇ ਗੁੰਡੇ ਵੀ। ਬੱਸ ਜਿਹੜੇ ਘਰਾਂ 'ਚ ਮੇਰੇ ਗ਼ੈਰ ਕਾਨੂੰਨੀ ਆਦਮੀ ਲੁਕੋਏ ਸੀ ਛਾਪੇ ਪੈਣ ਲੱਗ ਪਏ। ਇਸ ਤਰਾਂ ਸਾਡੇ ਕੋਠੇ, ਜੂਆਖਾਨਿਆਂ ਤੇ ਵੀ ਛਾਪੇ ਪੈਣ ਲੱਗ ਪਏ। ਜਮੀਕਿਆਂ ਨੇ ਇਸ ਦਾ ਫਾਇਦਾ ਲਿਆ।ਮਿੰਟੂ ਉਸ ਦਿਨ ਗੋਲ਼ੀ ਤੋਂ ਬਚ ਗਿਆ ਸੀ ਪਰ ਜੌਹਨੀ ਨੂੰ ਫਿਕਰ ਸੀ ਕਿ ਉਸਨੇ ਪੁਲ਼ਸ ਨੂੰ ਸਭ ਕੁੱਝ ਦੱਸ ਦੇਣੈ। ਇਸ ਲਈ ਉਸਨੇ ਮਿੰਟੂ ਦਾ ਸਿਰ ਧੌਣ ਤੋਂ ਵੱਖਰਾ ਕਰਕੇ ਸੰਘੇੜੇ ਦੀ ਕੁੱਛੜ ਤੇ ਰੱਖ ਦਿੱਤਾ ਸੀ। ਪਰ ਸੰਘੇੜਾ ਡਰਨ ਵਾਲ਼ਾ ਨਹੀਂ ਸੀ। ਜਦ ਇਹ ਗੱਲ ਹੋਈ ਸੰਘੇੜਾ ਇੱਕ ਕੁਰਸੀ ਤੇ ਬੰਨ੍ਹਿਆ ਬੈਠਾ ਸੀ। ਉਸਨੂੰ ਹੁਣ ਤੱਕ ਇੱਕ ਹਨੇਰੇ ਕਮਰੇ ਵਿੱਚ ਰੱਖਿਆ ਹੋਇਆ ਸੀ, ਸਾਡੇ ਕਸੀਨੋ ਦੇ ਭੋਰੇ ਵਿੱਚ। ਅਸੀਂ ਇਸ ਵੇਲੇ ਪੁਲ਼ਸ ਤੋਂ ਤਿੰਨ ਕਾਰਨਾਂ ਕਰਕੇ ਡਰਦੇ ਸੀ।

ਇੱਕ ਤਾਂ ਜਮੀਕਿਆਂ ਨਾਲ਼ ਲੜਾਈ ਹੋ ਰਹੀ ਸੀ ਜਿਸ ਵਿੱਚ ਸਾਡੇ ਲੋਕ ਮਾਰੇ ਜਾ ਰਹੇ ਸੀ। ਦੂਜੇ ਗ਼ੈਰ ਕਾਨੂੰਨੀ ਲੋਕਾਂ ਮਗਰ ਵੀ ਪੁਲ਼ਸ ਪਈ ਹੋਈ ਸੀ। ਤੀਜਾ ਤੇ ਆਖਰੀ ਕਾਰਨ ਸੀ ਕਿ ਸਾਰੀ ਦੁਨੀਆ ਸੰਘੇੜੇ ਦੀ ਤਲਾਸ਼ ਕਰ ਰਹੀ ਸੀ।ਹਾਲੇ ਮੇਰੇ 'ਚ ਹਿੰਮਤ ਨਹੀਂ ਸੀ ਉਸ ਬੰਦੇ ਨਾਲ਼ ਗੱਲ ਕਰਨ ਦੀ ਜਿਸਦਾ ਬੱਚਾ ਮਰਿਆ ਸੀ ਮੇਰੀ ਵਜ੍ਹਾ ਨਾਲ਼। ਭਾਵੇਂ ਉਸਨੇ ਹੀ ਮੇਰਾ ਇਹ ਹਾਲ ਕਰਵਾਇਆ ਸੀ। ਮੈਂ ਆਵਦਾ ਧਿਆਨ ਜਮੀਕੇ ਵੱਲ ਕਰ ਲਿਆ। ਜਮੀਕਾ ਹੈਂਡਜ਼ਵਰਥ ਦਾ ਵਾਸੀ ਸੀ। ਪਰ ਇੱਥੇ ਉਸਨੂੰ ਹੱਥ ਲਾਉਣਾ ਔਖਾ ਸੀ। ਸੋ ਮੈਂ ਉਸਦੇ ਅੱਡਿਆਂ ਤੇ

ਹਮਲੇ ਕੀਤੇ। ਉਸਨੇ ਬਦਲੇ 'ਚ ਵਾਪਸ ਧਾਵੇ ਕੀਤੇ। ਇੱਦਾਂ ਚੱਕਰ ਚੱਲੀ ਗਿਆ। ਸਰਦੀਆਂ 'ਚ ਇੱਕ ਦਿਨ ਉਸਦੀ ਧੀ ਮੇਰੇ ਹੱਥ ਆ ਗਈ।ਜਦ ਮੇਰੇ ਆਦਮੀਆਂ ਨੇ ਤੱਕੀ ਉਹ ਕਲੱਬ 'ਚ ਨੱਚਦੀ ਸੀ। ਉਸਨੂੰ ਸ਼ਰਾਬੀ ਕਰਕੇ ਕਸੀਨੋ ਲਿਆਂਦਾ ਗਿਆ। ਸ਼ੀਨਾ ਨਾਲ਼ ਕਿੰਝ ਬੀਤੀ ਹੋਊ ਮੈਨੂੰ ਯਾਦ ਆ ਗਿਆ। ਮੈਂ ਆਪਣੇ ਬੰਦਿਆ ਨੂੰ ਇਜਾਜ਼ਤ ਦੇ ਦਿੱਤੀ ਉਸਦਾ ਬਲਾਤਕਾਰ ਕਰਨ ਦੀ। ਜੌਹਨੀ ਨੇ ਵੀਡੀਓ ਵੀ ਭਰ ਕੇ ਯੂਟਿਊਬ ਤੇ ਚੜ੍ਹਾ ਦਿੱਤੀ ਸੀ। ਇਸਦਾ ਲਿੰਕ ਜਾਣ ਬੁੱਝਕੇ ਉਸ ਦੇ ਬਾਪ ਨੂੰ ਭੇਜਿਆ ਗਿਆ। ਬਾਅਦ 'ਚ ਉਸਦੀ ਲਾਸ਼ ਹੈਂਡਜ਼ਵਰਥ ਦੇ ਬੈਪਟਿਸਟ ਗਿਰਜੇ ਮੂਹਰੇ ਛੱਡ ਦਿੱਤੀ ਸੀ। ਮੈਨੂੰ ਅੰਦਾਜ਼ਾ ਸੀ ਕਿ ਅੱਜ ਉਸਨੇ ਸਾਡੇ ਕਸੀਨੋ ਤੇ ਹਮਲਾ ਕਰਨਾ ਸੀ। ਤਿਆਰੀਆਂ ਹੋ ਗਈਆਂ। ਪੁਲ਼ਸ ਪਹਿਲਾਂ ਹੀ ਕਸੀਨੋ ਪੁੱਜ ਗਈ। ਪਰ ਉਹ ਬੇਖਬਰ ਸੀ ਕਿ ਭੋਰੇ ਵਿੱਚ ਸੰਘੇੜਾ ਸੀ। ਹੁਣ ਉਹ ਜੱਗ ਦੀ ਨਜ਼ਰ 'ਚ ਮਰ ਚੁੱਕਿਆ ਸੀ ਅਤੇ ਬੌਲੀਵੁੱਡ ਨੇ ਤਾਂ ਦਾਹ-ਸੰਸਕਾਰ ਦੀ ਰਸਮ ਆਦਿ ਵੀ ਕਰ ਲਏ ਸੀ। ਰਣਜੀਤਪੁਰ 'ਚ ਉਸਦਾ ਬੁੱਤ ਵੀ ਲਾ ਦਿੱਤਾ ਸੀ। ਸੋ ਹੁਣ ਮੈਂ ਜੋ ਮਰਜ਼ੀ ਕਰ ਸਕਦਾ ਸੀ। ਜਿੱਤ ਮੇਰੀ ਹੀ ਸੀ।ਮੈਂ ਸ਼ੀਸ਼ੇ 'ਚ ਆਵਦੇ ਵੱਲ ਵੇਖਿਆ। ਹੁਣ ਸਹਾਰੇ ਦੀ ਲੋੜ ਨਹੀਂ ਸੀ। ਮੇਰੇ ਵੱਲ ਮੇਰਾ ਮੂੰਹ ਵਾਪਸ ਝਾਕਿਆ। ਅੱਖਾਂ ਗੋਲ਼ ਪਰ ਸਖਤ ਸਨ। ਫਿਰ ਉਨ੍ਹਾਂ ਵਿੱਚ ਮਲਾਲ ਸੀ। ਦੁਨੀਆ ਦਾ ਭਾਰ...ਸ਼ੀਨਾ ਦਾ, ਸੰਘੇੜੇ ਦੇ ਬਾਲ ਦਾ ਭਾਰ। ਜਦ ਤਾਰੀ ਸੀ ਸਿੱਖ ਵਾਂਗ ਸਜਿਆ ਸੀ, ਪਰ ਹੁਣ ਵਾਲ਼ ਨੰਨ੍ਹੇ ਸਨ। ਨੱਕ ਲੰਬਾ ਪਤਲਾ ਜਿਹਾ ਸੀ ਅਤੇ ਬੁੱਲ੍ਹ ਖੁਟੜੇ। ਹਾਲੇ ਵੀ ਮੂੰਹ ਤੇ ਕੁਟਾਪੇ ਦੇ ਦਾਗ਼ ਸਨ। ਸੰਘੇੜਾ ਇੱਕ ਬਾਪ ਸੀ, ਜਿਸਨੂੰ ਮੇਰੇ ਤੇ ਇੰਨਾ ਗੁਸਾ ਸੀ ਮਾਰਨ ਦੇ ਥਾਈਂ ਉਸਨੇ ਮੈਨੂੰ ਕੁੱਟਿਆ...ਪਰ ਇਸ ਗਲਤੀ ਕਰਕੇ ਮੈਂ ਬਚ ਗਿਆ ਅਤੇ ਉਸਨੂੰ ਮੇਰੇ ਗੁੰਡਿਆਂ ਨੇ ਪਸ਼ੂ ਵਾਂਗ ਰੱਖਿਆ ਸੀ। ਚੱਲ ਦੇਖਦੇ ਹਾਂ, ਮੈਂ ਉਸਨੂੰ ਮਿਲਣ ਚਲਿਆ ਗਿਆ।ਕਮਰੇ ਦੀ ਬੱਤੀ ਜਗਾਈ। ਉਸਨੇ ਅੱਖਾਂ ਝਪਕ ਕੇ ਮਸਾਂ ਮੇਰੇ ਵੱਲ ਝਾਕਿਆ। ਉਹ ਉਨ੍ਹਾਂ ਹੀ ਕੱਪੜਿਆਂ 'ਚ ਸੀ ਜਦੋਂ ਦਾ ਉਹਨੇ ਮੈਨੂੰ ਉਸ ਰਾਤ ਕੁੱਟਿਆ ਸੀ। ਦਾੜ੍ਹੀ ਲੰਬੀ ਤੇ ਗੰਦੀ ਹੋ ਚੁੱਕੀ ਸੀ। ਬੇਆਰਾਮ ਘੱਗੀ ਜਿਹਾ ਸੀਗਾ। ਮੇਰੀ ਤਕਦੀਰ, ਨਹੀਂ ਨਹੀਂ ਸਾਡੇ ਦੋਨਾਂ ਦੇ ਵਿਕਾਰੀ ਕਰਮਾਂ ਕਰਕੇ ਹੁਣ ਅਸੀਂ ਏਥੇ ਪੁੱਜੇ ਸੀ। ਕਮਰਾ ਸੁੰਞਾ ਜਿਹਾ ਸੀ। ਸਿਰਫ ਇੱਕ ਪਾਸੇ ਨਿੱਕਾ ਜਿਹਾ ਮੇਜ਼ ਸੀ ਅਤੇ ਉਸ ਨਾਲ ਇੱਕ ਕੁਰਸੀ। ਇੰਨ੍ਹਾਂ ਤੋਂ ਬਿਨਾਂ ਜਿਹੜੀ ਕੁਰਸੀ ਤੇ ਕਮਰੇ ਵਿਚਾਲ਼ੇ ਬੰਨ੍ਹਿਆ ਬੈਠਾ ਸੰਘੇੜਾ ਸੀ ਦਿਸ ਰਹੀ ਸੀ ਜਾਂ ਉਸਦੇ ਅੱਗੇ ਭੁੰਜੇ ਪਈ ਥਾਲ਼ੀ ਜਿਸ ਵਿੱਚ ਅੱਧਾ ਖਾਧਾ ਖਾਣਾ ਪਿਆ ਸੀ। ਜਦ ਵੀ ਖਾਣ ਦਾ ਟਾਇਮ ਹੁੰਦਾ ਸੀ ਇੱਕ ਬੰਦਾ ਰਾਖੀ ਖੜ੍ਹਦਾ ਸੀ, ਮੇਜ਼ ਸੰਘੇੜੇ ਦੇ ਸਾਹਮਣੇ ਰੱਖ ਕੇ ਉਸਦੀਆਂ ਬੇੜੀਆਂ ਲਾਹ ਕੇ ਥਾਲ਼ੀ ਰੱਖ ਦਿੰਦਾ ਸੀ। ਜਦ ਖਾਂਦਾ ਨਹੀਂ ਸੀ ਦੂਜੀ ਕੁਰਸੀ ਸਾਹਮਣੇ ਰੱਖ ਕੇ ਜ਼ਬਰਦਸਤੀ



ਨਾਲ਼ ਖਵਾਉਂਦੇ ਸੀ। ਇਸ ਤੋਂ ਇਲਾਵਾ ਕਮਰੇ 'ਚ ਕੁੱਝ ਨਹੀਂ ਸੀ।ਮੇਰੇ ਸਾਹਮਣੇ ਸੰਘੇੜੇ ਬੈਠਾ ਸੀ, ਬੰਨ੍ਹਿਆ, ਉਸ ਤੋਂ ਆਉਂਦਾ ਮੁਸ਼ਕ ਨਾਸ੍ਹਾਂ ਸਾੜਦਾ ਸੀ।

ਮੈਂ ਕੰਧ ਕੋਲ਼ੋਂ ਕੁਰਸੀ ਚੱਕ ਕੇ ਉਸਦੇ ਸਾਹਮਣੇ ਟਿਕਾ ਕੇ ਬਹਿ ਗਿਆ। ਮੇਰੇ ਪਿੱਛੇ ਜੌਹਨੀ ਖਲੋਤਾ ਸੀ। ਹੌਲ਼ੀ ਹੌਲ਼ੀ ਉਸਨੇ ਆਵਦਾ ਸਿਰ ਚੱਕ ਕੇ ਮੇਰੇ ਵੱਲ ਦੇਖਿਆ। ਬਹੁਤ ਦੇਰ ਲਈ ਚੁੱਪ ਰਿਹਾ। ਫਿਰ ਉਸਨੇ ਮੇਰੇ ਮੂੰਹ ਤੇ ਥੁੱਕਿਆ। ਜੌਹਨੀ ਉਸਨੂੰ ਮਾਰਨ ਨੂੰ ਗਿਆ ਪਰ ਮੈਂ ਉਹਨੂੰ ਰੋਕ ਦਿੱਤਾ। ਆਵਦੀ ਜੇਬ 'ਚੋਂ ਰਮਾਲ ਕੱਢ ਕੇ ਮੂੰਹ ਸਾਫ ਕੀਤਾ। ਮੇਰੇ ਵੱਲ ਖਰੂਦੀ ਅੱਖਾਂ ਨਾਲ ਵੇਖੀ ਗਿਆ। ਉਹ ਵੀ ਸੋਚਦਾ ਹੋਵੇਗਾ ਕਿ ਜਦ ਹੱਥ 'ਚ ਦੇਵ ਆ ਗਿਆ ਮੈਂ ਉਸਨੂੰ ਖਤਮ ਕਿਉਂ ਨਹੀਂ ਕੀਤਾ ਜਿੰਝ ਦਾਦੇ ਨੂੰ ਕੀਤਾ ਸੀ? ਜੌਹਨੀ ਖੜ੍ਹਾ ਕਰਕੇ ਮੈਨੂੰ ਪਤਾ ਸੀ ਕਿ ਮੈਨੂੰ ਹੁਣ ਸੰਘੇੜੇ ਬਾਰੇ ਫੈਸਲਾ ਕਰਨਾ ਪਏਗਾ। ਜੇ ਮੈਂ ਕਮਜ਼ੋਰ ਲੱਗਾ ਜੌਹਨੀ ਸਾਹਮਣੇ ਚੰਗੀ ਗੱਲ ਨਹੀਂ ਸੀ। ਸੰਘੇੜੇ ਕਰਕੇ ਸਾਡੇ ਕਈ ਬੰਦੇ ਮਰੇ ਸਨ ਜਾਂ ਜੇਲ੍ਹ 'ਚ ਪਹੁੰਚ ਗਏ ਜਦੋਂ ਦਾ ਜਮੀਕਿਆਂ ਨਾਲ਼ ਵਾਹ ਪਿਆ। ਸ਼ੀਨਾ ਵੀ ਸੰਘੇੜੇ ਨੇ ਮਰਵਾਈ ਸੀ। ਪਰ ਮੇਰੇ ਮਨ ਵਿੱਚ ਇੱਕ ਹੀ ਸੋਚ ਨੱਸਦੀ ਰਹੀ। ਇਸ ਦੇ ਨਿਆਣੇ ਦੀ ਮੌਤ ਮੇਰੇ ਜ਼ਿੰਮੇ ਹੈ। ਜੇ ਤੂੰ ਬਾਪ ਹੁੰਦਾ ਤੂੰ ਵੀ ਇੰਝ ਹੀ ਕਰਨਾ ਸੀ? ਕੋਈ ਸ਼ੱਕ? ਹਮਦਰਦੀ ਉਸਦੇ ਬੇਨੂਰ ਚਿਹਰੇ ਵੱਲ ਝਾਕ ਕੇ ਮੈਨੂੰ ਕਮਜ਼ੋਰ ਕਰ ਰਹੀ ਸੀ। ਕੀ ਪਤੈ ਹੁਣ ਮੇਰੀ ਹਿੰਮਤ ਇਸ ਤਰਾਂ ਦੀ ਜ਼ਿੰਦਗੀ ਲਈ ਹਾਰ ਗਈ ਸੀ?

*ਸੰਘੇੜਾ ਜੀ...*, ਮੈਂ ਗੱਲ ਸ਼ੁਰੂ ਕੀਤੀ। ਉਸਦੀਆਂ ਅੱਖਾਂ ਮੇਰੇ ਮੂੰਹ ਤੇ ਗੱਡੀਆਂ ਸਨ। *ਸੰਘੇੜਾ ਜੀ...ਮੈਂ ਤੇਰੇ ਬੱਚੇ ਨੂੰ ਮਰਵਾਇਆ ਅਤੇ ਇਸ ਦਾ....ਇਸਦਾ ਬਦਲਾ...ਆਪ ਦੇਖ ਸਕਦੇ ਹੋ ਮੇਰੀ ਹਾਲਤ? ਮਸਾਂ ਅੱਜ ਤੁਹਾਨੂੰ ਮਿਲਣ ਆ ਸਕਿਆਂ...ਮੇਰੀ ਦੋਸਤ ਸ਼ੀਨਾ ਤੁਹਾਡੀ ਵਜ੍ਹਾ ਕਾਰਨ ਰੇਪ ਹੋਈ...ਕਾਲ਼ਿਆਂ ਦੇ ਹੱਥੀਂ। ਸੋ...ਹੁਣ ਤੁਸੀਂ ਮੇਰੇ ਹੱਥਾਂ 'ਚ ਆ ਗਏ ਹੋ...ਜਿੰਦਗੀ ਇੱਕ ਚੱਕਰ ਹੈ ਜਿਸ ਵਿੱਚ...ਕੋਈ ਨੈਤਿਕਤਾ ਨਹੀਂ ਹੈ...ਤੁਸੀਂ ਦੁਖੀ, ਮੈਂ ਵੀ ਦੁਖੀ? ਤੇ ਬਦਲੇ ਨੇ ਸਾਨੂੰ ਕੀ ਮਿਲਿਆ? *ਹੂੰ।* ਉਸਨੇ ਜਵਾਬ ਨਹੀਂ ਦਿੱਤਾ। ਮੈਂ ਹੱਥ ਜੌਹਨੀ ਵੱਲ ਵਧਾਇਆ। ਉਸਨੇ ਅਖਬਾਰ ਫੜਾ ਦਿੱਤਾ। ਮੈਂ ਸੰਘੇੜੇ ਦੀਆਂ ਅੱਖਾਂ ਅੱਗੇ ਕਰ ਦਿੱਤਾ। ਅਖਬਾਰ ਵਿੱਚ ਉਸ ਦੇ ਸੰਸਕਾਰ ਬਾਰੇ ਖਬਰ ਸੀ। *ਦੇਖ ਦੁਨੀਆ ਦੀ ਅੱਖਾਂ ਵਿੱਚ ਤੁਸੀਂ ਰਹੇ ਨਹੀਂ। ਸੋ ਜੇ ਮੈਂ ਚਾਹੁੰਦਾ ਜਿੰਝ ਮੇਰਾ ਹਾਲ਼ ਕੀਤਾ ਸੀ ਤੁਹਾਡਾ ਵੀ ਕਰਵਾ ਸਕਦਾ ਹਾਂ। ਜੇ ਚਿੱਤ ਕੀਤਾ ਗੋਲ਼ੀ ਇਸੀ ਵੇਲੇ ਵੀ ਮਾਰ ਸਕਦਾ ਹਾਂ। ਪਰ ਇਸਦਾ ਫਾਇਦਾ ਕੀ?* ਕੋਈ ਜਵਾਬ ਨਹੀਂ ਆਇਆ। ਮੈਂ ਅਖਬਾਰ ਜੌਹਨੀ ਨੂੰ ਵਾਪਸ ਮੋੜਿਆ ਤੇ ਨਾਲ਼ੇ ਕਿਹਾ, *ਪਾਣੀ ਦਾ ਗਲਾਸ ਲਿਆ* ਜੌਹਨੀ ਤੁਰ ਪਿਆ। ਮੈਂ ਇੱਕ ਬਾਰ ਫਿਰ ਸੰਘੇੜੇ ਦੀਆਂ ਅੱਖਾਂ 'ਚ

ਆਾਵਦੀਆਂ ਅੱਖਾਂ ਪਾਈਆਂ। *ਦੇਖੋ ਜੋ ਤੁਸੀਂ ਮੇਰੇ ਨਾਲ਼ ਕੀਤਾ...ਆਈ ਦਿਜ਼ਰਵਡ ਇਟ। ਤੁਹਾਡਾ ਬਾਲ, ਮੇਰੀ ਜਨਾਨੀ...ਬਰਾਬਰ ਹੋ ਗਏ। ਪਰ ਹਾਂ ਕਦੇ ਵੀ ਹੋ ਨਹੀਂ ਸਕਣਾ, ਕਿਉਂਕਿ ਮੈਂ ਤਾਂ ਹੋਰ ਗਰਲਫਰੈਂਡ ਬਣਾ ਸਕਦਾ ਹਾਂ। ਤੁਹਾਡਾ ਬਾਲ...ਸੋ ਮੈਂ ਸੋਚਦਾ ਜਿੰਨਾ ਚਿਰ ਏਥੇ ਤੁਹਾਨੂੰ ਰੱਖਿਆ, ਬਹੁਤ ਹੈ। ਕੇਵਲ ਬੱਚੇ ਕਰਕੇ ਤੁਹਾਨੂੰ ਛੱਡ ਦੇਣਾ ਚਾਹੁੰਦਾ ਹਾਂ...ਜਦ ਉਹ ਕਾਲ਼ੇ ਨੂੰ ਮਾਰ ਦਿੱਤਾ। ਦੂਜੇ ਪਾਸੇ ਬਾਹਰ ਜਾ ਕੇ ਕੀ ਹੋਵੇਗਾ? ਯੂ ਆਰ ਡੈੱਡ। ਸੋ ਜੇ ਤੁਸੀਂ ਮੇਰੇ ਨਾਲ਼ ਸਹਿਮਤ ਹੋ ਤੁਸੀਂ ਘਰ ਵਾਪਸ ਜਾ ਸਕਦੇ ਹੋ।* ਜੌਹਨੀ ਵਾਪਸ ਮੁੜ ਆਇਆ ਸੀ। ਉਸਨੇ ਮੈਨੂੰ ਪਾਣੀ ਦਾ ਗਲਾਸ ਫੜਾ ਦਿੱਤਾ ਤੇ ਮੈਂ ਸੰਘੇੜੇ ਵੱਲ ਕੀਤਾ। ਚੁੱਪ। *ਜੌਹਨੀ ਪੀਵੇਗਾ ਕਿਵੇਂ ਜਦ ਹੱਥ ਬੰਨ੍ਹੇ ਐ? ਖੋਲ੍ਹ..ਹਾਂ ਓਏ ਖੋਲ੍ਹ..ਅੱਛਾ ਸੰਘੇੜਾ ਜੀ, ਮੇਰਾ ਵੀ ਚਿੱਤ ਕਰਦੈ ਪੰਜਾਬ ਵਾਪਸ ਜਾਣ ਨੂੰ। ਜੇ ਤੁਹਾਨੂੰ ਨਾ ਮਾਰਿਆ... ਛੱਡ ਦਿੱਤਾ... ਤੁਸੀਂ ਇੰਡੀਆ ਦੇ ਗੁੰਡੇ ਨੂੰ ਹਰ ਸਿਫਾਰਿਸ਼ ਕਰਨੀ ਏ ਕਿ ਮੈਨੂੰ ਹੱਥ ਨਹੀਂ ਲਾਉਣਾ। ਤੁਹਾਡੀ ਪੱਤ ਤਾਂ ਨਹੀਂ ਵਾਪਸ ਲਿਆ ਸਕਦਾ...ਪਰ ਤੁਹਾਡੀ ਜਿੰਦਗੀ ਵਾਪਸ ਦੇ ਸਕਦਾ ਹਾਂ।*ਸੰਘੇੜੇ ਨੇ ਜੌਹਨੀ ਤੋਂ ਪਾਣੀ ਨਹੀਂ ਲਿਆ। ਮੇਰੇ ਵੱਲ ਅੱਖਾਂ ਟਿਕਾਕੇ ਦੇਖੀ ਗਿਆ। ਜਦ ਮੈਂ ਉਸਨੂੰ ਮਾਰਨ ਦੇ ਥਾਈਂ ਛੱਡਣ ਲਈ ਕਿਹਾ ਜੌਹਨੀ ਹੈਰਾਨੀ ਨਾਲ਼ ਮੇਰੇ ਵੱਲ ਝਾਕਣ ਲੱਗ ਪਿਆ। ਸੰਘੇੜਾ ਚੁੱਪ ਹੀ ਰਿਹਾ। ਫਿਰ ਛਾਲ਼ ਮਾਰਣ ਦੀ ਕੋਸ਼ਿਸ਼ ਕੀਤੀ ਮੇਰੇ ਵੱਲ। ਪਰ ਜੌਹਨੀ ਨੇ ਕੱਲੇ ਹੱਥ ਹੀ ਖੋਲ੍ਹੇ ਸਨ। ਪੈਰ ਹਾਲੇ ਵੀ ਕੁਰਸੀ ਦੀਆਂ ਲੱਤਾਂ ਨਾਲ਼ ਬੰਨ੍ਹੇ ਸਨ। ਸੰਘੇੜਾ ਭੁੰਜੇ ਡਿੱਗ ਪਿਆ। ਮੈਂ ਜੌਹਨੀ ਵੱਲ ਝਾਕਿਆ। ਮੈਂ ਅਪਰਾਧ ਨਾਲ਼ ਭਰਿਆ ਹੋਵਾਂਗਾ ਪਰ ਉਸਦਾ ਦਿਮਾਗ ਸਿਰਫ ਮੈਨੂੰ ਮਾਰਨਾ ਚਾਹੁੰਦਾ ਸੀ। ਹੁਣ ਮੈਂ ਜੌਹਨੀ ਸਾਹਮਣੇ ਕਮਜ਼ੋਰ ਲੱਗ ਸਕਦਾ ਸੀ। ਮੈਂ ਖੜ੍ਹ ਕੇ ਜੌਹਨੀ ਤੋਂ ਪਾਣੀ ਦਾ ਗਲਾਸ ਲਿਆ। ਸਾਰਾ ਪੀ ਕੇ ਉਸਨੂੰ ਵਾਪਸ ਦੇ ਦਿੱਤਾ। ਤੜਫਦੀ ਮੱਛੀ ਵਾਂਗ ਸੰਘੇੜਾ ਹੇਠ ਪਸਰਿਆ। ਹੁਣ ਕੁੱਝ ਕਰ ਨਹੀਂ ਸਕਦਾ ਸੀ। ਹੁਣ ਤਾਂ ਮਾਰਨਾ ਹੀ ਪੈਣਾ ਸੀ। *ਜੌਹਨੀ, ਜਦੋਂ ਜਮੀਕਿਆਂ ਨਾਲ਼ ਗੱਲ ਖਤਮ ਹੋ ਗਈ ਇਸ ਨੂੰ ਮਾਰ ਕੇ ਉਨ੍ਹਾਂ ਦੇ ਕਿਸੇ ਅੱਡੇ ਵਿੱਚ ਸੁੱਟ ਦੇਣਾ। ਅੱਛਾ?*

*ਚੰਗਾ ਸਰਦਾਰ ਜੀ.*

*ਦਾਦਾ ਜੀ।*

*ਸੌਰੀ, ਦਾਦਾ ਜੀ।*

ਕਾਲ਼ਿਆਂ ਨੇ ਕੋਸ਼ਿਸ਼ ਕੀਤੀ ਸਾਡੇ ਕਸੀਨੋ 'ਚ ਵੜਣ ਦੀ ਪਰ ਪੁ਼ਲਸ ਨੇ ਰੋਕ ਦਿੱਤਾ। ਉਨ੍ਹਾਂ 'ਚ ਕੁੜੀ ਦਾ ਪਿਓ ਜਿਸ ਨੇ ਸੰਘੇੜੇ ਲਈ ਇਹ ਸਭ ਕੁੱਝ ਕੀਤਾ ਸੀ, ਵੀ ਸੀਗਾ। ਅਸੀਂ ਕਸੀਨੋ ਦੇ ਪਿੱਛੋਂ ਨਿੱਕਲ਼ ਗਏ। ਸਾਡੀ ਗੱਡੀ ਬਾਹਰ ਆ ਗਈ ਸੀ। ਕਾਲ਼ਿਆਂ ਨੂੰ ਪਤਾ ਨਹੀਂ ਲੱਗਾ ਜਦ ਅਸੀਂ ਇੱਕ ਬਾਰੀ ਹੇਠ ਕਰਕੇ



ਰਫਲ ਨਾਲ਼ ਗੋਲ਼ੀ ਚਲਾ ਦਿੱਤੀ ਸੀ। ਨਾਲ਼ੀ ਤੇ ਮੋਨਦਾਰੀ (ਸਾਇਲੰਸਰ) ਸੀ। ਜਦ ਤੱਕ ਪਤਾ ਲੱਗਾ ਉਸਨੂੰ ਉਡਾ ਦਿੱਤਾ ਸੀ। ਉਸ ਰਾਤ, ਸਾਰੀ ਰਾਤ, ਪੰਜਾਬੀਆਂ ਤੇ ਕਾਲ਼ਿਆਂ ਦੀ ਲੜਾਈ ਹੋਈ। ਅਸੀਂ ਮਸਾਂ ਜਿੱਤੇ। ਜੌਹਨੀ ਨੇ ਸੰਘੇੜੇ ਨੂੰ ਇੱਕ ਜੱਲਪਿੰਜਰ ਵਿੱਚ ਡੋਬ ਦਿੱਤਾ ਸੀ। ਫਿਰ ਕਾਲ਼ੇ ਦੇ ਘਰ ਛੱਡ ਦਿੱਤਾ। ਜਦ ਅਗਲੇ ਦਿਨ ਪੁ਼ਲਸ ਨੇ ਸਾਰਿਆਂ ਦੇ ਘਰਾਂ 'ਚ ਛਾਪੇ ਮਾਰੇ ਉਨ੍ਹਾਂ ਨੂੰ ਸੰਘੇੜੇ ਦੀ ਲਾਸ਼ ਮਿਲ ਗਈ।

ਮਹੀਨੇ ਬਾਅਦ ਮੈਂ ਦੂਤ ਵੱਜੋਂ, ਜੌਹਨੀ ਨੂੰ ਮੁੰਬਈ ਭੇਜਿਆ। ਮੈਂ ਚਾਹੁੰਦਾ ਸੀ ਹੁਣ ਪੰਜਾਬ ਬੇਫਿਕਰ ਵਾਪਸ ਜਾ ਸਕਾਂ। ਗੱਲ ਨਹੀਂ ਬਣੀ। ਜੌਹਨੀ ਦਾ ਸਿਰ ਡੱਬੇ 'ਚ ਵਾਪਸ ਮੋੜ ਦਿੱਤਾ ਸੀ ਮੁੰਬਈ ਦੇ ਬਦਮਾਸ਼ਾਂ ਨੇ। ਸੋ ਹੁਣ ਸੰਘੇੜੇ ਤੋਂ ਡਰ ਨਹੀਂ ਸੀ...ਪਰ ਦੇਸ਼ ਜਾਣਾ ਔਖਾ ਹੋਏਗਾ। ਨਕਲੀ ਨਾਂ ਵਰਤ ਕੇ ਹੀ ਰਣਜੀਤਪੁਰ ਜਾ ਸਕਦਾ ਹਾਂ। ਸਿਮਰਨ ਹੁਰਾਂ ਨੂੰ ਜ਼ਬਰਦਸਤੀ ਪੰਜਾਬ ਵਾਪਸ ਭੇਜ ਦਿੱਤਾ ਸੀ। ਪਰ ਮੈਂ ਨਾਂ ਫਿਰ ਬਦਲ ਲਿਆ ਅਤੇ ਹੁਣ ਮੈਂ ਤਾਂ ਬਰਮਿੰਗਮ 'ਚ ਵੱਡਾ ਵੱਡੇਰਾ ਸੀ। ਹੁਣ ਤਾਂ ਰੱਬ ਦੀ ਪਹੁੰਚ ਵੀ ਮੇਰੇ ਤੱਕ ਨਹੀਂ ਸੀ। ਪੈਸਾ, ਗੱਡੀਆਂ, ਵੱਡੇ ਘਰ ਆਦਿ ਸਨ ਮੇਰੇ ਕੋਲ਼। ਹੁਣ ਤਾਂ ਮੇਰੇ ਕੋਲ਼ ਦੌਲਤ ਸੀ। ਪਰ ਇੱਕ ਗੱਲ ਸੁਣੋਂ...ਹਰ ਜਾਇਦਾਦ ਪਿੱਛੇ ਪਾਪ ਹੀ ਪਾਪ ਹੁੰਦਾ ਹੈ। ਜਿਹੜਾ ਕਹਿੰਦਾ ਇਮਾਨਦਾਰੀ ਨਾਲ਼ ਪੈਸਾ ਬਣਾਇਆ, ਝੂਠ ਬੋਲਦੈ। ਕੁੱਝ ਨਾ ਕੁੱਝ ਕੀਤਾ ਈ ਹੋਵੇਗਾ।

ਮੈਨੂੰ ਜਮਾਲ ਦਾ ਡਰ ਹਮੇਸ਼ਾ ਰਹਿੰਦਾ ਸੀ। ਪਾਕਿਸਤਾਨੀ ਗੁੰਡੇ ਸਾਥੋਂ ਜ਼ਿਆਦਾ ਕਾਇਮ ਹੋ ਗਏ ਸਨ। ਹਰ ਗਲਤ ਕੰਮ 'ਚ ਜਮਾਲ ਦਾ ਹੱਥ ਸੀ। ਕੁੜੀਆਂ, ਅਫੀਮ, ਹਥਿਆਰ ਆਦਿ ਸਭ ਵੇਚਦਾ ਸੀ। ਲੋਕਾਂ ਨੂੰ ਸੁਪਨੇ ਵੀ ਵੇਚਦਾ ਸੀ। ਉਸਦੇ ਰਾਹ ਦਾ ਰੋੜਾ ਮੈਂ ਹੀ ਰਹਿ ਗਿਆ ਸੀ।ਇੱਕ ਦਿਨ ਮੈਨੂੰ ਪਤਾ ਲੱਗਾ ਕਿ ਮੇਰੇ ਘਰ ਤੋਂ ਜਦ ਕਾਲ਼ਿਆਂ ਨੇ ਮੈਨੂੰ ਤੇ ਸ਼ੀਨਾ ਨੂੰ ਚੁੱਕਿਆ ਸੀ, ਜਮਾਲ ਨੇ ਹੀ ਸਿਰਨਾਵਾਂ ਦਿੱਤਾ। ਸ਼ੀਨਾ ਨੂੰ ਜਿਨਾਹ ਕਰਕੇ ਸਕੀਮ ਸੀ ਜਮਾਲ ਨੂੰ ਵੇਚਣ ਦੀ। ਪਰ ਜਦ ਜਮਾਲ ਕੋਲ਼ ਪੁੱਜੇ ਬੇਹਾਲ਼ ਹੋਣ ਕਰਕੇ ਮਰ ਗਈ। ਮੈਂ ਉਸ ਦਿਨ ਬਹੁਤ ਨਸ਼ਾ ਕਰ ਲਿਆ ਸੀ। ਬਹੁਤ ਸਰੂਰ ਚੜ੍ਹਿਆ ਹੋਇਆ ਸੀ। ਕੋਟ ਪਾ ਕੇ ਦੋਨਾਂ ਹੱਥਾਂ 'ਚ ਪਿਸਤੌਲ ਫੜ ਕੇ ਜਮਾਲ ਦੇ ਦਰਾਂ ਪਹੁੰਚ ਗਿਆ ਸੀ। ਕੋਟ ਦੀ ਪੂਛ ਹਵਾ 'ਚ ਹਿੱਲੇ, ਜਿੰਝ ਵਗਦੀ ਹਵਾ 'ਚ ਘਾਹ ਹਿੱਲਦਾ ਹੁੰਦੈ। ਹੱਥ ਉੱਪਰ ਕਰਕੇ ਜਿਹੜਾ ਸਾਹਮਣੇ ਆਇਆ ਉਸਨੂੰ ਉਡਾ ਦਿੱਤਾ। ਜਮਾਲ ਦਾ ਅੱਡਾ ਤੇ ਉਸਦੀ ਟੈਕਸੀ ਕੰਪਨੀ ਉੱਥੇ ਹੀ ਸੀ। ਮੇਰੇ ਪਿੱਛੇ ਮੇਰੇ ਬੰਦੇ ਸਨ। ਅਸੀਂ ਥਾਂ ਦਾ ਨਾਸ ਕਰ ਦਿੱਤਾ। ਜਦ ਜਮਾਲ ਦਿਖਿਆ, ਮੈਂ ਉਸਦੇ ਸਰੀਰ 'ਚ ਸਾਰੀਆਂ ਗੋਲ਼ੀਆਂ ਛੱਡ ਦਿੱਤੀਆਂ ਸਨ। ਕੀਮਾ ਬਣਾ ਦਿੱਤਾ ਸੀ ਜਮਾਲ ਦਾ।ਉਸ ਰਾਤ ਅਫੀਮ ਦੇ ਨਸ਼ੇ 'ਚ ਮੇਰੇ ਮਨ

ਵਿੱਚ ਸੰਘੇੜਾ ਫਿਰ ਆ ਗਿਆ। ਉਸਦਾ ਬੱਚਾ। ਅੰਦਰੋਂ ਮੈਨੂੰ ਅਹਿਸਾਸ ਸੀ ਕਿ ਮੈਂ ਗਲਤ ਸੀ। ਤਾਹੀਂ ਗੱਲ ਭੁੱਲਦੀ ਨਹੀਂ ਸੀ।ਕਾਸ਼! ਸੰਘੇੜੇ ਦੇ ਹੱਥੀਂ ਮਰ ਜਾਂਦਾ।ਪਰ ਹੁਣ ਤਾਂ ਮੈਂ ਰਾਵਣ ਬਣ ਚੁੱਕਿਆ ਸੀ। ਰਾਮ ਕੇਵਲ ਅਫਸਾਨਿਆਂ 'ਚ ਹੀ ਜਿੱਤਦਾ ਹੈ। ਸੱਚ ਹੋਰ ਹੀ ਹੁੰਦੈ। ਰਾਵਣ ਰਣਜੀਤਪੁਰ ਤੋਂ ਆ ਕੇ ਜਿੱਤ ਗਿਆ! ਹਾਰਕੇ ਪਾਪ ਦੇ ਕੰਮ ਛੱਡ ਦਿੱਤੇ। ਪੈਸਾ ਬਹੁਤ ਸੀ ਸੋ ਪੈਸਿਆਂ ਨਾਲ਼ ਜਇਜ਼ ਕਾਰੋਬਾਰ ਲੈ ਲਿਆ ਸੀ। ਪੱਗ ਬੰਨ੍ਹ ਲਈ। ਗੁਰਦੁਆਰੇ ਜਾਣ ਲੱਗ ਪਿਆ। ਵਿਆਹ ਕਰ ਲਿਆ। ਦੋ ਬੱਚੇ ਵੀ ਹੋ ਗਏ ਸੀ। ਇੱਕ ਕੁੜੀ ਅਤੇ ਇੱਕ ਮੁੰਡਾ। ਬਰਮਿੰਗਮ 'ਚੋਂ ਬਾਹਰ ਆ ਗਿਆ ਸੀ। ਲਮਿੰਗਟਨ ਸਪਾ 'ਚ ਟਿਕ ਗਿਆ ਸੀ। ਲੋਕ ਹਾਲੇ ਵੀ ਦਾਦਾ ਜੀ ਆਖਦੇ ਸੀ।ਪੱਕਾ ਪਾਸਪੋਰਟ ਮਿਲ ਗਿਆ ਸੀ। ਹੁਣ ਪੰਜਾਬ ਵਾਪਸ ਜਾਣ ਨੂੰ ਚਿੱਤ ਕਰਦਾ ਸੀ। ਸੋ ਗਿਆ ਰਣਜੀਤਪੁਰ, ਜਿੱਥੇ ਮੈਂ ਪਲ਼ਿਆ ਸੀ। ਨਾਲ਼ ਹੀ ਬੀਵੀ ਬੱਚੇ ਗਏ। ਸਭ ਕੁੱਝ ਦਿਖਾਇਆ। ਮੈਂ ਹੈਰਾਨ ਸੀ ਕਿ ਪੰਜਾਬ ਕਿੰਨਾ ਬਦਲ ਗਿਆ ਸੀ। ਪਛਾਣ ਨਹੀਂ ਸੀ ਆ ਰਹੀ। ਇੱਥੇ ਤਾਂ ਗੋਰਿਆਂ ਦੇ ਮੁਲਕਾਂ ਨਾਲੋਂ ਵੀ ਜੀਵਨ ਬਿਹਤਰ ਸੀ। ਪਰ ਪੁਰਾਣੀ ਬੀਮਾਰੀ ਹਾਲੇ ਵੀ ਸੀ। ਤੋਚੀ ਵਰਗੇ ਜਾਂ ਮੇਰੇ ਵਰਗੇ ਆ ਕੇ ਹੋਰ ਕੁੱਝ ਦਿਖਾਉਂਦੇ ਸੀ। ਲੋਕਾਂ ਨੂੰ ਹਾਲੇ ਵੀ ਨੱਠ-ਦੌੜ ਸੀ ਬਾਹਰ ਨਿੱਕਲ਼ਣ ਦੀ। ਇੱਕ ਪੱਖ ਤੋਂ ਸੱਚੇ ਵੀ ਸੀ। ਪੰਜਾਬ ਵਿੱਚ ਕੋਈ ਇਮਾਨਦਾਰ ਨਹੀਂ ਸੀ ਜਿਵੇਂ ਗੋਰੇ ਨੇ, ਜਿਵੇਂ ਉਨ੍ਹਾਂ ਦਾ ਕਨੂੰਨ ਹੈ। ਪਰ ਦੂਜੇ ਪਾਸੇ ਇਸ ਤਰਾਂ ਦੀ ਜ਼ਿੰਦਗੀ ਕਿਤੇ ਹੋਰ ਨਹੀਂ ਸੀ ਮਿਲਣੀ। ਸੱਚ ਸੀ ਓਥੇ ਜਾਂ ਇੱਥੇ, ਸਾਰਾ ਕੁਝ ਬਦਮਾਸ਼ਾਂ ਦੇ ਹੱਥ 'ਚ ਹੈ। ਬੱਸ ਇੱਕ ਹੀ ਫਰਕ ਹੈ। ਬਾਹਰ ਕਾਨੂੰਨ ਇਮਾਨਦਾਰ ਹੈ ਅਤੇ ਦੰਦਾਂ ਵਾਲ਼ਾ।ਸੋ ਮੈਂ ਪੰਜਾਬ 'ਚ ਆਮ ਗੇੜਾ ਲਾਉਣ ਲੱਗ ਪਿਆ। ਹਰ ਸਾਲ ਗਰਮੀਆਂ 'ਚ ਛੇ ਸੱਤ ਹਫਤੇ ਲਾ ਦਿੰਦਾ ਸੀ। ਪਰ ਇੱਕ ਦਿਨ ਸੰਘੇੜੇ ਦੇ ਮੁੰਬਾਈ ਵਾਲ਼ੇ ਦੋਸਤਾਂ ਨੂੰ ਮੇਰੇ ਬਾਰੇ ਪਤਾ ਲੱਗ ਗਿਆ। ਮੈਂ ਹਵੇਲੀ 'ਚ ਬੈਠਾ ਸੀ। ਟੱਬਰ ਇੱਧਰ ਉੱਧਰ ਕੰਮਾਂ ਖੇਲਾਂ 'ਚ ਲੱਗਿਆ ਸੀ। ਕਿਸੇ ਨੇ ਡੋਰਬੈੱਲ ਕੀਤੀ। ਕਿਸੇ ਨੇ ਕੁੰਡਾ ਖੋਲ੍ਹਿਆ। ਮੈਂ ਬੈਠਾ ਅਖਬਾਰ ਪੜ੍ਹ ਰਿਹਾ ਸੀ। ਜਦ ਅਖਬਾਰ ਹੇਠਾਂ ਕੀਤਾ, ਸਾਹਮਣੇ ਦੋ ਬੇਗਾਨੇ ਬੰਦੇ ਖੜ੍ਹੇ ਸੀ। ਮੈਂ ਉਨ੍ਹਾਂ ਦੀਆਂ ਮਰੀਆਂ ਅੱਖਾਂ, ਜਿੰਝ ਮੱਛੀ ਦੀਆਂ ਹੋਵਣ, ਵਿੱਚ ਝਾਕਿਆ। ਮੈਂ ਉੱਥੇ ਹੀ ਸਮਝ ਗਿਆ ਕੌਣ ਸਨ ਅਤੇ ਕਿਉਂ ਆਏ ਸਨ? ਇੱਕ ਨੇ ਹੌਲ਼ੀ ਜਿਹੇ ਸੰਘੇੜੇ ਦਾ ਨਾਂ ਬੋਲਿਆ।

*ਆ ਜੋ, ਬਾਹਰ ਚੱਲੀਏ। ਇਥੋਂ ਨ੍ਹੀਂ...ਪਲੀਜ਼...*, ਮੈਂ ਉੱਠ ਖੜ੍ਹਿਆ। ਮੇਰੇ ਮਗਰ ਤੁਰ ਗਏ।

*ਪਾਪਾ ਕੌਣ ਐ?* ਧੀ ਨੇ ਆਖਿਆ।



*ਮੇਰੇ ਪੁਰਾਣੇ ਮਿੱਤਰ ਨੇ। ਮੈਂ ਤੈਨੂੰ ਬਹੁਤ ਪਿਆਰ ਕਰਦਾ, ਇਹ ਕਦੀ ਨਾ ਭੁੱਲੀਂ।*

*ਪਾਪਾ ਇਹ ਕਿਹੜੀ ਪੁੱਠੀ ਗੱਲ ਕਰਦੇ ਓ?* ਮੈਂ ਉਸ ਦੇ ਮੱਥੇ ਨੂੰ ਚੁੰਮਿਆ, ਫਿਰ ਬਾਹਰ ਚਲਿਆ ਗਿਆ। ਉਨ੍ਹਾਂ ਨੇ ਮੈਨੂੰ ਮੇਰੀ ਗੱਡੀ ਵਿੱਚ ਬਿਠਾ ਲਿਆ, ਡਰਾਈਵਰ ਦੀ ਸੀਟ ਤੇ। ਇੱਕ ਮੇਰੇ ਨਾਲ਼ ਬਹਿ ਗਿਆ। ਦੂਜਾ ਮੇਰੇ ਪਿੱਛੇ। ਮੈਂ ਡੂੰਘਾ ਸਾਹ ਭਰਿਆ। ਪਿੱਛੇ ਦੇਖਣ ਵਾਲ਼ੇ ਸ਼ੀਸ਼ੇ ਰਾਹੀਂ ਬੰਦੇ ਦੇ ਹੱਥ 'ਚ ਪਿਸਤੌਲ ਤੱਕਿਆ। ਕੀ ਪਤਾ ਰਾਵਣ ਨਹੀਂ ਜਿੱਤਦਾ? ਅੱਖਾਂ ਮੀਟ ਲਈਆਂ...

# ਗੁੱਡੀ

ਮੇਰੇ ਨਾਂ ਤੋਂ ਕੀ ਲੈਣੈ, ਇੰਨਾ ਈ ਬਥੇਰਾ ਐ ਕਿ ਮੈਂ ਦਾਦੇ ਲਈ ਰਣਜੀਤਪੁਰ ਦੇ ਇੱਕ ਵੇਸ਼ਵਾ ਘਰ'ਚ ਕੰਮ ਕਰਦੀ ਹਾਂ। ਕਈ ਸਾਮੀਆਂ ਖ਼ੁਸ਼ ਕੀਤੀਆਂ ਨੇ, ਦਾਦੇ ਦੀਆਂ ਮੈਂ। ਬਾਰਾਂ ਸਾਲਾਂ ਦੀ ਉਮਰ ਤੋਂ ਲੈ ਕੇ ਹੁਣ ਤੱਕ ਇਹੀ ਕੁੱਝ ਹੀ ਕੀਤਾ ਹੈ। ਇੱਕ ਦਿਨ ਉਮਰਾ ਜਾਨ ਵਾਂਗ ਮੈਨੂੰ ਕਿਸੇ ਨੇ ਘਰੋਂ ਚੱਕ ਕੇ ਇੱਥੇ ਲੈ ਆਂਦਾ। ਹੁਣ ਤਾਂ ਯਾਦ ਵੀ ਨਹੀਂ ਹੈ ਦੇਸ਼ ਦੇ ਕਿਹੜੇ ਪਾਸਿਓਂ ਚੁੱਕੀ ਸੀ। ਖ਼ੈਰ ਹਰ ਰੋਜ ਮੈਂ ਆਵਦਾ ਮਾਸ ਵੇਚਦੀ ਆਂ। ਅੱਜ ਕੱਲ੍ਹ ਦਾਦੇ ਨੇ ਇੱਕ ਨਵਾਂ ਮੁੰਡਾ...ਨਵਾਂ ਦੱਲਾ ਰੱਖਿਐ; ਉਸਦਾ ਨਾਂ ਹੈ ਦੇਵ। ਹਰ ਰੋਜ਼ ਬੂਹੇ 'ਚੋਂ ਕੋਈ ਨਵਾਂ ਚਿਹਰਾ ਵੜਦੈ। ਇੰਨ੍ਹੇ ਵੇਖੇ ਨੇ ਕਿ ਸਭ ਦਾ ਮੂੰਹ ਯਾਦ ਹੀ ਨਹੀਂ। ਕਿਉਂ ਯਾਦ ਰੱਖਾਂ? ਮੈਂ ਤਾਂ ਨਿੱਤ ਭੁੱਲਣ ਦੀ ਕੋਸ਼ਿਸ਼ ਕਰਦੀ ਹਾਂ।ਹੁਣ ਧੁੰਦਲੇ ਚਿਹਰੇ ਹੀ ਦਿਸਦੇ ਨੇ। ਹਰ ਰੋਜ ਕੋਈ ਨਵਾਂ ਬੰਦਾ ਆਉਂਦਾ ਹੈ। ਕਈ ਬਾਰੀ ਤਾਂ ਮੇਮਾਂ ਵੀ ਆ ਜਾਂਦੀਆਂ ਨੇ। ਮੈਂ ਤਾਂ ਖਿਡੌਣਾ ਹਾਂ, ਉਨ੍ਹਾਂ ਦੀ ਕਾਮ ਵਾਸ਼ਨਾ ਦਾ। ਅੱਜ ਵਾਲ਼ੇ ਮੂੰਹ ਤਾਂ ਯਾਦ ਰਹਿਣੇ ਨੇ, ਕੁੱਝ ਚਿਰ ਲਈ। ਕੱਲ੍ਹ ਤੀਕਣ ਚੇਤਾ ਭੁੱਲ ਜਾਣਾ ਐ। ਤੜਕੇ ਜਾਗੀ, ਪਹਿਲਾਂ ਹੀ ਰਸਿਕ ਖੜ੍ਹਾ ਸੀ।ਕਮਰੇ ਦਾ ਦਰਵਾਜ਼ਾ ਖੋਲ੍ਹਿਆ, ਸੱਜਣ ਅੰਦਰ ਵੜ ਗਿਆ। ਕਿਹਾ ਆਸ਼ਨਾ! ਉਮਰ 'ਚ ਪੰਜਾਹ ਦਾ ਬੁੱਢ ਵਰੇਸ ਲਗਦਾ ਸੀ। ਐਨਕ ਗਾਂਧੀ ਵਾਂਗ ਨੱਕ ਤੇ ਟਿਕਾਈ ਸੀ। ਵਾਲ਼ਾਂ 'ਚ ਚੀਰ ਕੱਢਿਆ ਹੋਇਆ ਸੀ। ਕੁੜਤਾ ਪਜਾਮਾ ਪਾਇਆ ਸੀ, ਚਿੱਟਾ ਦੁੱਧ ਵਰਗਾ। ਮੱਥੇ ਤੇ ਟਿੱਕਾ ਲਾਇਆ ਸੀ।

ਮੈਂ ਕਈ ਬਾਰ ਇਸ ਨੂੰ ਟੀਵੀ ਤੇ ਵੇਖਿਆ ਸੀ। ਸਰਕਾਰ ਦਾ ਖਾਸ ਬੰਦਾ ਸੀ। ਜਦ ਉਸਨੇ ਮੇਰੇ ਵੱਲ ਝਾਕਿਆ ਤੇ ਮੂੰਹ ਖੁੱਲ੍ਹਿਆ ਤਾਂ ਉਸਦੇ ਪੀਲ਼ੇ, ਟੁੱਟੇ ਦੰਦ ਦਿਸੇ। ਐਨਕਾਂ ਵਿੱਚ ਮੈਨੂੰ ਆਵਦਾ ਮੁਖੜਾ ਦਿੱਸਿਆ, ਜਿੰਝ ਦੋ ਹੁੰਦੀਆਂ, ਇੱਕ ਸੱਜੀ ਅੱਖ 'ਚੋਂ ਵਾਪਸ ਝਾਕਦੀ, ਦੂਜੀ ਖੱਬੀ ਵਿੱਚੋਂ। ਮੇਰੇ ਨੇੜੇ ਆ ਗਿਆ। ਉਸਦੇ ਮੂੰਹ 'ਚੋਂ ਪਾਨ, ਸ਼ਰਾਬ ਅਤੇ ਸੁਲਫ਼ੇ ਦੀ ਹਮਕ ਮੇਰੀਆਂ ਨ੍ਹਾਸਾਂ 'ਚ ਚੜ੍ਹ ਗਈ। ਉਸਦਾ ਮਹੁਕੇ ਵਾਲ਼ਾ ਨੱਕ ਚੌੜਾ ਜਿਹਾ ਸੀ, ਅਤੇ ਨ੍ਹਾਸਾਂ 'ਚੋਂ ਵਾਲ਼ ਟਿਭਦੇ ਸਨ। ਉਸਨੇ ਮੈਨੂੰ ਜੱਫੀ ਪਾਈ। ਅਜਗਰ ਵਾਂਗ ਆਵਦੀਆਂ ਬਾਹਾਂ 'ਚ ਮੈਨੂੰ ਨੱਪਿਆ। ਉਸਦੇ ਬਦਬੂਦਾਰ ਬੁੱਲ੍ਹ ਮੇਰੇ ਹੋਠਾਂ ਨੂੰ ਨਿਗ਼ਲ਼ਗੇ। ਫਿਰ ਉਸਨੇ ਮੇਰਾ ਦੁਪੱਟਾ ਭੁੰਜੇ ਸੁੱਟ ਦਿੱਤਾ ਅਤੇ ਮੇਰੇ ਵਸਤਰ ਲਾਹੁਣ ਲੱਗ ਪਿਆ। ਉਸਦੇ ਹੱਥ ਮੱਕੜੀ ਵਾਂਗ ਮੇਰੇ ਪਿੰਡੇ ਉੱਤੇ ਸਨ। ਮੈਂ ਆਪਣੇ ਆਪਨੂੰ ਮੂਰਛਿਤ ਕਰਕੇ ਦੁਨੀਆ ਤੋਂ, ਖੁਦ ਤੋਂ ਦੂਰ ਹੋ ਗਈ। ਬੇਕੱਪੜਾ ਮੰਤਰੀ ਇੱਕ ਭਿਆਨਕ ਸੁਪਨਾ ਹੀ ਸੀ। ਇਸ ਵੇਲ਼ੇ ਮੈਂ ਹੋਸ਼ 'ਚ



ਨਹੀਂ ਸੀ। ਜੋ ਕਰਨਾ ਚਾਹੁੰਦਾ ਸੀ, ਉਸਨੂੰ ਕਰਨ ਦਿੱਤਾ। ਘੰਟੇ ਬਾਅਦ ਉਹ ਤਾਂ ਆਵਦੇ ਸਰਕਾਰੀ ਜੱਗ 'ਚ ਵਾਪਸ ਪੁੱਜ ਗਿਆ, ਸਾਡੇ ਮੁਲਕ ਤੇ ਰਾਜ ਕਰਨ ਲਈ ਤੇ ਸਾਡੇ ਲੋਕਾਂ ਨੂੰ ਇਬਰਤ ਦੇਣ ਲਈ। ਉਸਦੇ ਜਾਣ ਤੋਂ ਬਾਅਦ ਮੈਂ ਕਿੰਨੇ ਹੀ ਚਿਰ ਲਈ ਪਈ ਰਹੀ। ਉਸਦਾ ਮੁਸ਼ਕ ਹਾਲੇ ਵੀ ਮੇਰੇ ਜਿਸਮ ਤੇ ਟੰਗਾਂ ਪਸਾਰ ਰਿਹਾ ਸੀ। ਵੱਡਾ ਆਦਮੀ ਸੀ, ਦਾਦੇ ਦਾ ਖਾਸ ਗਾਹਕ। ਪਰ ਅੱਧੇ ਘੰਟੇ ਬਾਅਦ ਫਿਰ ਦਰਵਾਜ਼ਾ ਖੜਕਿਆ। ਹੁਣ ਇੱਕ ਹੋਰ ਹੂਜ਼ੀ ਆ ਗਿਆ ਸੀ।ਇਹ ਬੰਦਾ ਵੱਡੇ ਘਰ ਦਾ ਨਹੀਂ ਸੀ, ਬੁੱਢਾ ਵੀ ਨਹੀਂ ਸੀ। ਉਸਨੂੰ ਵੇਖਕੇ ਸਮਝ ਨਹੀਂ ਲਗਦੀ ਸੀ ਕਿਉਂ ਅੱਡੇ ਤੇ ਆਉਂਦਾ ਸੀ। ਪਰ ਕੌਣ ਸਮਝ ਸਕਦਾ ਏ ਆਦਮੀ ਦੇ ਨੀਚੇ ਦਿਮਾਗ ਨੂੰ? ਲੰਬਾ, ਪਤਲਾ ਜਿਹਾ ਸੀ। ਗੋਰਿਆਂ ਵਾਂਗ ਜੀਨ-ਸ਼ੀਨ ਪਾਈ ਸੀ। ਸਜੀਲਾ ਜਵਾਨ ਸੀ, ਮੋਟੀਆਂ ਮੋਟੀਆਂ ਉਕਾਬੀ ਅੱਖਾਂ ਸਨ ਅਤੇ ਚੰਨ ਵਰਗਾ ਮੁਖੜਾ। ਪਰ ਮੇਰਾ ਤਾਂ ਉਸਨੇ ਮੂੰਹ ਕਾਲ਼ਾ ਕਰ ਦਿੱਤਾ ਸੀ। ਪਿੰਡੇ ਨੂੰ ਚੰਡ ਮਾਰੀ ਜਿਵੇਂ ਲੁਹਾਰ ਸੰਦਾਨ'ਤੇ ਠੋਕਦਾ ਸੀ। ਮੈਂ ਚੀਕਾਂ ਮਾਰੀਆਂ ਪਰ ਮੇਰੀ ਮੱਦਦ ਕਰਨ ਕੋਈ ਨਹੀਂ ਆਇਆ। ਫਰਸ਼ ਤੇ ਡਿੱਗੀ ਪਈ ਰਹਿਣ ਦਿੱਤਾ ਮੈਨੂੰ। ਮਸਾਂ ਉੱਠੀ ਜਦ ਬਾਈ ਨੇ ਗਾਲ਼ ਕੱਢੀ। ਹੌਲ਼ੀ ਹੌਲ਼ੀ ਆਪਣੇ ਆਪਨੂੰ ਸਾਫ ਕਰ ਲਿਆ, ਅਗਲੇ ਮਰਦ ਲਈ।

ਉਹ ਬੰਦਾ ਮੰਤਰੀ ਨਹੀਂ ਸੀ, ਬਲਾਤਕਾਰੀ ਨਹੀਂ ਸੀ, ਕਵੀ ਸੀ। ਉਸਦਾ ਵਿਆਹ ਵੀ ਹੋਇਆ ਸੀ, ਬੱਚੇ ਵੀ ਸਨ, ਪਰ ਫਿਰ ਵੀ ਹਰ ਰਾਤ ਅੱਡੇ ਤੇ ਆਉਂਦਾ ਸੀ। ਮੇਰੇ ਨਾਲ਼ ਕਦੀ ਨਹੀਂ ਪਿਆ ਸੀ। ਹਰ ਵੇਲ਼ੇ ਸਾਨੂੰ ਸ਼ਾਇਰੀ ਸੁਣਾਉਂਦਾ ਸੀ। ਮੇਰੇ ਲਈ ਤਾਂ ਸਾਹ ਲੈਣ ਦਾ ਮੌਕਾ ਹੁੰਦਾ ਸੀ। ਪਤਾ ਨਹੀਂ ਅਗਲਾ ਕੌਣ ਹੋਵੇ?ਬਾਈ ਨੇ ਘੰਟੇ ਲਈ ਮੇਰਾ ਖਹਿੜਾ ਵੀ ਛੱਡ ਦਿੱਤਾ। ਮੈਂ ਪਲੰਘ ਤੇ ਥੋੜ੍ਹੇ ਚਿਰ ਲਈ ਲੇਟ ਗਈ, ਫਿਰ ਨ੍ਹਾਤੀ। ਜਦ ਤੱਕ ਵਾਲ਼ ਵਾਹੇ ਤੇ ਨਵੇਂ ਕੱਪੜੇ ਪਾਏ, ਦਰ ਤੇ ਹੋਰ ਲੋਕ ਪਹੁੰਚ ਗਏ ਸਨ। ਟੋਲਾ ਸੀ ਸ਼ਰਾਬੀ ਮੁੰਡਿਆਂ ਦਾ। ਬਾਈ ਨਾਲ਼ ਗੱਲ ਬਾਤ ਕਰ ਰਹੇ ਸੀ। ਫਿਰ ਕੁੱਝ ਮੁੰਡਿਆਂ ਨੇ ਮੇਰੇ ਕਮਰੇ ਬਾਹਰ ਲਾਈਨ ਲਗਾ ਲਈ, ਕੁੱਝ ਨਾਲ਼ ਦੇ ਕਮਰੇ ਵਾਲ਼ੀ ਦੇ ਬਾਹਰ ਖੜ੍ਹੇ ਹੋ ਗਏ। ਜਿਹੜਾ ਕਿਹੜਾ ਹੋਵੇ ਸਾਨੂੰ ਤਾਂ ਉਨ੍ਹਾਂ ਨੂੰ ਖ਼ੁਸ਼ ਕਰਨਾ ਹੀ ਪੈਣਾ ਸੀ। ਮੈਂ ਅੱਧੀ ਸੁੰਨ ਹੋਈ ਪਈ ਸੀ। ਉੱਪਰ ਪੱਖਾ ਘੁੰਮਦਾ ਸੀ, ਬਾਹਰੋਂ ਸੜਕ ਦੀ ਆਵਾਜ਼ ਚੜ੍ਹਾਈ ਕਰਦੀ ਸੀ, ਕਿਸੇ ਹੋਰ ਕਮਰੇ 'ਚੋਂ ਗੀਤ ਸੁਣਦਾ ਸੀ। ਸਭ ਕੁੱਝ ਦੂਰ ਲੱਗਿਆ। ਆਪਣੇ ਆਪ ਤੋਂ ਦੂਰ ਸੀ। ਪਹਿਲਾ ਬਘਿਆੜ ਅੰਦਰ ਆਇਆ। ਇੱਕ ਦਮ ਮੇਰੇ ਸਰੀਰ ਉੱਤੇ ਚੜ੍ਹ ਗਿਆ। ਉਸਦਾ ਭਾਰ ਵੀ ਮਹਿਸੂਸ ਨਹੀਂ ਹੋਇਆ। ਬੁੱਤ ਵਾਂਗ ਪਈ ਰਹੀ। ਉਸਦੇ ਸਾਹ ਤੋਂ ਸ਼ਰਾਬ ਦੀ ਬਦਬੋ ਆਉਂਦੀ ਸੀ। ਥੋੜ੍ਹੇ ਚਿਰ ਬਾਅਦ ਤੁਰ ਗਿਆ। ਉਸ ਤੋਂ ਬਾਅਦ ਇੱਕ ਬੇਚੈਨ ਜਿਹਾ ਬੱਚਾ ਅੰਦਰ ਵੜਿਆ, ਲੱਗਦਾ ਕੁਆਰਾ ਹੀ ਸੀ। ਡਰਦਾ ਡਰਦਾ ਮੇਰੇ ਕੋਲ਼ ਆ ਕੇ ਖਲੋ ਗਿਆ। ਮੈਂ ਕਿਉਂ ਬੋਲਾਂ? ਕੁੱਝ ਦੇਰ

ਲਈ ਖੜ੍ਹਾ ਰਿਹਾ ਮੇਰੇ ਵੱਲ ਝਾਕਦਾ ਜਿਵੇਂ ਸ਼ਰਮ ਆਉਂਦੀ ਹੋਵੇ। ਹੋ ਸਕਦੈ ਉਸਦੀ ਕੋਈ ਭੈਣ ਹੋਵੇ ਜਿਸ ਦੇ ਸਾਹਮਣੇ ਬਹੁਤ ਹੀ ਸਾਊ ਹੋਵੇਗਾ?ਗੋਰਿਆਂ ਵਰਗੇ ਕੱਪੜੇ ਪਾਏ ਸੀ। ਸਿਰ ਤੇ ਪੱਗ ਬੰਨ੍ਹੀ ਸੀ ਲਾਲ ਰੰਗ ਦੀ।ਥੋੜਾ ਜਿਹਾ ਭਾਰਾ ਸੀ। ਉਸਨੇ *ਹੈਲੋ*, ਕਿਹਾ ਜਿੰਝ ਇਸ ਲਫਜ਼ ਨਾਲ਼ ਸਭ ਕੁੱਝ ਠੀਕ ਹੋ ਜਾਣਾ ਹੋਵੇ, ਜਿਵੇਂ ਇਹ ਆਮ ਗੱਲ ਹੋਵੇ। ਮੈਂ ਚੁੱਪ ਰਹੀ। ਕਿਉਂ ਬੋਲਾਂ? ਫਿਰ ਉਸਨੇ ਆਵਦੀ ਪਤਲੂਣ ਲਾਹ ਦਿੱਤੀ ਤੇ ਮੇਰੇ ਉੱਪਰ ਡਿੱਗ ਪਿਆ, ਇੱਕ ਸੂਰ ਜਿਹੜਾ ਗੰਦੇ ਤਰੀਕੇ ਨਾਲ਼ ਚੁਬੱਚੇ 'ਚੋਂ ਖਾਂਦਾ ਸੀ। ਮੈਂ ਤਾਂ ਚਸ਼ਮਪੋਸ਼ੀ ਕਰਦੀ ਰਹੀ। ਫਿਰ ਨੀਵੀਆਂ ਅੱਖਾਂ ਨਾਲ਼ ਤੁਰ ਪਿਆ। ਉਸ ਤੋਂ ਬਾਅਦ ਪਤਾ ਨਹੀਂ ਕਿੰਨੇ ਦਾਖਲ ਹੋਏ। ਬਾਈ ਨੇ ਮੈਨੂੰ ਦੱਸਿਆ ਸਾਰੇ ਚੰਗੇ ਘਰਾਂ ਤੋਂ ਸਨ ਅਤੇ ਉਨ੍ਹਾਂ ਦੀ ਸੇਵਾ ਕਰਨੀ ਬਹੁਤ ਜਰੂਰੀ ਸੀ। ਪੜ੍ਹੇ ਲਿਖੇ ਭੱਦਰ ਮੁੰਡੇ ਸਨ, ਇੰਡੀਆ ਦਾ ਅੱਗਾ ਸਵਾਰਨ ਵਾਲ਼ੇ। ਮੇਰਾ ਤਾਂ ਅੱਗਾ ਬਹੁਤ ਦੇਰ ਪਹਿਲਾਂ ਹੀ ਮਾਰ ਦਿੱਤਾ ਸੀ, ਜਦ ਮਾਂ ਨੇ ਧੀ ਪੈਦਾ ਕੀਤੀ ਸੀ ਉਸੇ ਹੀ ਦਿਨ। ਜਦ ਇਹ ਟੋਲਾ ਗਿਆ, ਮੇਰੀਆਂ ਹੱਡੀਆਂ ਪਸਲ਼ੀਆਂ ਦੁਖ ਰਹੀਆਂ ਸਨ। ਪਰ ਬਾਈ ਤਾਂ ਬੇਕਿਰਕ ਸੀ। ਉਸ ਲਈ ਤਾਂ ਅਸੀਂ ਫੈਕਟਰੀ 'ਚ ਮਸ਼ੀਨਾਂ ਸਾਂ। ਜੇ ਸਾਥੋਂ ਕੰਮ ਨਹੀਂ ਕਰਾਉਂਦੀ ਤਾਂ ਦੇਵ ਜਾਂ ਦਾਦੇ ਨੇ ਸਾਨੂੰ ਮਰਵਾ ਦੇਣਾ ਸੀ।

ਮੈਂ ਦੇਵ ਤੋਂ ਡਰਦੀ ਸੀ। ਕੁੱਝ ਮਹੀਨੇ ਪਹਿਲਾਂ ਮੇਰੀ ਇੱਕ ਸਹੇਲੀ ਨੂੰ ਮਾਰ ਦਿੱਤਾ ਸੀ ਉਸ ਨੇ, ਜਦ ਕਿਸੇ ਮੰਤਰੀ ਨੂੰ ਫਸਾਉਣਾ ਸੀ। ਇਸ ਲਈ ਡਰਦੀ ਸਾਂ ਕਿ ਹੈ ਤਾਂ ਮੈਂ ਇੱਕ ਚੀਜ਼ ਹੀ, ਬੰਦਾ ਜੋ ਮਰਜੀ ਕਰੇ, ਭਾਵੇਂ ਜਿਊਂਦੀ ਰਹਾਂ ਜਾਂ ਮਰ ਜਾਵਾਂ। ਉਸ ਰਾਤ ਹੋਰ ਬੰਦੇ ਵੀ ਆਏ। ਇੱਕ ਆਦਮੀ ਨੂੰ ਮੈਂ ਪਛਾਣ ਲਿਆ ਸੀ। ਉਸਦਾ ਨਾਂ ਸੰਜੇ ਸੰਘੇੜਾ ਸੀ। ਲੰਬਾ ਪਤਲਾ ਫਿਲਮਾਂ ਦਾ ਸਿਤਾਰਾ ਸੀ। ਕਈ ਵਾਰ ਇਸ ਕੋਠੀ ਪਹਿਲਾਂ ਵੀ ਆਇਆ ਸੀ। ਪਰ ਅੱਜ ਪਹਿਲੀ ਵਾਰ ਮੇਰੀ ਮੰਗ ਕੀਤੀ ਸੀ ਉਸਨੇ।ਮੇਰੇ ਕਮਰੇ 'ਚ ਇੱਕ ਪਾਸੇ ਕੁਰਸੀ ਪਈ ਸੀ, ਜਿਸ ਤੇ ਉਹ ਬਹਿ ਗਿਆ। ਉਸ ਦੀਆਂ ਲੱਤਾਂ ਤੇ ਕਲਾਈਆਂ ਦਿਸਦੀਆਂ ਸਨ, ਪਰ ਕੂਹਣੀਆਂ ਤੋਂ ਉਪਰ ਛਾਂ 'ਚ ਲੁਕਿਆ ਸੀ। ਮੈਂ ਉਸਨੂੰ ਆਖਿਆ, *ਕੀ ਚਾਹੁੰਦੇ ਓ ਹਜ਼ੂਰ।* *ਨੱਚ*, ਘੱਗੇ ਬੋਲ 'ਚ ਆਦੇਸ਼ ਦਿੱਤਾ। ਮੈਂ ਲੱਕ ਹਲਾਉਣ ਲੱਗ ਪਈ। ਫਿਰ ਉਸਨੇ ਹੱਥ ਨਾਲ ਇਸ਼ਾਰਾ ਕੀਤਾ ਆਪਣੇ ਨੇੜੇ ਆਉਣ ਨੂੰ। ਮੈਂ ਨੱਚਦੀ ਨੱਚਦੀ ਨੇੜੇ ਗਈ ਫਿਰਕੀ ਵਾਂਗ। ਜਦ ਉਸ ਕੋਲ਼ ਪੁੱਜੀ, ਉਸਨੇ ਬਾਂਹ ਫੜ ਲਈ। ਹਨੇਰੇ 'ਚੋਂ ਉਸਦੀਆਂ ਅੱਖਾਂ ਮੇਰੇ ਵੱਲ ਤਾੜਦੀਆਂ ਸਨ, ਗਿੱਦੜ ਵਾਂਗ। ਉਸੇ ਹੀ ਪਲ 'ਚ ਪਤਾ ਲੱਗਾ ਜੋ ਫਿਲਮਾਂ 'ਚ ਆਦਮੀ ਆਪਣੇ ਆਪਨੂੰ ਵਿਖਾਉਂਦਾ ਹੈ ਅਤੇ ਜੋ ਸਚਾਈ ਵਿੱਚ ਹੈ, ਦੋ ਵੱਖਰੀਆਂ ਗੱਲਾਂ ਹਨ। ਉਸਨੇ ਮੈਨੂੰ ਹਨੇਰੇ 'ਚ ਖਿੱਚ ਲਿਆ। ਹੌਲ਼ੀ ਹੌਲ਼ੀ ਮੇਰੇ ਕੱਪੜੇ ਭੁੰਜੇ ਸੁੱਟ ਦਿੱਤੇ। ਬੱਤੀਆਂ ਬੁਝਾਕੇ ਹੀ ਸਭ ਕੁੱਝ ਕੀਤਾ। ਭੁੱਖੜ ਪਿਸ਼ਾਚ ਨੇ ਫਿਰ ਮੈਨੂੰ ਪਲੰਘ ਤੇ ਸੁੱਟ ਦਿੱਤਾ। ਕੋਈ ਬੰਦਾ ਹੈ ਦੁਨੀਆ 'ਚ



ਜਿਹੜਾ ਨਾਰੀ ਨੂੰ ਸ਼ਹਿਵਤ ਠੰਡੇ ਕਰਨ ਵਾਲ਼ੀ ਚੀਜ਼ ਨਹੀਂ ਸਮਝਦਾ? ਖੈਰ, ਇਸ ਰਾਤ ਤੋਂ ਬਾਅਦ ਹਰ ਰਾਤ ਉਹ ਮੇਰੇ ਮੰਜੇ ਤੇ ਆਇਆ ਪੂਰੇ ਮਹੀਨੇ ਲਈ। ਮੈਂ ਉਸਦੇ ਸਰੀਰ ਨੂੰ ਉਸਦੀ ਮਸ਼ਹੂਰ ਵਹੁਟੀ ਤੋਂ ਜਿਆਦਾ ਚੰਗੀ ਤਰਾਂ ਜਾਣ ਗਈ ਸੀ।

ਜਦ ਵੀ ਸੰਘੇੜਾ ਰਣਜੀਤਪੁਰ ਆਉਂਦਾ ਸੀ ਉਸਨੇ ਆਦਤ ਬਣਾ ਲਈ ਸਾਡੀ ਛੱਲ-ਕੋਠੀ ਆਉਣ ਦੀ, ਹਮੇਸ਼ਾ ਮੈਨੂੰ ਮਿਲਣ ਲਈ। ਹਰ ਰਾਤ ਵਾਂਗ ਹੀ ਉਹ ਰਾਤ ਸੀ। ਸਾਲ ਬੀਤਦੇ ਗਏ 'ਤੇ ਮੈਂ ਇਸ ਪਿੰਜਰੇ ਵਿੱਚ ਪਰਿੰਦੇ ਵਾਂਗ ਰਹੀ। ਦਾਦੇ ਨੇ ਦੇਵ ਨੂੰ ਸਾਡੇ ਅੱਡੇ ਦਾ ਚਾਰਜ ਦੇ ਦਿੱਤਾ। ਦੇਵ ਨੂੰ ਬਾਈ ਦੱਸਦੀ ਰਹਿੰਦੀ ਸੀ ਕੌਣ ਕੌਣ ਸਾਡੇ ਕੋਲ਼ ਆਉਂਦਾ ਸੀ। ਇਸਦਾ ਫਾਇਦਾ ਉਸਨੂੰ ਬਹੁਤ ਸੀ। ਉਹ ਵੱਡੇ ਵੱਡੇ ਲੋਕਾਂ ਨੂੰ ਫਸਾ ਸਕਦਾ ਸੀ। ਇਸ ਤਰਾਂ ਉਸਦੀ ਸੰਘੇੜੇ ਤੇ ਅੱਖ ਆ ਗਈ। ਸ਼ਹਿਰ ਦੇ ਵੱਡੇ ਤੋਂ ਲੈ ਕੇ ਬੇਮਾਲੂਮ ਲੋਕ ਆਈ ਗਏ। ਸਮਾਜ ਕਿੱਦਾਂ ਦਾ ਹੈ? ਉੱਪਰੋਂ ਅਣਖ ਜਰੂਰੀ ਹੈ, ਪਰ ਅੰਦਰੋਂ ਕੀ ਕੀ ਕਰਦਾ ਫਿਰਦੈ? ਜੇ ਕਿਸੇ ਨੂੰ ਹੀਰ-ਰਾਂਝੇ ਵਾਂਗ ਪਿਆਰ ਹੋ ਜਾਵੇ, ਇਹ ਗੱਲ ਖੱਚ ਕਰਦੀ ਹੈ। ਪਰ ਓਲ੍ਹੇ ਓਲ੍ਹੇ ਕੀ ਕੁੱਝ ਹੁੰਦੈ! ਮੇਰੇ ਖਿਆਲ 'ਚ ਜੇ ਕਿਸੇ ਨੂੰ ਆਵਦੀ ਮਰਜੀ ਨਾਲ਼ ਪਿਆਰ ਕਰਨ ਦੇਈਏ ਤਾਂ ਇਹ ਪਾਪ ਅੱਧੇ ਹੋ ਜਾਣ।

ਇੱਕ ਬਾਰ ਜਦ ਸਹੇਲੀਆਂ ਨਾਲ਼ ਰਣਜੀਤਪੁਰ ਦੀ ਘੁਮਾਰ ਮੰਡੀ 'ਚ ਤੁਰੀ ਫਿਰਦੀ ਸੀ, ਰਵੀ ਸਰੋਏ ਦੇ ਮੁੰਡਿਆਂ ਨੇ ਸਾਨੂੰ ਛੇੜਿਆ ਛੂੜਿਆ, ਤੰਗ ਕੀਤਾ। ਸਾਨੂੰ ਪਤਾ ਸੀ ਕਿ ਇਹ ਦਾਦੇ ਦੇ ਵਿਰੋਧੀ ਸਨ, ਇਸ ਲਈ ਲਾ ਕੇ ਗੱਲਾਂ ਕਰਕੇ ਪਰ੍ਹਾਂ ਹੋ ਗਈਆਂ। ਪਰ ਇੱਕ ਮੁੰਡੇ ਦੇ ਨਾਲ਼ ਮੇਰੀ ਅੱਖ ਲੜ ਗਈ। ਸਾਡੀਆਂ ਅੱਖਾਂ ਮਿਲੀਆਂ ਤੇ ਪਹਿਲੀ ਨਜ਼ਰੇ ਹੀ ਪਿਆਰ ਹੋ ਗਿਆ। ਇੱਕ ਬਾਰ ਮੈਂ ਆਨੇ-ਬਹਾਨੇ ਨਾਲ਼ ਕੋਠੀ 'ਚੋਂ ਬਾਹਰ ਆ ਕੇ ਉਸਨੂੰ ਸੜਕ ਤੇ ਮਿਲੀ ਸੀ। ਉਸਦਾ ਨਾਂ ਮੰਗਤ ਸੀ। ਉਸਨੂੰ ਪੂਰਾ ਪਤਾ ਸੀ ਮੈਂ ਕੀ ਕਰਦੀ ਸੀ, ਫਿਰ ਵੀ ਪ੍ਰੇਮ ਹੋ ਗਿਆ। ਸਮਾਜ ਅਤੇ ਆਪਣੇ ਮਾਲਕਾਂ ਤੋਂ ਲੁਕ ਲੁਕ ਮਿਲਦੇ ਰਹੇ ਅਸੀਂ। ਪਹਿਲਾਂ ਪਹਿਲਾਂ ਮੈਂ ਉਹਨੂੰ ਹੱਥ ਵੀ ਨਹੀਂ ਲਾਉਣ ਦਿੰਦੀ ਸੀ। ਕਾਮ ਕਰੀੜਾ ਖੇਲ੍ਹ ਨੇ ਮੈਨੂੰ ਇੱਕ ਖੋਖਾ ਬਣਾ ਦਿੱਤਾ ਸੀ ਅਤੇ ਸਰੀਰ ਪਿਆਰ ਦਾ ਮੋਹ ਹੀ ਨਹੀਂ ਸੀ ਰਿਹਾ, ਪਰ ਹਿਰਸ ਹਾਲੇ ਵੀ ਸੀ। ਹੌਲ਼ੀ ਹੌਲ਼ੀ ਉਸਨੂੰ ਪਿੰਡੇ ਨੂੰ ਛੂਹਣ ਦਿੱਤਾ। ਮੰਗਤ ਨਾਲ਼ ਸਪਰਸ਼ ਕੁੱਝ ਹੋਰ ਹੀ ਸੀ। ਮੈਂ ਸੁਣਿਐ ਕਿ ਪੱਛਮ ਵਿੱਚ ਲੋਕ ਮਰਜੀ ਨਾਲ਼ ਪਿਆਰ ਕਰ ਸਕਦੇ ਨੇ, ਜਿਸਨੂੰ ਪਸੰਦ ਕਰਦੇ ਨੇ ਉਸੇ ਨਾਲ਼ ਵਿਆਹ ਕਰ ਸਕਦੇ ਨੇ। ਪਰਿਵਾਰ ਦਾ ਕੋਈ ਹੱਕ ਨਹੀਂ ਇਸ ਮਾਮਲੇ 'ਚ। ਮੇਰਾ ਵੀ ਮਨ ਕਰਦਾ ਸੀ ਮੰਗਤ ਨਾਲ਼ ਤਿੱਤਰ ਹੋ ਜਾਣ ਲਈ ਇਸ ਪਾਪੀ ਦੇਸ਼ 'ਚੋਂ ਬਾਹਰ। ਪਰ ਇਹ ਤਾਂ ਹੋ ਹੀ ਨਹੀਂ ਸਕਦਾ ਸੀ। ਮੰਗਤ ਤਾਂ ਰਵੀ ਦਾ ਸਿਪਾਹੀ ਸੀ; ਮੈਂ ਸੀ ਦਾਦੇ ਦੀ ਦਾਸੀ।

ਪਿਆਰ ਵੀ ਸਾਡਾ ਤੁਰਸ਼ ਹੋ ਗਿਆ। ਮੰਗਤ ਨੂੰ ਕੇ ਐੱਫ ਸੀ 'ਚ ਦੇਵ ਦੇ ਗੁੰਡਿਆਂ ਨੇ ਖਤਮ ਕਰ ਦਿੱਤਾ ਰਵੀ ਸਰੋਏ ਨਾਲ਼। ਮੈਂ ਬਦ ਹਾਲ ਹੋ ਗਈ। ਚਿੱਤ ਕੀਤਾ ਜ਼ਹਿਰ ਖਾ ਕੇ ਆਪਣੇ ਆਪਨੂੰ ਖਤਮ ਕਰ ਲਵਾਂ, ਪਰ ਬਾਈ ਨੇ ਰੋਕ ਦਿੱਤਾ। ਇਸ ਵੇਲੇ ਇੱਕ ਹੋਰ ਚੀਜ਼ ਹੋਈ। ਸੰਘੇੜਾ ਤਾਂ ਹਾਲੇ ਵੀ ਮੇਰੇ ਕੋਲ਼ ਆਉਂਦਾ ਸੀ। ਪਰ ਕੁੱਝ ਮਹੀਨਿਆਂ ਲਈ ਰੁਕ ਗਿਆ। ਖਬਰਾਂ ਵਿੱਚ ਉਸਦਾ ਨਾਂ ਅਤੇ ਉਸਦੇ ਬਾਲ ਦਾ ਨਾਂ ਸੀ। ਕਿਸੇ ਨੇ ਉਸਨੂੰ ਘਰੋਂ ਹੀ ਚੁੱਕ ਲਿਆ। ਆਇਆ ਤੇ ਉਂਗਲ਼ੀ ਉੱਠੀ ਤੇ ਉਸਨੇ ਆਤਮਘਾਤ ਕਰ ਲਿਆ। ਸਾਡੇ ਅੱਡੇ 'ਚ ਸ਼ੋਸ਼ੇ ਛੱਡੇ ਗਏ। ਮੈਤੋਂ ਕਈ ਵਾਰੀ ਬਾਈ ਪੁੱਛਦੀ ਸੀ, *ਅੱਜ ਤੇਰੇ ਐਕਟਰ ਨੇ ਤੈਨੂੰ ਕੀ ਦੱਸਿਐ?* ਮੈਂ ਨਿੱਤਾ-ਪ੍ਰਤੀ ਇਸ ਦਾ ਜਵਾਬ ਦਿੰਦੀ ਰਹੀ। ਦਿਮਾਗ 'ਚ ਕਦੇ ਇਹ ਸੋਚ ਆਈ ਹੀ ਨਹੀਂ ਕਿ ਭੇਤ ਕੱਢ ਕੱਢ ਕੇ ਉਸਨੂੰ ਕੀ ਮਿਲਦਾ ਹੋਊ। ਆਮ ਜਨਤਾ ਵਾਂਗ ਮੈਂ ਵੀ ਸੋਚਿਆ ਗੋਗੀ ਦੀ ਗੱਲ ਸਹੀ ਹੈ ਅਤੇ ਅਗਵਾਕਾਰ ਪੈਸਿਆਂ ਦੇ ਉਡੀਕ 'ਚ ਸਨ। ਦਿਨ ਬੀਤੇ, ਮਹੀਨੇ ਬੀਤੇ, ਫਿਰ ਸਾਲ। ਬਾਲ ਬਾਰੇ ਕੁੱਝ ਨਹੀਂ ਪਤਾ ਲੱਗਾ। ਸੰਘੇੜਾ ਵੀ ਵਾਪਸ ਨਹੀਂ ਆਇਆ। ਫਿਰ ਇੱਕ ਰਾਤ ਵੀਹ ਲੱਖ ਦੀ ਮੰਗ ਬਾਅਦ ਸੁਣਿਆ ਕਿ ਸੰਘੇੜਾ ਤੇ ਗੋਗੀ ਇੱਕ ਗੋਰਸਤਾਨ ਗਏ ਅਗਵਾਕਰਾਂ ਨੂੰ ਪੈਸੇ ਦੇਣ ਤੇ ਬਾਲ ਵਾਪਸ ਲੈਣ। ਪੈਸੇ ਦੇ ਦਿੱਤੇ ਪਰ ਬਾਲ ਨਹੀਂ ਮਿਲਿਆ।

ਮੇਰਾ ਮੱਥਾ ਠਣਕਿਆ, ਕਿਉਂਕਿ ਮੈਨੂੰ ਜਾਪਣ ਲੱਗ ਪਿਆ ਕਿ ਜੋ ਮੈਂ ਬਾਈ ਨੂੰ ਦੱਸਦੀ ਸੀ ਅਤੇ ਜੋ ਸੰਘੇੜਾ ਮੈਨੂੰ ਦੱਸਦਾ ਸੀ ਅਗਵਾਕਾਰਾਂ ਨੇ ਵਰਤਿਆ ਹੋਵੇਗਾ।ਮੈਂ ਹੱਕੀ-ਬੱਕੀ ਹੋ ਗਈ ਜਦ ਰਣਜੀਤਪੁਰ ਵਾਪਸ ਆ ਕੇ ਸਾਡੇ ਅੱਡੇ 'ਚ ਸੰਘੇੜਾ ਸ਼ਰਾਬੀ ਹੋਇਆ ਫਿਰ ਫਿਰਨ ਲੱਗ ਪਿਆ। ਉਡਦੀ ਉਡਦੀ ਖਬਰ ਤੋਂ ਮੈਨੂੰ ਪਤਾ ਲੱਗ ਗਿਆ ਕਿ ਦੇਵ ਅਤੇ ਦਾਦੇ ਦਾ ਹੱਥ ਸੀ ਇਸ ਵਿੱਚ। ਪਰ ਮੈਂ ਡਰਦੀ ਨੇ ਸੰਘੇੜੇ ਨੂੰ ਕੁੱਝ ਨਹੀਂ ਕਿਹਾ। ਮੇਰੇ ਸਾਹਮਣੇ ਦਿਨੋਂ ਦਿਨ ਉਦਾਸ ਹੁੰਦਾ ਜਾਂਦਾ ਸੀ। ਪਤਾ ਨਹੀਂ ਕਿਉਂ ਪਰ ਮੈਂ ਹੌਲ਼ੀ ਹੌਲ਼ੀ ਉਸਨੂੰ ਵੱਖਰੀ ਨਜ਼ਰ ਨਾਲ਼ ਵੇਖਣ ਲੱਗ ਪਈ।ਮੇਰਾ ਚਿੱਤ ਕਰੇ ਉਸਨੂੰ ਕਹਿਣ ਨੂੰ ਕਿ ਇਹ ਸਭ ਦੇਵ ਹੁਰਾਂ ਨੇ ਕੀਤਾ ਸੀ, ਪਰ ਡਰਦੀ ਡਰਦੀ ਚੁੱਪ ਰਹੀ। ਦੇਵ ਨੂੰ ਬਾਈ ਨੇ ਦੱਸ ਦਿੱਤਾ ਕਿ ਸੰਘੇੜਾ ਵਾਪਸ ਆ ਗਿਐ। ਫਿਰ ਅਖਬਾਰਾਂ 'ਚ ਦੇਵ ਅਤੇ ਦਾਦੇ ਦੇ ਨਾਂ ਛਪੇ। ਪੁਲ਼ਸ ਦੀ ਤਫਤੀਸ਼ ਨੇ ਕਿਸੇ ਮਦਰਾਸੀ ਦਾ ਪਤਾ ਲਾ ਲਿਆ ਜਿਹੜਾ ਦਾਦੇ ਦਾ ਖਾਸ ਬੰਦਾ ਸੀ। ਪੈਸਿਆਂ ਤੇ ਬਿੰਦੀਆਂ ਲਾਈਆਂ ਗਈਆਂ ਸਨ। ਇਸ ਨਾਲ਼ ਖੋਜ ਨੇ ਰਣਜੀਤਪੁਰ ਵੱਲ ਉਂਗਲ਼ੀ ਕੀਤੀ, ਖਾਸ ਦਾਦੇ ਵੱਲ। ਬਾਈ ਨੇ ਸੰਘੇੜੇ ਨੂੰ ਰੋਕ ਦਿੱਤਾ ਏਥੇ ਆਉਣ ਤੋਂ।ਸੰਘੇੜਾ ਏਥੇ ਆਉਣੋਂ ਹਟ ਗਿਆ। ਮਦਰਾਸੀ ਨੂੰ ਫਾਂਸੀ ਹੋ ਗਈ। ਮੈਨੂੰ ਦੱਸ ਪਈ ਕਿ ਸੰਘੇੜੇ ਦੇ ਖਾਸ ਮਿਤਰਾਂ ਨੇ ਮੰਬਈ 'ਚੋਂ ਆ ਕੇ ਪੁੱਛ ਪੜਤਾਲ ਕੀਤੀ ਸੀ ਅਤੇ ਇਹ ਵੀ ਪਤਾ ਲਾ ਲਿਆ ਸੀ ਕਿ ਸਾਡਾ ਅੱਡਾ ਦਾਦੇ ਦਾ



ਸੀ। ਧਰਮ ਸ਼ਰਮੇ ਨੇ ਦਾਦੇ ਨੂੰ ਬਚਾਉਣ ਦੀ ਹੁਣ ਕਾਫ਼ੀ ਕੋਸ਼ਿਸ਼ ਕੀਤੀ, ਪਰ ਉਸਨੂੰ ਵੀ ਪਤਾ ਸੀ ਕਿ ਗੱਲ ਵਧ ਚੁੱਕੀ ਸੀ। ਹਾਰ ਕੇ ਪਿੱਛੇ ਹਟ ਗਿਆ।ਦੇਵ ਡਰ ਗਿਆ ਜਦ ਖੂਨ ਖਰਾਬਾ ਸ਼ੁਰੂ ਹੋ ਗਿਆ। ਉਸਨੇ ਇੱਕ ਦਿਨ ਮੇਰੇ ਸਾਹਮਣੇ ਸਭ ਦੇ ਕੰਨ ਸੇਕੇ। ਕਹਿੰਦਾ, *ਤੂੰ ਉਸਨੂੰ ਕੀ ਕਿਹਾ?* ਪਰ ਮੈਂ ਤਾਂ ਉਧਾਲ਼ੇ ਬਾਰੇ ਕੁੱਝ ਨਹੀਂ ਕਿਹਾ ਸੀ। ਸੂਈ ਦੀ ਸੂਲ਼ ਬਣ ਜਾਣ ਤੋਂ ਪਹਿਲਾਂ ਬਾਈ ਨੇ ਬਚਾ ਲਿਆ। ਮੈਨੂੰ ਸੜਕ ਤੇ ਸੁੱਟ ਦਿੱਤਾ, ਗਲ਼ੀ ਵਿੱਚ। ਪੁਲ਼ਸ ਨੇ ਵੱਡੇ ਘਰ ਭੇਜ ਦਿੱਤਾ। ਮੈਂ ਹਰ ਪੁਲ਼ਸੀਏ ਦਾ ਚੇਹਰਾ ਪਛਾਣਦੀ ਸੀ। ਹਰ ਇਕ ਨੇ ਸਾਡੇ ਅੱਡੇ 'ਚ ਪੈਰ ਰੱਖਿਆ ਸੀ। ਦੋ ਰਾਤਾਂ ਬਾਅਦ ਦਾਦਾ ਮੈਨੂੰ ਮਿਲਣ ਆ ਗਿਆ। ਮੈਨੂੰ ਹੌਲਦਾਰ ਨੇ ਜੋਰ ਦੇਣੀ ਖਿੱਚ ਕੇ ਇੱਕ ਕਮਰੇ 'ਚ ਦਾਦੇ ਦੇ ਸਾਹਮਣੇ ਲਿਆ ਖੜ੍ਹਾਇਆ।

*ਹੂੰ ਮੇਰੀ ਬੱਚੀ, ਦੱਸ ਤੂੰ ਸੰਘੇੜੇ ਨੂੰ ਕੀ ਦੱਸਿਆ?* ਉਸਦੀਆਂ ਅੱਖਾਂ ਮੇਰੇ ਜਿਗਰ 'ਚ ਚੁਭੀਆਂ।

*ਦਾਦਾ ਜੀ ਮੈਂ ਉਸਨੂੰ ਕੁੱਝ ਨ੍ਹੀਂ ਕਿਹਾ, ਸੱਚ ਮੁੱਚ...ਪੁਲ਼ਸ ਦੀ ਤਫਤੀਸ਼ ਭਾਵੇਂ ਕੁੱਝ ਵੀ ਕਹੇ..ਮੈਂ ਤਾਂ ਸਮਾਂ ਦੇਵ ਲਈ ਉਸਤੋਂ ਭੇਤ ਕੱਢਦੀ ਸੀ..ਆਹੋ!* ਮੈਂ ਗੱਲ ਛੱਡੀ।

*ਮੇਰੀ ਬੱਚੀ, ਜੇ ਤੂੰ ਕੁੱਝ ਕਿਹਾ ਨਹੀਂ ਫਿਰ ਬਾਈ ਨੇ ਬਾਹਰ ਕਾਹਤੋਂ ਸੁੱਟੀ?*

*ਬਾਈ ਨੇ ਦੇਵ ਤੋਂ ਬਚਾਉਣ ਲਈ। ਉਸਨੇ ਮੈਨੂੰ ਕੁੱਟਿਆ... ਤਾਈਂ...ਸੱਚ..*

*ਠੀਕ ਏ...ਆਵਦਾ ਮੂੰਹ ਬੰਦ ਰੱਖਣਾ, ਸਮਝਦੀ ਏ? ਹੂੰ। ਏਥੋਂ ਤੈਨੂੰ ਕੱਢੀਏ। ਇੰਨ੍ਹਾਂ ਸਾਲ਼ਿਆਂ ਦੇ ਸਾਹਮਣੇ ਗਲਤੀ ਨਾਲ਼ ਵੀ ਕੁੱਝ ਨਾ ਬੋਲੀਂ। ਪਰ ਤੂੰ ਹੁਣ ਅੱਡੇ ਵਾਪਸ ਨਹੀਂ ਜਾ ਸਕਦੀ। ਮੈਂ ਇੰਤਜ਼ਾਮ ਕਰਦੈਂ ਤੇਰੇ ਲਈ। ਤੈਨੂੰ ਘੰਟੇ ਕੁ 'ਚ ਆਦਮੀ ਆ ਕੇ ਏਥੋਂ ਲੈ ਜਾਵੇਗਾ।* ਇਹ ਕਹਿ ਕੇ ਤੁਰ ਪਿਆ। ਪਰ ਮੈਂ ਉਸ ਤੋਂ ਬਾਅਦ ਉਦੋਂ ਹੀ ਦੇਖਿਆ..ਜਦ ਮਿਰਚਾਂ ਤੇ ਪਿਆ ਸੀ, ਲਾਲ ਲਾਲ। ਸੱਚ ਸੀ ਉਸਨੇ ਪੁਲ਼ਸ ਨੂੰ ਪੈਸੇ ਦਿੱਤੇ ਸਨ ਮੈਨੂੰ ਮਾਰਨ ਲਈ। ਪਰ ਕਿਸਮਤ ਵੀ ਇੱਕ ਚੀਜ਼ ਹੈ। ਉਸ ਜੇਲ੍ਹ 'ਚ ਇੱਕ ਮੁੰਡਾ ਸੀ ਜਿਸਦਾ ਬਾਪ ਉਸਨੂੰ ਛਡਾਉਣ ਆਇਆ ਸੀ। ਮੈਂ ਉਸਦੇ ਬਾਪ ਦੀ ਲੱਤ ਫੜ੍ਹ ਲਈ ਤੇ ਜੋਰ ਦੇਣੀ ਉਸਦਾ ਨਾਂ ਲਿਆ; ਉਹ ਬੰਦਾ ਮੈਨੂੰ ਮਿਲਣ ਆਉਂਦਾ ਸੀ। ਉਸਨੂੰ ਮਿੰਨਤਾਂ ਕੀਤੀਆਂ, ਇੱਥੋਂ ਲੈ ਜਾ। ਉਸਨੂੰ ਪਤਾ ਸੀ ਕਿ ਮੈਂ ਕੌਣ ਸਾਂ? ਇੱਕ ਵਾਰੀ ਉਸਨੇ ਸਕੂਟਰ ਪਿੱਛੇ ਮੈਨੂੰ ਵੀ ਘੁਮਾਇਆ ਸੀ ਸੈਕਟਰ ਗਿਆਰਾਂ 'ਚ। ਇੱਕ ਆਦਮੀ ਨੇ ਹਾਂ ਦਾ ਇਸ਼ਾਰਾ ਦਿੱਤਾ ਸੀ ਅਤੇ ਇਸ ਲਈ ਇੱਕ ਝੁੱਗੀ 'ਚ ਮੈਨੂੰ ਛੱਡ ਦਿੱਤਾ। ਹੁਣ ਸ਼ਰਮਿੰਦਾ ਜਿਹਾ ਹੋ ਗਿਆ।

ਮੇਰਾ ਜੁਰਮਾਨਾ ਦੇ ਦਿੱਤਾ; ਆਵਦੇ ਲਾਲ ਦਾ ਵੀ। ਫਿਰ ਬਾਹਰ ਸੜਕ ਤੇ ਛੱਡ ਦਿੱਤਾ। ਬਾਪ-ਪੁੱਤ ਤੁਰ ਪਏ, ਮੈਂ ਵੀ। ਜਦ ਤੱਕ ਜਿਹੜੇ ਪੁਲ਼ਸੀਏ ਨੇ ਮੈਨੂੰ ਮਾਰਨਾ ਸੀ ਥਾਣੇ ਆਇਆ ਮੈਂ ਤਾਂ ਛੁੱਟ ਗਈ ਸਾਂ। ਮੈਨੂੰ ਇਸ ਬਾਰੇ ਬਾਅਦ 'ਚ ਪਤਾ ਲੱਗਾ। ਉਸ ਵੇਲੇ ਮੈਂ ਡਰਦੀ ਡਰਦੀ ਮੰਗਤ ਦੇ ਇੱਕ ਮਿੱਤਰ ਦੇ ਘਰ ਪਹੁੰਚੀ। ਉਸਨੂੰ ਕਾਇਲ ਕਰਕੇ ਅੰਦਰ ਗਈ ਤੇ ਇੱਥੇ ਕੁੱਝ ਦਿਨਾਂ ਲਈ ਠਹਿਰੀ। ਪੰਜਾਂ ਦਿਨਾਂ ਬਾਅਦ ਰਣਜੀਤਪੁਰ 'ਚ ਇੱਕ ਵੱਡੀ ਲੜਾਈ ਸ਼ੁਰੂ ਹੋ ਗਈ। ਸੰਘੇੜਾ ਇਸ ਵੇਲੇ ਮੰਬਈ ਸੀ, ਪਰ ਉਸਦੇ ਗੁੰਡੇ ਦੋਸਤ ਰਣਜੀਤਪੁਰ ਆ ਗਏ। ਮੁਕਾਮੀ ਕੰਪਨੀ ਦਾ ਸਿਰ ਪਹਿਲਾਂ ਕੱਟਿਆ। ਮੈਂ ਉਸ ਦਿਨ ਮੰਡੀ 'ਚ ਸੀ ਜਦ ਮੇਰੇ ਸਾਹਮਣੇ ਜਸਵੀਰ ਦੀ ਮਿਰਚਾਂ ਵਾਲ਼ੀ ਛਤਰੀ ਕੋਲ ਦਾਦਾ ਆ ਖੜ੍ਹਿਆ। ਡਰਦੀ ਮੈਂ ਘੁੰਡ ਕੱਢ ਕੇ ਓਲ੍ਹੇ ਹੋ ਗਈ। ਫਿਰ ਕੁੱਝ ਆਦਮੀ ਪਿਛਲੀ ਗੱਡੀ 'ਚੋਂ ਨਿੱਕਲੇ, ਹੱਥਾਂ ਵਿੱਚ ਪਿਸਤੌਲ ਗੋਲ਼ੀਆਂ ਦਾ ਦਛਾਂਦਾ ਦਿੰਦੇ। ਲਾਲ ਲਾਲ ਮਿਰਚਾਂ ਉੱਤੇ ਦਾਦੇ ਨੂੰ ਵੀ ਲਾਲ ਲਾਲ ਕਰ ਦਿੱਤਾ। ਡਰ ਨਾਲ਼ ਮੈਂ ਚੀਕ ਮਾਰੀ। ਅਗਲੇ ਦਿਨਾਂ ਵਿੱਚ ਸਾਰੇ ਸ਼ਹਿਰ ਵਿੱਚ ਇੱਧਰ ਉੱਧਰ ਗੋਲ਼ੀਆਂ ਚੱਲੀਆਂ। ਐਰਾ ਕੱਢਣ ਵਾਲ਼ੇ ਮਾਰ ਦਿੱਤੇ। ਹਰ ਰੋਜ ਖਬਰਾਂ 'ਚ ਕੁੱਝ ਨਾ ਕੁੱਝ ਹੁੰਦਾ ਸੀ। ਮੀਡੀਆ ਨੇ ਇੱਕ ਪਾਸਾ ਲਿਆ, ਸੰਘੇੜੇ ਦਾ ਪਾਸਾ। ਸ਼ਰਮੇ ਵਰਗਿਆਂ ਨੇ ਵੀ ਇੰਝ ਹੀ ਕੀਤਾ। ਦੇਵ ਬਾਹਰ ਦੌੜ ਗਿਆ ਹੋਵੇਗਾ, ਕਿਉਂਕਿ ਉਸਦਾ ਕਿਸੇ ਨੂੰ ਪਤਾ ਨਹੀਂ ਸੀ। ਜਦ ਲੜਾਈ ਹਟੀ, ਸ਼ਹਿਰ ਕੋਲ਼ ਇੱਕ ਨਵਾਂ ਸੁਲਤਾਨ ਸੀ। ਉਸਦਾ ਨਾਂ ਸੀ ਅਜ਼ੀਮ ਤਿਆਗੀ। ਮੰਬਈ ਵਾਲ਼ਿਆਂ ਨੇ ਉਸਨੂੰ ਕੁਰਸੀ ਦੇ ਦਿੱਤੀ ਅਤੇ ਦਾਦੇ ਦੀਆਂ ਸਾਰੀਆਂ ਤਜਾਰਤਾਂ ਵੀ।

ਮੇਰੀ ਹੁਣ ਨਵੀਂ ਕੋਸ਼ਿਸ਼ ਸੀ, ਆਪਣੇ ਆਪ ਨੂੰ ਬਦਲਣ ਦੀ। ਮੈਂ ਨਹੀਂ ਚਾਹੁੰਦੀ ਸੀ ਉਨ੍ਹਾਂ ਕੰਮਾਂ 'ਚ ਫਿਰ ਫਸਣ ਦੀ ਅਜ਼ੀਮ ਹੇਠ, ਜਾਂ ਹੋਰ ਕਿਸੇ ਲਈ। ਮੈਂ ਅਤੀਤ ਤੋਂ ਪਰ੍ਹਾਂ ਹੋਣਾ ਚਾਹੁੰਦੀ ਸੀ। ਸੋ ਮੈਂ ਮੰਡੀ 'ਚ ਜਾ ਕੇ ਕੰਮ ਲੱਭਣ ਲਈ ਕੋਸ਼ਿਸ਼ ਕਰਨ ਲੱਗੀ। ਪਰ ਇਹ ਤਾਂ ਆਦਮੀ ਦਾ ਜੱਗ ਸੀ। ਪੜ੍ਹੀ ਲਿਖੀ ਨਾ ਹੋਣ ਕਰਕੇ ਕਿਸੇ ਦੁਕਾਨਦਾਰ ਜਾਂ ਕਾਰਖਾਨੇ ਵਾਲ਼ੇ ਨੇ ਮੌਕਾ ਨਹੀਂ ਦਿੱਤਾ। ਮੰਗਤ ਦੇ ਦੋਸਤ ਦਾ ਨਾਂ ਰਾਜਪਾਲ ਸੀ। ਉਸਨੇ ਪੂਰੀ ਕੋਸ਼ਿਸ਼ ਕੀਤੀ ਮੇਰੀ ਮੱਦਦ ਕਰਨ ਦੀ। ਪਰ ਉਹ ਵੀ ਮੰਗਤ ਵਾਂਗ ਇੱਕ ਗੁੰਡਾ ਹੀ ਹੁੰਦਾ ਸੀ। ਪੁੱਠੇ ਲੋਕਾਂ ਕੋਲ਼ ਹੀ ਜਾਂਦਾ ਸੀ।

ਮੇਰੇ ਮਨ ਵਿੱਚ ਹਮੇਸ਼ਾ ਇੱਕ ਮੰਜ਼ਲ ਸੀ, ਜਿਹੜੀ ਇਸ ਜੀਵਨ ਤੋਂ ਦੂਰ ਸੀ, ਅਲੱਗ ਸੀ, ਜਿੰਝ ਕਿਸੇ ਰੇਗਸਤਾਨ ਦੇ ਦੂਜੇ ਪਾਸੇ ਨਖਲਿਸਤਾਨ ਹੁੰਦਾ ਐ, ਪਰ ਨਖਲਿਸਤਾਨ ਨਹੀਂ ਬਹਿਸ਼ਤ...ਹਾਂ...ਬਹਿਸ਼ਤ। ਜਿੱਥੇ ਮੇਰਾ ਪਹੁੰਚਣਾ ਜਰੂਰੀ ਸੀ। ਜਿੱਥੇ ਮਰਦ ਦੀ ਜੰਜ਼ੀਰ ਨਹੀਂ ਸੀ। ਜਰੂਰੀ ਚੀਜ਼ ਜਿਹੜੀ ਮੈਨੂੰ ਉਡੀਕ ਰਹੀ



ਹੈ, ਅੱਖਾਂ ਤੇ ਬਿਠਾਉਂਦੀ ਹੈ, ਸੁਖ ਦਿੰਦੀ ਹੈ, ਕਰੁਣਾ ਦਿੰਦੀ ਹੈ। ਇਸ ਭਾਵਨਾ ਦੀ ਆਸ ਤੇ ਮੈਂ ਅਗਾਂਹ ਜਾ ਸਕਦੀ ਆਂ। ਅਹਿਮ ਆਸ ਹੈ, ਅਹਿਮ ਇਹਸਾਸ, ਪਰ ਕਿੰਝ ਪੁੱਜਾਂ ਉੱਥੇ? ਚੀਜ਼ਾਂ ਬਦਲ ਸਕਦੀਆਂ ਨੇ, ਮੇਰੇ ਲਈ, ਸਭ ਭੈਣਾਂ ਲਈ? ਇਹ ਗੱਲ ਨਹੀਂ ਕਿ ਮੇਰੇ ਲਈ ਜਿੰਦਗੀ ਬਾਬ ਹੈ, ਪਰ ਹੋਰ ਸਾਰਿਆਂ ਲਈ ਚੰਗੀ ਹੈ..ਖਾਸ ਆਦਮੀ ਲਈ। ਹੋ ਸਕਦੈ ਜਿਹੜੀ ਜਿੰਦਗੀ ਬੀਤੀ ਹੁਣ ਪਿੱਛੇ ਰਹਿ ਜਾਵੇਗੀ? ਹੋ ਸਕਦਾ ਏ ਜਿਹੜੀ ਵੀ ਜੂਨ ਮਿਲੇ ਬਿਹਤਰ ਹੀ ਹੋਵੇ! ਆਪਣੇ ਆਪ ਲਈ ਸੌਰੀ ਫੀਲ ਕਰਕੇ ਸਾਹ ਨਹੀਂ ਲੈ ਸਕਦੀ ਮੈਂ। ਪਰ ਕੀ ਪਤਾ ਰਾਜਪਾਲ ਨੇ ਮੇਰੇ ਲਈ ਨਵਾਂ ਰਾਹ ਟੋਲ਼੍ਹ ਲੈਣੈ? ਕੀ ਪਤਾ? ਜੇ ਰੱਬ ਹੈ, ਇਸ ਤੋਂ ਜਿਆਦਾ ਮੈਤੋਂ ਕਿਉਂ ਲਵੇਗਾ? ਕਿਉਂ? ਅਤੀਤ ਜਹਾਜ਼ ਦੇ ਲੰਗਰ ਵਾਂਗ ਹੈ। ਪਾਣੀ 'ਚ ਖਿੱਚ ਕੇ ਡੋਬ ਸਕਦਾ ਹੈ। ਪਰ ਮੈਂ ਲੰਗਰ ਚੁੱਕਣਾ ਚਾਹੁੰਦੀ ਹਾਂ। ਇਹ ਪਰਿੰਦਾ ਪਿੰਜਰੇ 'ਚੋਂ ਉਡਣਾ ਚਾਹੁੰਦਾ ਹੈ, ਰਾਜਪਾਲ ਸਮਝਦਾ ਹੈ। ਉਸਨੇ ਘਰਾਂ 'ਚ ਮੈਨੂੰ ਕੰਮ ਲੱਭ ਦਿੱਤਾ। ਝਾੜੂ ਬਰਦਾਰ ਦਾ ਕੰਮ ਹੈ, ਪਰ ਜਿੱਥੇ ਸੀਗੀ ਉਸਤੋਂ ਕਿੰਨਾ ਬਿਹਤਰ ਹੈ! ਹਾਲੇ ਉਸ ਥਾਂ ਨਹੀਂ ਪੁੱਜੀ, ਪਰ ਪਹਿਲਾ ਕਦਮ ਚੁੱਕ ਲਿਆ ਸੀ। ਰਾਜਪਾਲ ਦੀ ਮਦਦ ਨਾਲ਼ ਹੱਕ ਹਲਾਲ ਦਾ ਕੰਮ ਸ਼ੁਰੂ ਕਰ ਲਿਆ। ਵੱਡੇ ਵੱਡੇ ਲੋਕਾਂ ਦੇ ਘਰਾਂ 'ਚ ਫਰਸ਼ ਸੁਆਰੇ। ਮੈਂ ਵੇਖਿਆ ਕਿ ਨੌਕਰ ਨਿੱਕੇ ਨਿੱਕੇ ਕਮਰਿਆਂ 'ਚ ਇੱਕਠੇ ਰਹਿੰਦੇ ਸੀ। ਉਸ ਤੋਂ ਜ਼ਿਆਦਾ ਥਾਂ 'ਚ ਘਰ ਦਾ ਮੁੰਡਾ, ਘਰ ਦਾ ਕੱਲਾ ਲਾਲ ਰਹਿੰਦਾ ਸੀ, ਆਵਦੇ ਗੀਤ ਸੁਣਦਾ ਸੀ, ਜਾਂ ਟੀਵੀ ਤੇ ਕੋਈ ਖੇਡ ਖੇਲ੍ਹਦਾ ਸੀ। ਕੁੜੀਆਂ ਹੀ ਹੀ ਕਰਦੀਆਂ ਟੈਂ ਰੱਖਦੀਆਂ ਸਨ। ਘਰ ਦਾ ਮਾਲਕ ਜ਼ਿਆਦਾ ਬਾਹਰ ਹੀ ਰਹਿੰਦਾ ਸੀ। ਜਦ ਘਰ ਹੁੰਦਾ, ਰੋਹਬ ਜਮਾਉਂਦਾ ਸੀ। ਹਰ ਵੇਲੇ ਸ਼ਰਾਬ ਪੀਂਦਾ ਸੀ, ਘਰ ਵਾਲ਼ੀ ਰੋਟੀ ਤਾਂ ਪਕਾ ਦਿੰਦੀ ਸੀ, ਪਰ ਭਾਂਡੇ ਨੌਕਰ ਸਾਫ ਕਰਦੇ ਸਨ। ਮਾਲਕਣਾਂ ਘੁਮਾਰ ਮੰਡੀ 'ਚ ਘੁੰਮ ਘੁੰਮ ਕੇ ਰੰਗ ਬਰੰਗੇ ਕੱਪੜੇ ਜਾਂ ਗਹਿਣੇ ਖਰੀਦਦੀਆਂ ਹੁੰਦੀਆਂ ਸਨ। ਮੁੰਡੇ ਮੋਟਰ ਸਾਇਕਲਾਂ ਦੀਆਂ ਰੇਸਾਂ ਲਾਉਂਦੇ ਸੀ। ਕੁੜੀਆਂ ਨੂੰ ਤੰਗ ਕਰਦੇ ਸੀ ਜਾਂ ਉਨ੍ਹਾਂ ਅੱਡਿਆਂ 'ਚ ਗੇੜੇ ਲਾਉਂਦੇ ਸੀ ਜਿੰਨਾਂ ਦਾ ਮੈਂ ਚੇਤਾ ਭੁਲਾਉਣਾ ਚਾਹੁੰਦੀ ਸੀ। ਪਰ ਹਾਲੇ ਵੀ ਉਹ ਜ਼ਿੰਦਗੀ ਵਿਸਾਰਨਾ ਔਖਾ ਸੀ। ਕਿੰਝ ਭੁਲਾਵਾਂ, ਜਦ ਕੁੱਝ ਘਰਾਂ 'ਚ ਉਹੀ ਬੰਦੇ ਰਹਿੰਦੇ ਸਨ ਜਿੰਨ੍ਹਾਂ ਦਾ ਮੇਰੇ ਕੋਲ ਆਉਣਾ-ਜਾਣਾ ਸੀ? ਕਿਸਮਤ ਨਾਲ਼ ਉਨ੍ਹਾਂ ਨੇ ਮੈਨੂੰ ਪਛਾਣਿਆ ਨਹੀਂ। ਪਰ ਇਹ ਤਾਂ ਵਕਤ ਦੀ ਗੱਲ ਹੀ ਸੀ।

ਹੁਣ ਉਨ੍ਹਾਂ ਦੀਆਂ ਘਰ ਵਾਲ਼ੀਆਂ ਮੇਰੇ ਸਾਹਮਣੇ ਆਈਆਂ। ਬੇਖਬਰ, ਅਣਭੋਲ ਨਾਰੀਆਂ! ਹੋ ਸਕਦਾ ਏ ਸਾਰੀਆਂ ਭੋਲ਼ੀਆਂ ਨਾ ਹੀ ਹੋਣ। ਹੋ ਸਕਦੈ ਉਨ੍ਹਾਂ ਨੂੰ ਪੂਰਾ ਪਤਾ ਹੋਵੇ ਪਤੀ ਬਾਰੇ ਪਰ ਗੱਲ ਪਾਸੇ ਸੰਭਰ ਦਿੰਦੀਆਂ ਹੋਣ, ਜਿੰਝ ਮੈਂ ਫਰਸ਼ ਤੋਂ ਖੇਹ ਪਰ੍ਹੇ ਕਰਦੀ ਸੀ। ਸੱਚ ਹੈ, ਬੰਦਾ ਉਸ ਜਨਾਨੀ ਨੂੰ ਪਿਆਰ ਨਹੀਂ

ਕਰਦਾ ਜਿਸ ਨਾਲ਼ ਵਿਆਹ ਕਰਦੈ, ਜਾਂ ਜਿਸਨੂੰ ਪਟਾਕਾ ਵੀ ਸਮਝਦੈ, ਜਾਂ ਜਿਸ ਦੀ ਆਬ-ਤਾਬ ਦਿਲ ਨੂੰ ਡੰਗ ਮਾਰਦੀ ਹੈ। ਉਸ ਜਨਾਨੀ ਨੂੰ ਹੀ ਪਿਆਰ ਕਰ ਸਕਦਾ ਏ ਜਿਸ ਦੀਆਂ ਬਾਹਾਂ 'ਚ ਉਹ ਸਨੇਹ ਭਿੱਜਿਆ ਨਿੰਦਰਾਇਆ ਹੋ ਸਕਦੈ। ਆਦਮੀ ਨੂੰ ਵਿਆਹ ਤੋਂ ਬਾਅਦ ਉਲ਼ਝਾ ਕੇ ਰੱਖਣਾ ਪੈਂਦੈ, ਨਹੀਂ ਤਾਂ ਹੋਰ ਕਿਸੇ ਨਾਲ਼ ਪਿਆਰ ਕਰਨਾ ਸ਼ੁਰੂ ਕਰ ਲੈਂਦੈ। ਉਸ ਬੰਦੇ ਦੀ ਔਰਤ ਪਹਿਲਾਂ ਹੀ ਹਰ ਗਈ। ਮੌਤ ਨਾਲ਼ ਉਸਦੀ ਜਾਨ ਨਹੀਂ ਜਾਂਦੀ। ਪਰ ਹਰ ਦਿਨ, ਹਰ ਖਿਣ, ਹਜ਼ਾਰ ਸਿਤਮੀ ਤਰੀਕਿਆਂ ਨਾਲ ਮੌਤ ਆਉਂਦੀ ਹੈ ਉਸ ਨੂੰ। ਸੱਚ ਹੈ ਬੰਦੇ ਨੂੰ ਚੰਗੀ ਘਰੇਲੂ ਕੁੜੀ ਨਹੀਂ ਚਾਹੀਦੀ, ਪਰ ਇੱਕ ਗੰਦੀ ਕਸਬਨ, ਜਿਹੜੀ *ਜੀ ਹਾਂ* ਹੀ ਕਰਦੀ ਰਵ੍ਹੇ। ਜ਼ਨਾਨੀ ਇੱਕ ਜਾਤ ਹੀ ਬਣਾ ਦਿੱਤੀ ਬੰਦੇ ਨੇ। ਜਦ ਵੀ ਮੈਂ ਇਨ੍ਹਾਂ ਸਤਵੰਤੀਆਂ ਵੱਲ ਝਾਕਦੀ, ਮੈਨੂੰ ਤਰਸ ਆਉਂਦਾ ਸੀ ਇਨ੍ਹਾਂ ਤੇ। *ਸੁਪਤਨੀ ਜੀ! ਉਸਦੇ ਨਾਲ਼ ਮੈਂ ਪੈਂਦੀ ਰਹੀ ਹਾਂ! ਉਸ ਤੇ ਇਤਬਾਰ ਨਾ ਕਰੋ!*।ਪਰ ਮੈਂ ਚੁੱਪ-ਚਾਪ ਸੰਭਰਦੀ ਰਹਿੰਦੀ ਸਾਂ।

ਰਾਜਪਾਲ ਹੁਣ ਮੈਥੋਂ ਕਿਰਾਇਆ ਮੰਗਣ ਲੱਗ ਪਿਆ। ਜਦ ਮੈਂ ਪੈਸੇ ਨਹੀਂ ਦਿੰਦੀ ਉਹ ਮੇਰੇ ਨਾਲ਼ ਜ਼ਬਰਦਸਤੀ ਕਰਨ ਲੱਗ ਪਿਆ। ਮੈਂ ਕਿਸ ਕੋਲ਼ ਜਾਵਾਂ? ਪੁਲ਼ਸ ਤਾਂ ਮੈਨੂੰ ਜਾਣਦੀ ਹੈ...ਪਰ ਮਾੜੇ ਰੂਪ ਵਿੱਚ। ਬੱਸ ਹਰ ਦਿਨ ਮੈਨੂੰ ਇੱਕ ਬੇਜਜ਼ਬੀ ਬੁੱਤ ਵਾਂਗ ਪੈ ਕੇ ਉਸਨੂੰ ਖ਼ੁਸ਼ ਕਰਨਾ ਪੈਂਦਾ ਸੀ। ਮੈਂ ਹਾਰ ਕੇ ਉਸਦਾ ਘਰ ਛੱਡ ਦਿੱਤਾ ਅਤੇ ਇੱਕ ਕਮਰਾ ਕਿਰਾਏ ਤੇ ਲੈ ਲਿਆ। ਹੁਣ ਰਾਜਪਾਲ ਦੀ ਲੋੜ ਨਹੀਂ ਸੀ। ਮਾਲਕਣਾਂ ਨੇ ਹੋਰਾਂ ਨੂੰ ਮੇਰੀ ਸਿਫ਼ਾਰਸ਼ ਕੀਤੀ। ਕੰਮ ਮਿਲੀ ਗਿਆ। ਇਸ ਤਰਾਂ ਕਿਸਮਤ ਨੇ ਅਜੀਬ ਖੇਲ੍ਹ ਖੇਲ੍ਹਿਆ। ਇੱਕ ਨਵੇਂ ਗਾਹਕ ਦੇ ਘਰ ਕੰਮ ਸ਼ੁਰੂ ਕੀਤਾ। ਉਸਦੇ ਦੋ ਜੁਆਨ ਬੱਚੇ ਸਨ। ਮੈਂ ਉਸਦੇ ਚਿਹਰੇ ਨੂੰ ਪਛਾਣਦੀ ਸੀ। ਹਾਂ! ਫਿਲਮਾਂ 'ਚ ਵੇਖਿਆ ਸੀ।

ਮੁੱਖ ਗੋਲ਼ ਮੋਲ਼ ਸੀ, ਅੱਖਾਂ ਮੋਟੀਆਂ, ਨੱਕ ਲੰਬਾ ਅਤੇ ਬੁੱਲ੍ਹ ਵਿਲਾਸ ਸਨ। ਹਮੇਸ਼ਾ ਸਾੜ੍ਹੀ ਪਾਈ ਹੁੰਦੀ ਸੀ। ਜਦ ਤੱਕ ਮੇਰੇ ਕਮਲ਼ੇ ਦਿਮਾਗ ਨੂੰ ਸਮਝ ਆਈ ਕਿ ਉਹ ਕੌਣ ਸੀ, ਉਸ ਵਕਤ ਤੱਕ ਮੈਂ ਅੱਧਾ ਘਰ ਸਾਫ ਕਰ ਦਿੱਤਾ ਸੀ। ਜਦ ਮੈਂ ਘਰੋਂ ਨਿੱਕਲ਼ਣ ਦੀ ਕੋਸ਼ਿਸ਼ ਕੀਤੀ, ਮੁੱਖ ਦਰ ਖੋਲ੍ਹ ਕੇ ਸੰਜੇ ਸੰਘੇੜਾ ਆ ਗਿਆ ਸੀ! ਮੈਂ ਥਾਈਂ ਜਮ ਗਈ। ਉਸਨੇ ਵੀ ਮੈਨੂੰ ਪਛਾਣ ਲਿਆ। ਅੱਖਾਂ 'ਚੋਂ ਸਾਡੀਆਂ ਸਾਰੀਆਂ ਪਹਿਲੀਆਂ ਮੁਲਾਕਾਤਾਂ ਦੇ ਦ੍ਰਿਸ਼ ਦਿਸਣ ਲੱਗ ਪਏ ਸਨ। ਉਸਦੀ ਵਹੁਟੀ ਦਾ ਨਾਂ ਸੁਰੱਈਆ ਸੀ, ਜੋ ਕਦੇ ਬੋਲੀਵੁੱਡ 'ਚ ਵੱਡੀ ਨਾਇਕਾ ਹੁੰਦੀ ਸੀ।

*ਸੰਜੇ ਇਹ ਗੁੱਡੀ ਹੈ, *ਨਾਲ਼ੇ ਮੁਸਕਾਨ ਛੱਡੀ, *ਸਾਡੇ ਘਰ ਦੀ ਸਫਾਈ ਕਰਨ ਆਈ ਐ। ਹੁਣ ਤੋਂ ਬਾਅਦ ਇਸ ਨੇ ਹੀ ਇਹ ਕੰਮ ਕਰਿਆ ਕਰਨੈ।

*ਸਫਾਈ? ਅੱਛਾ...ਸਫਾਈ ਤਾਂ ਜਰੂਰ ਕਰਨ ਆਈ ਲੱਗਦੀ ਏ!*

*ਸੰਜੇ?* ਸੁਰੱਈਆ ਡੌਰ ਭੌਰ ਹੋ ਕੇ ਬੋਲੀ।



*ਗੁੱਡੀ?..ਸਫਾਈ?* ਜਿਵੇਂ ਉਸਨੂੰ ਪਹਿਲੇ ਵਾਰੀ ਸੁੱਝਿਆ ਨਹੀਂ ਸੀ। *ਹਾਂ*। ਸੁੱਝੇ ਵੀ ਕਿੰਝ? ਮੈਨੂੰ ਵੀ ਨਹੀਂ ਸੁੱਝਿਆ। ਗੁੱਡੀ ਨਾਂ ਮੇਰਾ ਅਸਲ ਨਾਂ ਨਹੀਂ ਸੀ, ਅਤੇ ਸੰਘੇੜੇ ਨੂੰ ਇਸ ਦਾ ਪਤਾ ਸੀ। ਦੋਨੋਂ ਖੜ੍ਹੇ ਰਹਿਗੇ, ਗੁੰਮ-ਸੁੰਮ।ਸੁਰੱਈਆ ਨੂੰ ਲੱਗਿਆ ਕਿ ਮੈਂ ਇੰਡਿਆ ਦਾ ਸਭ ਤੋਂ ਵੱਡਾ ਤਾਰਾ ਵੇਖ ਕੇ ਸੁੰਨ ਹੋ ਗਈ ਸਾਂ। *ਅੱਛਾ ਗੁੱਡੀ ਤੂੰ ਕੱਲ੍ਹ ਆ ਜਾਣਾ, ਓਕੇ? ਗੁੱਡ।* ਮੈਂ ਬਾਹਰ ਨੂੰ ਤੁਰ ਪਈ। ਪਰ ਕੱਲ੍ਹ ਨੂੰ ਵਾਪਸ ਨਹੀਂ ਗਈ। ਨਾ ਹੀ ਉਸਤੋਂ ਅਗਲੇ ਦਿਨ। ਮੈਨੂੰ ਦੱਸ ਪਈ ਕਿ ਇਸ ਹੀ ਘਰ 'ਚੋਂ ਬਾਲ ਚੁੱਕਿਆ ਸੀ। ਮੈਂ ਡਰਦੀ ਵਾਪਸ ਨਹੀਂ ਗਈ। ਅਤੀਤ ਤੋਂ ਤਾਂ ਮੈਂ ਨ੍ਹੱਠਦੀ ਸੀ।ਇੱਕ ਦਿਨ ਮੈਂ ਇੱਕ ਘਰ ਗਈ, ਜਿਸਦਾ ਮਾਲਕ ਮੇਰਾ ਕੁੱਝ ਨਹੀਂ ਲੱਗਦਾ ਸੀ। ਮਤਲਬ, ਉਸ ਨਾਲ਼ ਮੈਂ ਸਾਂਝੀਵਾਲ਼ ਨਹੀਂ ਹੋਈ ਸੀ। ਪਰ ਕਿਸਮਤ ਐਸੀ ਸੀ ਕਿ ਕਿਸੇ ਨੇ ਮੈਨੂੰ ਪਛਾਣ ਕੇ ਉਸਨੂੰ ਮੇਰੇ ਬਾਰੇ ਦੱਸ ਦਿੱਤਾ ਸੀ। ਇੱਕ ਦਿਨ ਘਰਵਾਲ਼ੀ ਬਾਹਰ ਗਈ ਹੋਈ ਸੀ। ਮੈਂ ਫਰਸ਼ ਤੇ ਚੌਂਕੜੀ ਮਾਰ ਕੇ ਚੀਜਾਂ ਨੂੰ ਝਾੜਦੀ ਸੀ। ਉਹ ਸੋਫੇ ਤੇ ਬੈਠਾ ਅਖ਼ਬਾਰ ਪੜ੍ਹਦਾ ਸੀ। ਉਹਦਾ ਮੂੰਹ ਸਿਗਰਟ ਦੇ ਧੂੰਏਂ ਨਾਲ਼ ਗੁੰਮਿਆ ਸੀ। ਮੈਂ ਚੁੱਪ-ਚਾਪ ਕੰਮ ਕਰੀ ਜਾ ਰਹੀ ਸੀ। ਫਿਰ ਅਚਾਨਕ ਉਸਨੇ ਅਖ਼ਬਾਰ ਹੇਠਾਂ ਕੀਤਾ, *ਤੇਰਾ ਨਾਂ ਗੁੱਡੀ ਤਾਂ ਹੈ ਨਹੀਂ, ਹੈ ਨਾਂ?* ਧੂੰਏਂ ਪਿੱਛੋਂ ਸ਼ਰਾਬ 'ਤੇ ਤਮਾਕੂ ਨੇ ਵੀ ਆਪਣੀ ਪਛਾਣ ਕਰਵਾ ਦਿੱਤੀ। ਮੈਂ ਠਿੱਠ ਹੋ ਕੇ ਲਾਲ ਹੋ ਗਈ। ਚਿੱਤ ਕੀਤਾ ਉੱਥੋਂ ਨਿੱਕਲ਼ ਜਾਵਾਂ। *ਜੀ, ਤੁਹਾਨੂੰ ਗਲਤ ਫਹਿਮੀ ਏ। ਅੱਛਾ ਮੈਂ ਸਬਾਤ 'ਚ ਜਾਂਦੀ ਆਂ...ਸਾਫ਼ ਹੋ ਗਿਆ...*। ਇੱਕ ਪਲ ਲਈ ਮੇਰੀਆਂ ਅੱਖਾਂ ਉਸਦੀਆਂ ਅੱਖਾਂ ਨਾਲ਼ ਭਿੜੀਆਂ। ਉਸਨੇ ਲਾਲ ਪੱਗ ਬੰਨ੍ਹੀ ਸੀ। ਉਸਦੀਆਂ ਮੁੱਛਾਂ ਤਾਂਹ ਨੂੰ ਚੜ੍ਹਾਈਆਂ ਹੋਈਆਂ ਸਨ, ਵੇਖਣ ਨੂੰ ਸਾਨ੍ਹ ਦੇ ਸਿੰਗਾਂ ਵਰਗੀਆਂ ਲਗਦੀਆਂ ਸਨ। ਲੱਗੇ ਜਿੰਝ ਮੇਰੇ ਵੱਲ ਬਰਛੇ ਕੀਤੇ ਸਨ, ਹਮਲੇ ਦੀ ਤਿਆਰੀ'ਚ। ਸੋਫੇ ਦੇ ਇੱਕ ਪਾਸੇ ਨਿੱਕਾ ਮੇਜ਼ ਸੀ ਜਿਸ ਉੱਤੇ ਨਿੱਕਾ ਪਿਆਲਾ ਰੱਖਿਆ ਸੀ। ਇਹ ਮਿਰਚਾਂ ਨਾਲ਼ ਭਰਿਆ ਸੀ। *ਏਥੇ ਤਾਂ ਕੰਮ ਮੁਕਾ...*।

*ਜੀ?*

*ਜੀ ਜੀ ਕਿਉਂ ਕਰਦੀ ਐਂ? ਘਰ ਕੋਈ ਹੋਰ ਨ੍ਹੀਂ ਐ! ਇੱਧਰ ਆ, ਸੰਗ ਨਾ...ਮੈਂ ਤੇਰੇ ਬਾਰੇ ਸਭ ਕੁੱਛ ਜਾਣਦਾਂ...ਆ ਮੈਨੂੰ ਵੀ ਗੁੜ ਦਾ ਸੁਆਦ ਕਰਵਾ ਦੇ!* ਇੱਕ ਦਮ ਉੱਠ ਖੜ੍ਹਿਆ। ਮੈਂ ਘਬਰਾਈ, ਮਿਰਚਾਂ ਭੁੰਜੇ ਡਿੱਗ ਗਈਆਂ। ਮੈਂ ਨ੍ਹੱਸ ਪਈ, ਉਹ ਮੇਰੇ ਮਗਰ। ਪਰ ਮੈਂ ਤਾਂ ਉਸ ਵਾਂਗ ਤਕੜੀ ਨਹੀਂ ਸੀ। ਉਸਨੇ ਮੈਨੂੰ ਫੜ ਕੇ ਸਬਾਤ 'ਚ ਹੀ ਘੜੀਸ ਲਿਆ। ਮੇਰੀ ਆਵਾਜ਼ ਬੈਠ ਗਈ। ਖਿੱਚ ਧੂਹ 'ਚ ਸਬਾਤ ਦੇ ਭਾਂਡੇ ਖੜਕੇ, ਆਟਾ ਡੁੱਲ੍ਹਿਆ, ਫਰਸ਼ ਗੰਦਾ ਹੋ ਗਿਆ। ਬਾਅਦ 'ਚ ਉਸਨੇ ਗਾਲ਼ ਕੱਢਕੇ ਛੱਡਿਆ, *ਹੁਣ ਸਾਬਲ ਸਾਫ਼ ਕਰ ਬਲ਼ਾ!* ਮੈਂ ਕਾਫ਼ੀ ਦੇਰ ਲਈ ਉੱਥੇ ਬੈਠੀ ਸਿਸਕੀਆਂ ਭਰਦੀ ਰਹੀ। ਚੁੱਕੇ ਹੋਏ ਕਦਮ ਕਿੱਥੇ ਲੈ

ਗਏ! ਮਾਲਕ ਆਰਾਮ ਨਾਲ਼ ਆਵਦੇ ਸੋਫੇ ਤੇ ਬਹਿ ਕੇ ਮਿਰਚਾਂ ਚੱਬ ਰਿਹਾ ਸੀ। ਮੈਂ ਹੌਲ਼ੀ ਹੌਲ਼ੀ ਉੱਠੀ। ਪਰ ਸਬਾਤ ਜਿਵੇਂ ਸੀ ਉਸੀ ਤਰਾਂ ਰਹਿਣ ਦਿੱਤਾ। ਹੱਦ ਤੋਂ ਬਾਹਰ ਹੋਣ ਨਾਲ਼ ਬਹੁਤ ਕੁੱਝ ਬਦਲ ਜਾਂਦਾ ਹੈ। ਮੇਰਾ ਹੱਥ ਜੀ ਭਿਆਣੇ ਨਾਲ਼ ਪਾਸੇ ਪਈ ਕਰਦ ਨੂੰ ਨੋਚ ਗਿਆ। ਡੁਸਕ ਡੁਸਕ ਕੇ ਰੋਈ, ਨਾਲ਼ੇ ਨਾਲ਼ ਸਾਬਲ 'ਚੋਂ ਬਾਹਰ ਤੁਰੀ ਭੁਗਤਾਨ ਨੂੰ ਅਪੜਾਉਣ। ਉਹ ਬੈਠਾ ਸੀ ਹੁਣ ਫਿਰ ਅਖ਼ਬਾਰ ਦੇ ਓਲ੍ਹੇ, ਜਿੰਞ ਕੁੱਝ ਹੋਇਆ ਹੀ ਨਹੀਂ ਸੀ। ਮੇਰੀ ਕਰਦ ਧਰਤੀ ਵੱਲ ਵਧੀ, ਮੈਂ ਇੱਕ ਦਮ ਉਸ ਵੱਲ ਨੂੱਸੀ। ਉਸਨੂੰ ਪਤਾ ਵੀ ਨਹੀਂ ਲੱਗਿਆ ਕਦ ਬਲੇਡ ਨੇ ਉਸਦੇ ਪੇਟ 'ਚ ਜ਼ਖਮ ਕੀਤਾ। ਮੈਨੂੰ ਨਹੀਂ ਪਤਾ ਕਿੰਨੀ ਵਾਰੀ ਮੇਰਾ ਹੱਥ ਉੱਪਰ ਹੇਠਾਂ ਗਿਆ। ਜਦ ਮੈਨੂੰ ਹੋਸ਼ ਆਈ ਮੈਂ ਚਾਕੂ ਛੱਡ ਦਿੱਤਾ ਤੇ ਡਰਦੀ ਬਾਹਰ ਦੌੜ ਗਈ। ਮੈਂ ਘਰ ਵਾਪਸ ਨਹੀਂ ਗਈ। ਐਤਕੀਂ ਕੋਈ ਰਾਜਪਾਲ ਨਹੀਂ ਸੀਗਾ ਮੇਰੀ ਮਦਦ ਕਰਨ ਲਈ। ਮਰੀ ਲਾਸ਼ ਵਾਂਗ ਸੜਕਾਂ ਤੇ ਤੁਰੀ ਫਿਰਦੀ ਰਹੀ। ਕੱਪੜੇ ਰੱਤ ਨਾਲ਼ ਲਿਬੜੇ ਸਨ।ਪੁਲ਼ਸ ਦੇ ਸਾਇਰਨ ਆਸ ਪਾਸ ਚੀਕ ਰਹੇ ਸਨ। ਬਿਨਾ ਪਤਾ ਮੈਂ ਸੰਘੇੜੇ ਦੇ ਘਰ ਪਹੁੰਚ ਗਈ ਸੀ। ਸੁਰੱਈਆ ਨੇ ਦਰਵਾਜ਼ਾ ਖੋਲ੍ਹਿਆ। ਮੈਨੂੰ ਵੇਖ ਕੇ ਹੈਰਾਨ ਹੋ ਗਈ ਸੀ। ਪਿੱਛੋਂ ਸੰਘੇੜੇ ਦੀ ਅਵਾਜ਼ ਆਈ, *ਕੌਣ ਹੈ?* ਜਦ ਸੁਰੱਈਆ ਨੇ ਜਵਾਬ ਮੁਯੱਸਰ ਨਹੀਂ ਕੀਤਾ, ਉਹ ਵੀ ਦਰ ਖੋਲ਼੍ਹ ਕੇ ਆ ਗਿਆ ਸੀ। ਮੇਰੇ ਪਿੱਛੇ ਚਪੜਾਸੀ ਹੱਥ ਜੋੜ ਕੇ ਮਾਫ਼ੀ ਮੰਗੇ, *ਸਰਦਾਰ ਜੀ, ਇਸ ਨੇ ਖਹਿੜਾ ਕੀਤਾ ਤੁਹਾਨੂੰ ਮਿਲਣ ਲਈ। ਇਸ ਦਾ ਹਾਲ ਵੇਖ ਕੇ ਮੈਂ...*

*ਬੱਸ। ਸਮਝ ਗਿਆ,* ਸੰਘੇੜੇ ਨੇ ਕਿਹਾ, *ਸੁਰੱਈਆ ਇਸ ਨੂੰ ਅੰਦਰ ਆ ਲੈਣ ਦੇ।* ਸੁਰੱਈਆ ਨੇ ਮੈਨੂੰ ਇੱਕ ਨਿੱਕੇ ਕਮਰੇ ਅੰਦਰ ਵਾੜ ਕੇ, ਮੇਰੇ ਪਿੱਛੇ ਬੂਹਾ ਬੰਦ ਕਰਕੇ ਉਹ ਘੁਸਰ ਮੁਸਰ ਕਰਨ ਲੱਗ ਪਏ। ਮੈਂ ਆਲ਼ੇ ਦੁਆਲ਼ੇ ਝਾਕੀ। ਇੱਕ ਕੰਧ ਤੇ ਸਾਰੇ ਟੱਬਰ ਦੀ ਤਸਵੀਰ ਸੀ। ਬਾਲ ਸੁਰੱਈਆ ਦੇ ਹੱਥਾਂ 'ਚ ਫੜਿਆ ਸੀ, ਨਾਲ਼ ਦੂਜੇ ਦੋ ਬੱਚੇ ਖੜ੍ਹੇ ਸਨ। ਹਿੰਦੁਸਤਾਨ ਦਾ ਨੰਬਰ ਵੰਨ ਐਕਟਰ ਸੰਜੇ ਸੰਘੇੜਾ ਉਨ੍ਹਾਂ ਦੇ ਪਿੱਛੇ ਸੀ ਕਾਇਮ ਚਮਤਕਾਰ ਦੇਵ ਸਮਾਨ। ਦੂਜੀਆਂ ਕੰਧਾਂ ਤੇ ਉਸ ਦੇਵ ਦੀਆਂ ਸਭ ਤੋਂ ਮਸ਼ਹੂਰ ਫਿਲਮਾਂ ਦੇ ਇਸ਼ਤਿਹਾਰ ਸਨ। ਕਮਰੇ ਦੇ ਮੱਧ 'ਚ ਇੱਕ ਮੇਜ ਸੀ ਜਿਸ ਤੇ ਫਿਲਮੀ ਇਨਾਮਾਂ ਦੇ ਮੁਜੱਸਮੇ ਸਨ। ਮੇਰੀਆਂ ਅੱਖਾਂ ਉਸ ਤਸਵੀਰ ਵੱਲ ਵਾਪਸ ਗਈਆਂ ਜਿਸ 'ਚ ਸੁਰੱਈਆ ਨਿਆਣੇ ਨੂੰ ਕਲ਼ਾਵੇ ਵਿੱਚ ਲਈ ਖੜ੍ਹੀ ਸੀ। ਬਾਹਰੋਂ ਅਵਾਜ਼ਾਂ ਜਿਆਦਾ ਸਖ਼ਤ ਹੋ ਗਈਆਂ ਸਨ। ਮੈਂ ਡਰਦੀ ਇੱਕ ਪਾਸੇ ਹੋ ਗਈ।ਜਾਣੀ ਮੈਂ ਇੱਥੇ ਕਿਉਂ ਆਈ? ਹੋਰ ਕਿਤੇ ਨੀ ਸੀ ਜਾ ਸਕਦੀ? ਕਿਉਂ? ਉਸਦਾ ਟੱਬਰ, ਉਸਦੀ ਘਰ ਵਾਲ਼ੀ ਸਭ ਇੱਥੇ ਨੇ। ਮੈਂ ਕੀ ਸੋਚ ਰਹੀ ਸੀ? ਬਿਨਾ ਸੋਚਣ ਤੋਂ ਇੱਧਰ ਆ ਪੁੱਜੀ? ਮੈਂ ਆਵਦੇ ਬੇਨੂਰ ਬੂਥੇ ਵੱਲ ਇੱਕ ਦਰਪਣ 'ਚ ਟਿਕ ਟਿਕੀ ਲਾ ਕੇ ਵੇਖਿਆ। ਕੀ ਕਰ ਰਹੀ ਸੀ ਮੈਂ?



ਦਰਵਾਜ਼ੇ ਨੇ ਮੂੰਹ ਅੱਡਿਆ ਤੇ ਸੰਘੇੜਾ ਅੰਦਰ ਆ ਕੇ ਬੋਲਿਆ, *ਆ ਗੁੱਡੀ...ਗੁੱਡੀ ਹੀ ਨਾਂ ਹੈ ਨਾ ਤੇਰਾ?* ਮੈਂ ਜੱਗਰੀ ਵਾਂਗ ਉਸ ਵੱਲ ਝਾਕਦੀ ਨੇ ਸਿਰ ਉਚਾ-ਨੀਵਾਂ ਕੀਤਾ। ਉਸ ਨੇ ਹੱਥ ਨਾਲ਼ ਸੁਰੱਈਆ ਵੱਲ ਇਸ਼ਾਰਾ ਕੀਤਾ। *ਮਾਲਕਣ ਦੇਖਦੀ ਏਂ, ਅੱਛਾ?* ਸੁਰੱਈਆ ਨੇ ਮੇਰਾ ਹੱਥ ਫੜ ਲਿਆ ਤੇ ਮੈਨੂੰ ਪਰ੍ਹਾਂ ਲੈ ਗਈ। ਉਸ ਨੇ ਕਈ ਸਵਾਲ ਪੁੱਛੇ ਅਤੇ ਮੈਨੂੰ ਇੱਕ ਕਮਰਾ ਦੇ ਦਿੱਤਾ, ਜਿਸ ਵਿੱਚ ਮੈਨੂੰ ਨਹਾਉਣ ਦਾ ਮੌਕਾ ਮਿਲਿਆ। ਮੈਂ ਅੱਧਾ ਸੱਚ ਉਸਨੂੰ ਦੱਸ ਦਿੱਤਾ ਸੀ। ਸਾਫ਼ ਕਿਹਾ ਪੁਲ਼ਸ ਨੂੰ ਇਸ ਮਾਮਲੇ 'ਚ ਨਾ ਬੁਲਾਉਣਾ। ਉਹ ਮੰਨ ਗਈ। ਫਿਰ ਮੈਂ ਉਸ ਕਮਰੇ 'ਚ ਪਏ ਮੰਜੇ ਤੇ ਪੈ ਗਈ, ਨੀਂਦ ਆ ਗਈ। ਜਦ ਉੱਠੀ, ਮੈਂ ਡਰ ਗਈ। ਕਮਰੇ ਦੀ ਬੱਤੀ ਬੰਦ ਸੀ, ਪਰ ਮੇਰੇ ਕੋਲ਼ ਕੁਰਸੀ ਤੇ ਸੰਘੇੜਾ ਬੈਠਾ ਸੀ। ਹਨੇਰੇ ਵਿੱਚ ਉਸ ਦਿਨ ਵਾਂਗ ਲੱਗਿਆ ਜਦ ਪਹਿਲੀ ਵਾਰ ਮੇਰੇ ਕਮਰੇ 'ਚ ਕੋਠੀ ਆਇਆ ਸੀ। ਦੱਬਵੀਂ ਆਵਾਜ਼ 'ਚ ਉਸਨੇ ਕਿਹਾ, *ਹੁਣ ਕੀ ਕਰਾਂਗੇ ਤੇਰੇ ਨਾਲ਼? ਇੱਥੇ ਤਾਂ ਬਹੁਤੀ ਦੇਰ ਲਈ ਰਹਿ ਨਹੀਂ ਸਕਦੀ। ਕੁੱਝ ਤਾਂ ਕਰਨਾ ਪਵੇਗਾ...ਦੇਖ ਜੋ ਫੈਸਲਾ ਮੈਂ ਲਵਾਂਗਾ, ਤੇਰੇ ਫਾਇਦੇ ਲਈ ਹੈ...ਹਾਂ ਤੇ ਮੇਰੇ ਲਈ ਵੀ... ਸੁਰੱਈਆ ਨੂੰ ਕਦੀ ਨਹੀਂ ਪਤਾ ਲੱਗਣ ਦੇਣਾ...*

*ਹਾਂ ਜੀ, ਮੈਂ ਸਮਝਦੀ ਆਂ। ਪਰ ਅੱਜ ਇਸ ਹਾਲ 'ਚ, ਮੈਨੂੰ...*

*ਤੂੰ ਫਿਕਰ ਨਾ ਕਰ। ਦੇਖ ਸਿਰਫ ਹੁਣ ਲਈ ਮੇਰੇ ਖਿਆਲ 'ਚ ਤੈਨੂੰ ਬਾਈ ਕੋਲ਼ ਜਾਣਾ ਚਾਹੀਦੈ... ਸੁਰੱਈਆ ਨੂੰ ਕਹਿ ਦੂੰਗਾ ਕਿ ਅੱਧੀ ਰਾਤ ਨੂੰ ਨੱਠ ਗਈ... ਅਜ਼ੀਮ ਤਿਆਗੀ ਹੁਣ ਉਸ ਥਾਂ ਦਾ ਮਾਲਿਕ ਹੈ। ਡਰ ਨਾ। ਦਾਦੇ ਵਰਗਾ ਨਹੀਂ ਹੈ...ਨਾ ਹੀ ਦੇਵ ਵਰਗਾ...ਵੀ ਵਿੱਲ ਲੁਕ ਆਫਟਰ ਯੂ। ਕਸਮ।* ਪਰ ਮੈਂ ਤਾਂ ਤਿਆਗੀ ਦਾ ਨਾਂ ਸੁਣ ਕੇ ਡਰ ਗਈ। ਦੂਜੇ ਪਾਸੇ ਬਾਈ ਵਿੱਚ ਇਤਬਾਰ ਸੀ। ਹੁਣ ਤਾਂ ਚਿਰਾਗ ਬੁਝ ਗਿਆ ਸੀ।

*ਇੱਕ ਗੱਲ ਏ ਸੰਘੇੜਾ ਸਾਹਿਬ...ਮੈਂ ਹੁਣ ਮੰਗਲਾ ਮੁਖੀ ਨਹੀਂ ਰਹਿਣਾ...।*

*ਠੀਕ ਐ। ਪਰ ਬਾਈ ਕੋਲ਼ੇ ਪਹਿਲਾਂ ਤੈਨੂੰ ਛੱਡੀਏ। ਮੈਂ ਤਿਆਗੀ ਨਾਲ਼ ਗੱਲ-ਬਾਤ ਕਰੂੰਗਾ। ਦੇਵ ਬਾਰੇ ਕੀ ਜਾਣਦੀ ਏਂ?*

*ਬਹੁਤਾ ਕੁੱਝ ਨਹੀਂ। ਸੁਣਿਐ ਵਿਲਾਇਤ ਚਲਿਆ ਗਿਆ।*

*ਹੂੰ, ਅੱਛਾ ਚੱਲੀਏ?* ਉਸ ਹੀ ਵਕਤ ਮੈਨੂੰ ਬਾਈ ਵੱਲ ਵਾਪਸ ਲੈ ਕੇ ਤੁਰ ਪਿਆ। ਪਰ ਇਹ ਉਹ ਥਾਂ ਨਹੀਂ ਸੀ। ਇੱਕ ਹੋਰ ਅੱਡਾ ਸੀ, ਰਕਾਨ ਰੰਡੀਆਂ ਨਾਲ਼ ਵੱਸਿਆ ਹੋਇਆ। ਇੱਥੇ ਰੱਜ ਕੇ ਰੋ ਰੋ ਕੇ ਬਾਈ ਨਾਲ਼ ਕਾਫ਼ੀ ਗੱਲਾਂ ਕੀਤੀਆਂ। ਉਸਨੇ ਮੈਨੂੰ ਦੱਸਿਆ ਕਿ ਤਿਆਗੀ ਹੋਰ ਕਿਸਮ ਦਾ ਮਰਦ ਸੀ ਅਤੇ ਸੰਘੇੜੇ ਨੇ ਉਸਨੂੰ ਹਿਦਾਇਤ ਦਿੱਤੀ ਸੀ ਕਿੰਞ ਮੈਨੂੰ ਤਿਆਗੀ ਦੇ ਸਾਹਮਣੇ ਪੇਸ਼ ਕਰਨੈ। ਬਾਈ ਨੇ ਕਿਹਾ ਕਿ ਸੰਘੇੜੇ ਨੇ ਦੱਸਿਆ ਸੀ ਕਿ ਮੈਂ ਉਸ ਬਲਾਤਕਾਰੀ ਨੂੰ

ਮਾਰ ਦਿੱਤੈ ਅਤੇ ਮੇਰਾ ਦਿਲ ਜਰੂਰ ਕਰੜਾ ਸੀ। ਇਹ ਵੀ ਮੈਨੂੰ ਦੱਸਿਆ ਗਿਆ ਕਤਲ ਕਰਕੇ ਮੈਨੂੰ ਸ਼ਾਇਦ ਰਣਜੀਤਪੁਰ ਨੂੰ ਵੀ ਛੱਡਣਾ ਪਵੇਗਾ। ਮੇਰੇ ਬਚਾਅ ਲਈ ਸਭ ਕੁੱਝ ਕਰ ਸਕਦੇ ਨੇ। ਪਰ ਮੈਨੂੰ ਤਾਂ ਡਰ ਸੀ ਕਿ ਤਿਆਗੀ ਵੀ ਗੁੰਡਾ ਹੀ ਸੀ। ਬਾਈ ਨੇ ਇੱਕ ਔਰਤ ਨੂੰ ਸੱਦਿਆ। ਜਦ ਉਸਨੇ ਆਵਦਾ ਕੰਮ ਮੁਕਾਇਆ, ਮੈਂ ਸ਼ੀਸ਼ੇ ਵਿੱਚ ਆਪਣੇ ਆਪ ਵੱਲ ਦੇਖਿਆ। ਜਦ ਉਹ ਮੇਰਾ ਭੇਸ ਬਦਲ ਰਹੀ ਸੀ ਮੇਰੇ ਮਨ 'ਚ ਇੱਕੋ ਹੀ ਸੋਚ ਦੌੜ ਰਹੀ ਸੀ, *ਉਸ ਆਦਮੀ ਨੂੰ ਮੈਂ ਮਾਰ ਦਿੱਤਾ! ਹੁਣ ਕੀ ਹੋਵੇਗਾ? ਪਰ ਉਸ ਤਰਾਂ ਦੇ ਬੰਦੇ ਨਾਲ਼ ਇਸ ਤਰਾਂ ਹੀ ਹੋਣਾ ਚਾਹੀਦਾ ਸੀ, ਹੈ ਨਾ?* ਇਹ ਸੋਚਾਂ ਉੱਡ ਗਈਆਂ ਜਦ ਮੈਂ ਆਵਦਾ ਨਵਾਂ ਰੂਪ ਵੇਖਿਆ! ਥੋੜ੍ਹੇ ਚਿਰ ਲਈ ਮਨ ਨੂੰ ਹੋਰ ਪਾਸੇ ਤੋਰਨ ਲਈ ਇਹ ਨਵੀਂ ਗੱਲ ਸੀ। ਮੇਰੀ ਨਵੀਂ ਸੂਰਤ! ਉਸਨੇ ਚਿਹਰਾ ਮੁਹਰਾ ਬਦਲ ਦਿੱਤਾ! ਮੇਰੇ ਸਾਹਮਣੇ ਤਾਂ ਚੰਦਰਬੰਸੀ ਅਜਨਬੀ ਖਲੋਤੀ ਸੀ! ਉਸਨੇ ਮੇਰੇ ਵਾਲ਼ ਕੱਟ ਦਿੱਤੇ ਸੀ। ਹੁਣ ਜੁਲਫਾਂ ਮੋਢਿਆਂ ਤੱਕ ਹੀ ਲਮਕਦੀਆਂ ਸਨ। ਲਾਲ ਲਾਲ ਸੁਰਖ਼ੀ ਨਾਲ਼ ਲਬ ਰੰਗੇ ਹੋਏ ਅਤੇ ਅੱਖਾਂ 'ਚ ਸੁਰਮਾ ਲਾਇਆ ਹੋਇਆ, ਗੱਲ੍ਹਾਂ ਤੇ ਪਾਊਡਰ ਵੀ ਲਾਇਆ ਸੀ।

ਅੰਗ੍ਰੇਜ਼ੀ ਵੇਸ-ਭੂਸਾ ਦਾ ਲਹਿੰਗਾ ਪਾਇਆ ਸੀ (ਉਹ ਵੀ ਲਾਲ) ਅਤੇ ਚਿੱਟੀ ਝੱਗੀ ਪਾਈ ਸੀ। ਕੱਪੜੇ ਪਿੰਡੇ ਨੂੰ ਚਿੰਬੜੇ ਹੋਏ ਸਨ। ਪੱਕੀ ਪੱਛਮ-ਪੱਖੀ ਜਾਪਦੀ ਸੀ।

*ਅੱਛਾ। ਆਰਾਮ ਕਰ, ਤੇ ਉਸ ਆਦਮੀ ਬਾਰੇ ਨਾ ਸੋਚੀਂ। ਜੋ ਹੋ ਗਿਆ ਸੋ ਹੋ ਗਿਆ। ਪੁਲ਼ਸ ਨੇ ਕੁੱਝ ਨਹੀਂ ਕਰਨਾ। ਤਿਆਗੀ ਸਾਹਿਬ ਦੇ ਹੱਥਾਂ 'ਚ ਐਂ ਹੁਣ ਤੂੰ। ਬੇਫਿਕਰ ਰਹਿ, ਅੱਛਾ?* ਬਾਈ ਨੇ ਕਿਹਾ। ਮੈਂ ਫਿਰ ਆਵਦੇ ਵੱਲ ਝਾਕਿਆ। ਮੈਂ ਆਪਣੇ ਆਪਨੂੰ ਨਹੀਂ ਪਛਾਣਿਆ।*ਤੜਕੇ ਇੰਨ੍ਹਾਂ ਕੱਪੜਿਆਂ ਨੂੰ ਪਾ ਕੇ ਤਿਆਰ ਰਹੀਂ। ਦਾਦੇ ਵਾਂਗ ਝੌਂਪੜੀ 'ਚ ਨਹੀਂ ਰਹਿੰਦਾ ਤਿਆਗੀ। ਤਿਆਗੀ ਜੀ ਤਾਂ ਰਣਜੀਤਪੁਰ ਦੇ ਸਭ ਤੋਂ ਵੱਡੇ ਹੋਟੈੱਲ 'ਚ ਰਹਿੰਦੇ ਨੇ।* ਜਦ ਸਵੇਰੇ ਜਾਗੀ, ਮੈਂ ਉਸ ਬਲਾਤਕਾਰੀ ਨੂੰ ਡੋਬ ਚੁੱਕੀ ਸੀ। ਮੈਂ ਨਿਰਦੋਸ਼ ਸੀ, ਉਸਨੇ ਪਾਪ ਕੀਤਾ ਸੀ। ਮੈਂ ਤਾਂ ਦੁਰਗਾ ਵਾਂਗ ਅਸਲੀ ਕਸੂਰਵਾਰ ਨੂੰ ਸਜ਼ਾ ਦਿੱਤੀ ਸੀ। ਹੁਣ ਜਿਹੜੇ ਲੋਕਾਂ ਨੂੰ ਸਮਾਜ 'ਚ ਪਾਪੀ ਸਮਝਿਆ ਜਾਂਦਾ ਹੈ ਤੇ ਜਿਹੜੇ ਲੋਕਾਂ ਨੇ ਮੈਨੂੰ ਇਹ ਚੀਜ਼ ਬਣਾਇਆ ਸੀ, ਉਹੀ ਮੇਰੀ ਮਦਦ ਕਰ ਰਹੇ ਸਨ, ਹੋਰ ਕੋਈ ਨਹੀਂ। ਇਸ ਲਈ ਮੈਂ ਉਸ ਬੰਦੇ ਨੂੰ ਆਵਦੇ ਮਨ 'ਚੋਂ ਪਰ੍ਹਾਂ ਕਰ ਦਿੱਤਾ। ਕਿਹੜਾ ਆਦਮੀ ਇਸ ਮੁਲਕ ਵਿੱਚ ਸੱਚਾ ਫਰਿਸ਼ਤਾ ਹੈ? ਬਾਈ ਮੈਨੂੰ ਇੱਕ ਗੱਡੀ ਵੱਲ ਲੈ ਕੇ ਗਈ। ਮੈਂ ਉਹੀ ਨਵੇਂ ਕੱਪੜੇ ਪਾਏ ਹੋਏ ਸਨ। ਗੱਡੀ 'ਚ ਅਸੀਂ ਦੋਨੋਂ ਹੀ ਸਾਂ, ਰਥਵਾਨ ਤੋਂ ਛੁੱਟ। ਹੋਟਲ ਕਾਫੀ ਉੱਚਾ ਸੀ, ਜਿੰਞ ਅਸਮਾਨ ਦੀ ਛੱਤ ਤੱਕ ਜਾਂਦਾ ਹੋਵੇ। ਮੈਨੂੰ ਅੰਦਰ ਛੱਡ ਕੇ ਬਾਈ ਤੁਰ ਪਈ। ਮੈਨੂੰ ਇੱਕ ਆਦਮੀ ਲਿਫਟ ਰਾਹੀਂ ਉੱਪਰ ਲੈ ਕੇ



ਗਿਆ। ਜਦ ਲਿਫਟ ਖੁੱਲ੍ਹੀ, ਮੇਰੇ ਸਾਹਮਣੇ ਵੱਡਾ ਸਾਰਾ ਕਮਰਾ ਸੀ। ਬਹੁਤ ਘੱਟ ਸਾਜ਼ ਸਮਾਨ ਸੀ, ਉਸ ਵਿੱਚ। ਚਾਰ ਚੁਫੇਰੇ ਬਾਰੀਆਂ ਸਨ ਕੱਚ ਦੀਆਂ। ਫਰਸ਼ ਨੰਗਾ ਸੀ, ਉਸਦਾ ਮਰਮਰ ਲਿਸ਼ਕਦਾ ਸੀ। ਤਿੰਨ ਚਿੱਟੇ ਸੋਫੇ ਸਨ, ਚੌਸਰ ਰੂਪ ਵਾਲ਼ੇ। ਇੱਕ ਤੇ ਸੰਘੇੜਾ ਬੈਠਾ ਸੀ। ਉਸਦੇ ਨਾਲ਼ ਸੀ ਲਿਸ਼ਕਦੀ ਘੱਗਰੀ 'ਚ ਜੁਆਨ ਤੀਵੀਂ। ਦੂਜੇ ਪਾਸੇ ਇੱਕ ਸ਼ਿਸ਼ਟ ਜਿਹਾ ਬੰਦਾ ਬੈਠਾ ਸੀ। ਉਸਦੇ ਪਿੱਛੇ ਲੰਗੂਰ ਵਰਗਾ ਬੰਦਾ ਖੜ੍ਹਾ ਸੀ, ਉਸਦੀ ਰਾਖੀ ਕਰਦਾ। ਇਹ ਬੰਦਾ ਲੰਬਾ ਸੀ, ਸੰਘੇੜੇ ਤੋਂ ਵੀ ਪਤਲਾ। ਵਾਲ਼ ਕਾਲ਼ੇ ਸਨ, ਮੁਖੜਾ ਗੋਰਾ, ਨੈਣ ਨਕਸ਼ ਸੁੰਦਰ। ਉਸ ਦੀਆਂ ਅੱਖਾਂ ਨਕਾਬੀ ਐਨਕਾਂ ਦੇ ਓਹਲੇ ਸਨ, ਇਸ ਕਰਕੇ ਉਸਦਾ ਸੁਭਾਅ ਜਾਂ ਸੱਚੀ ਸ਼ਖ਼ਸੀਅਤ ਨਹੀਂ ਸੀ ਪੜ੍ਹ ਹੁੰਦੀ। ਮਹਿੰਗੇ ਕੱਪੜੇ ਪਾਏ ਹੋਏ ਸਨ। ਪੱਛਮੀ ਫਤੂਹੀ ਪਾਈ ਸੀ, ਪੀਲੇ ਰੰਗ ਦੀ, ਕਮੀਜ਼ ਨੀਲੀ ਸੀ, ਅਸਮਾਨੀ ਰੰਗ ਦੀ ਟਾਈ ਬੰਨ੍ਹੀ ਸੀ। ਕੋਟ ਛਾਕੀਟਾ ਸ਼ੈਲੀ ਦਾ ਸੀ, ਯਾਨੀ ਬਰਤਾਨਵੀਂ ਬਲੇਜ਼ਰ, ਜਿਸ ਨਾਲ਼ ਮਿਲਦੀ ਪਤਲੂਨ ਪਾਈ ਸੀ। ਇਹ ਸੂਟ ਲਾਲ ਰੰਗ ਦਾ ਸੀ, ਮੁਲਾਇਮ ਵਾਲ਼ਾਂ ਦਾ ਬਣਾਇਆ। ਖੱਲਾਂ ਫਤੂਹੀ ਵਾਂਗ ਪੀਲੇ ਰੰਗ ਦੇ ਸਨ। ਮੂੰਹ ਦੇ ਖੱਬੇ ਪਾਸੇ ਜ਼ਰਾ ਅੱਖ ਦੇ ਹੇਠ ਦਾਗ ਸੀ, ਪਤਲਾ, ਜਿੰਞ ਝਨਾਂ ਹਿਠਾੜ ਜਾ ਰਿਹਾ ਹੋਵੇ ਉਸ ਦੇ ਬੁੱਲ੍ਹਾਂ ਵੱਲ। ਇਹ ਬੰਦਾ ਸੀ ਅਜ਼ੀਜ਼ ਤਿਆਗੀ।

*ਆ ਜਾ! ਆ ਜਾ, ਡਰ ਨਾ ਕੁੜੇ! ਸੰਜੇ ਨੇ ਤੇਰੇ ਬਾਰੇ ਬਹੁਤ ਕੁੱਝ ਦੱਸਿਆ ਏ! ਡਰ ਨਾ!* ਉੱਠ ਕੇ ਮੇਰੇ ਵੱਲ ਆਇਆ।(ਸੰਘੇੜੇ ਤੋਂ ਵੀ ਜਿਆਦਾ ਲੰਬਾ ਸੀ)।ਉਸਨੇ ਕਲ਼ਾਵੇ 'ਚ ਲੈ ਕੇ ਇਸ਼ਾਰਾ ਕੀਤਾ ਨੇੜਲੇ ਸੋਫੇ ਤੇ ਬਹਿਣ ਲਈ। ਮੈਂ ਬਹਿ ਗਈ। ਉਸਨੇ ਬਾਰ ਵੱਲ ਜਾ ਕੇ ਇੱਕ ਗਲਾਸੀ ਵਿਚ ਡ੍ਰਿੰਕ ਭਰਿਆ। ਫਿਰ ਮੈਨੂੰ ਫੜਾ ਦਿੱਤਾ। ਮੈਂ ਉਸ ਵੇਲੇ ਇੰਨੀ ਬੇਚੈਨ ਸੀ ਮੈਂ ਇੱਕ ਦਮ ਸਾਰੀ ਨੀਲੀ ਘੁੱਟ ਪੀ ਲਈ, ਸੋਚਿਆ ਵੀ ਨਹੀਂ ਕਿ ਮੈਂ ਸ਼ਰਾਬ ਪੀਂਦੀ ਸੀ ਜਾਂ ਨਹੀਂ। ਇੱਕ ਦਮ ਖੰਘਣ ਲਗ ਪਈ। ਸਾਰੇ ਹੱਸੇ।*ਰਿਲੈਕਸ ਬੇਬੀ! ਚਿੱਲ ਆਉਟ! ਦੇਖ ਜੋ ਤੂੰ ਉਸ ਆਦਮੀ ਨੂੰ ਕੀਤਾ, ਉਹ ਉਸਦੇ ਲਾਇਕ ਹੀ ਸੀ। ਸੋ ਫਿਕਰ ਨਾ ਕਰ। ਮੈਂ ਸਭ ਠੀਕ ਕਰਵਾ ਦੇਣਾ ਐ। ਅੱਛਾ ਸੰਜੇ ਨੇ ਸਾਫ਼ ਦੱਸ ਦਿੱਤਾ ਜੋ ਤੂੰ ਦਾਦੇ ਲਈ ਕਰਦੀ ਸੀ, ਹੁਣ ਨਹੀਂ ਕਰਨਾ। ਕਦੇ ਨਹੀਂ ਕਰਨਾ। ਠੀਕ ਇਹ ਵੀ ਹੋ ਸਕਦਾ ਹੈ। ਪਰ ਇਸ ਸ਼ਹਿਰ 'ਚ ਨਹੀਂ। ਕੁੱਝ ਦਿਨ ਇਸ ਹੋਟਲ 'ਚ ਠਹਿਰ, ਫਿਰ ਮੰਬਈ ਜਾਂ ਦਿੱਲੀ ਲੈ ਜਾਵਾਂਗੇ। ਹੋ ਸਕਦੈ ਮੁਲਕ 'ਚੋਂ ਬਾਹਰ ਵੀ। ਨੋ ਫਿਕਰ ਯੇ? ਗੁੱਡ!* ਉਸ ਦਿਨ ਤੋਂ ਬਾਅਦ ਹਰ ਇੱਕ ਦਿਨ ਹੋਟੈੱਲ 'ਚ ਬੀਤਿਆ। ਜਦ ਮੈਂ ਤਿਆਗੀ ਦੇ ਮਹਿਮਾਨ ਦੀ ਮਹਿਮਾਨਦਾਰੀ ਨਹੀਂ ਕਰਦੀ ਸੀ ਇਸ ਹੀ ਕਮਰੇ 'ਚ ਮੈਂ ਆਵਦੇ ਰੂਮ 'ਚ ਟੀਵੀ ਦੇਖਦੀ ਸੀ, ਜਾਂ ਤਲਾਅ 'ਚ ਤਰਦੀ ਸੀ ਜਾਂ ਹੇਠਾ ਬਾਰ 'ਚ ਪੀਂਦੀ ਸੀ। ਕੁੱਝ ਦਿਨਾਂ ਬਾਅਦ ਮੈਨੂੰ ਕਸੀਨੋ ਦੀ ਸਿਖਲਾਈ ਮਿਲਣ ਲੱਗ ਪਈ। ਮੈਂ ਵੀ

ਤਾਸ਼ ਫੈਂਟਣੀ ਸਿੱਖ ਲਈ। ਕਦੇ ਤਿਆਗੀ ਕਦੇ ਕਮਰੇ 'ਚ ਸੰਘੇੜਾ ਆਉਂਦਾ ਸੀ, ਕਦੇ ਸ਼ਹਿਰ ਦੇ ਵੱਡੇ ਮੰਤਰੀ ਜਾਂ ਮਹਾਸ਼ੇ। ਇਸ ਤਰਾਂ ਮੈਨੂੰ ਪਤਾ ਲੱਗ ਗਿਆ ਕਿ ਹੋ ਸਕਦਾ ਏ ਦੇਵ ਲੰਡਨ ਹੋਵੇ। ਤਿਆਗੀ ਦੇ ਗੁੰਡੇ ਮਿੱਤਰ ਲੰਡਨ ਵੀ ਸਨ। ਅਨ੍ਹਾਂ ਨੇ ਵੀ ਦੇਵ ਲਈ ਜੁਸਤਜੂ ਸ਼ੁਰੂ ਕਰ ਲਈ ਸੀ। ਮੈਨੂੰ ਸੰਘੇੜੇ ਦਾ ਬਾਲਕ ਚੇਤੇ ਆਇਆ। ਦੇਵ ਦੈਂਤ ਸੀ। ਸਗੋਂ ਚੰਗਾ ਹੋਵੇਗਾ ਜੇ ਲੱਭ ਕੇ ਉਸਨੂੰ ਮਾਰ ਦਿੱਤਾ ਜਾਵੇ! ਉਸ ਤਰਾਂ ਦੇ ਆਦਮੀਆਂ ਨਾਲ਼ ਇੰਝ ਹੀ ਹੋਣਾ ਚਾਹੀਦੈ! ਮੇਰੇ ਖਿਆਲ ਸੰਘੇੜੇ ਤੇ ਤਿਆਗੀ ਵੱਲ ਪਹੁੰਚੇ। ਮੈਂ ਮਨੋ-ਮਨ ਸਾਫ ਮੰਨ ਗਈ ਕਿ ਮੈਂ ਇਸ ਤਰਾਂ ਹੀ ਸੋਚਦੀ ਹਾਂ। ਤਿਆਗੀ ਨੇ ਮੈਨੂੰ ਦਿੱਲੀ ਭੇਜ ਦਿੱਤਾ। ਇੱਥੇ ਮੇਰਾ ਨਵਾਂ ਕੰਮ ਸੀ। ਹੋਟਲ ਤੇ ਮੈਂ ਅੱਖ ਰੱਖਣੀ ਸੀ। ਇਸ ਦੇ ਜਾਇਜ਼ ਮਾਮਲੇ ਅਤੇ ਸਾਜ਼ਬਾਜ਼ ਕਾਰੋਬਾਰਾਂ ਉੱਤੇ ਮੇਰੀ ਹੀ ਨਜ਼ਰ ਸੀ।ਇੱਕ ਦਿਨ ਤਿਆਗੀ ਨੇ ਮੈਨੂੰ ਰਣਜੀਤਪੁਰ ਵਾਪਸ ਬੁਲਾਇਆ। ਮੇਰੀ ਜਿੰਦਗੀ ਬਦਲਣ ਲੱਗੀ ਸੀ। ਕਿੱਥੇ ਤੋਂ ਕਿੱਥੇ ਪੁੱਜ ਗਈ ਸੀ ਮੈਂ! ਉਸਨੇ ਮੈਨੂੰ ਆਖਿਆ ਕਿਸੇ ਦਾ ਖੂਨ ਕਰਨ ਲਈ। ਅੰਦਰੋਂ ਮੈਂ ਡਰਦੀ ਸੀ ਪਰ ਮੈਂ ਰਿਣੀ ਵੀ ਸੀ ਕਿਉਂਕਿ ਉਸਨੇ ਮੈਨੂੰ ਇੱਕ ਰੰਡੀ ਤੋਂ ਗੁੰਡਿਆਂ ਦੀ ਰਾਣੀ ਬਣਾ ਦਿੱਤਾ ਸੀ। ਇਸ ਲਈ ਨਾਂਹ ਕਰਨੀ ਔਖੀ ਸੀ। ਉਸਨੇ ਕਿਹਾ ਜਦ ਮੈਂ ਪਹਿਲਾਂ ਹੀ ਕਿਸੇ ਦਾ ਕਤਲ ਕੀਤਾ ਹੈ, ਹੁਣ ਬਹੁਤੀ ਵੱਡੀ ਗੱਲ ਨਹੀਂ ਸੀ ਕਿਸੇ ਹੋਰ ਦਾ ਖੂਨ ਕਰਨ ਦੀ।

ਪਹਿਲਾ ਬੱਲੀ ਦਿੱਲੀ ਦਾ ਇੱਕ ਵੱਡਾ ਸੇਠ ਸੀ। ਉਸਦੀ ਗਲਾਸੀ ਵਿਚ ਹਲਾਹਲ ਪਾ ਦਿੱਤਾ ਸੀ। ਇਸ ਤਰਾਂ ਉਸ ਦਿਨ ਤੋਂ ਬਾਆਦ ਕਈ ਮਾਰੇ ਗਏ। ਹੁਣ ਮੈਂ ਵੀ ਗੁੰਡੀ ਹੀ ਸੀ।ਵਕਤ ਨਾਲ਼ ਮਨ ਸਖਤ ਹੋ ਗਿਆ ਸੀ। ਦਿਨੋਂ ਦਿਨ ਇਨਸਾਨੀਅਤ ਖਿਸਕਦੀ ਜਾਂਦੀ ਸੀ। ਤਿਆਗੀ ਮੇਰੇ ਨਾਲ਼ ਬਹੁਤ ਖ਼ੁਸ਼ ਸੀ। ਉਸਨੇ ਮੈਨੂੰ ਰਣਜੀਤਪੁਰ ਦੀ ਦਾਦੀ ਬਣਾ ਦਿੱਤਾ ਸੀ। ਹੁਣ ਸਭ ਅੱਡੇ-ਡੇਰੇ ਮੇਰੇ ਸਨ। ਮੈਂ ਇੱਕ ਫੈਸਲਾ ਕਰ ਲਿਆ ਸੀ। ਹੁਣ ਤੋਂ ਬਾਅਦ ਕੰਜਰਪੁਣੇ ਦਾ ਕੰਮ ਖਤਮ। ਹੋਰ ਭਾਵੇਂ ਕਰਨ, ਪਰ ਮੇਰੇ ਮੁਲਾਜ਼ਮ ਨਹੀਂ ਕਰ ਸਕਦੇ ਸਨ। ਸਗੋਂ ਜਦ ਸੁਣਦੀ ਸੀ ਕਿ ਫਲਾਣੇ-ਧਮਕੇ ਨੇ ਕੋਈ ਕੁੜੀ ਚੁੱਕੀ ਉਸਦੇ ਸਿਰ ਤੇ ਸਿਲਾ ਪਾ ਦਿੰਦੀ ਸੀ। ਕਦੀ ਕਦੀ ਖੁਦ ਵੀ ਮਾਰ ਦਿੰਦੀ ਸੀ। ਜਿੰਦਗੀ 'ਚ ਹਰੇਕ ਇਨਸਾਨ ਬਦਲਦਾ ਹੈ...ਆਮ ਸੁੰਡੀ ਤੋਂ ਤਿਤਲੀ ਬਣ ਜਾਂਦੀ ਹੈ। ਮੈਂ ਉਲਟ ਪਾਸੇ ਗਈ, ਰਣਜੀਤਪੁਰ ਦੀ ਦਾਦੀ ਬਣ ਗਈ ਸੀ। ਤਿਆਗੀ ਨੇ ਵਿਆਹ ਕਰਨਾ ਚਾਹਿਆ। ਪਰ ਮੈਂ ਨਾਂਹ ਕਰ ਦਿੱਤੀ ਸੀ। ਉਸਨੇ ਕੁੱਝ ਨਹੀਂ ਕਿਹਾ। ਇੱਕ ਦਿਨ ਉਸਨੂੰ ਵੀ ਵਾਪਸ ਮੰਬਈ ਬੁਲਾ ਲਿਆ ਗਿਆ।ਪਹਿਲੀ ਬਾਰ ਸ਼ਹਿਰ ਇੱਕ ਮਹਾਰਾਣੀ ਦੇ ਹੱਥਾਂ 'ਚ ਸੀ। ਸ਼ਹਿਰ ਮੇਰਾ ਗੁਲਾਮ ਸੀ। ਕੁੱਝ ਲੋਕ, ਖਾਸ ਪੁਲ਼ਸੀਏ, ਜਿੰਨ੍ਹਾਂ ਨਾਲ਼ ਮੈਂ ਸਾਂਝੀਵਾਨ ਹੋਈ ਸਾਂ, ਮੇਰੀ ਅਹੀ ਤਹੀ ਕਰਦੇ ਸਨ। ਪਰ ਜਦ ਉਨ੍ਹਾਂ ਦੇ ਟੱਬਰਾਂ



ਨੂੰ ਖਤਰਾ ਪਿਆ, ਉਹ ਵੀ ਪਿੱਛੇ ਹਟ ਗਏ। ਕਈਆਂ ਨੂੰ ਮਰਵਾਇਆ ਵੀ ਸੀ ਮੈਂ। ਹੁਣ ਮੇਰੇ ਤੇ ਦੇਵ 'ਚ ਕੀ ਫ਼ਰਕ ਰਹਿ ਗਿਆ ਸੀ? ਹਾਂ ਦੇਵ, ਉਸ ਬਾਰੇ ਥੋੜ੍ਹਾ ਜਿਹਾ ਦੱਸਾਂ। ਸੰਘੇੜੇ ਦੇ ਖਾਸ ਮਿੱਤਰ ਨੂੰ ਇੱਕ ਰਾਜੂ ਜਾਣਦਾ ਸੀ।ਉਸਨੇ ਬਰਤਾਨੀਆ 'ਚ ਚੋਰੀ ਲਈਆਂ ਤਸਵੀਰਾਂ ਸੰਘੇੜੇ ਨੂੰ ਵਿਖਾਈਆਂ ਸਨ। ਇੰਨ੍ਹਾਂ 'ਚ ਸੰਘੇੜੇ ਨੇ ਦੇਵ ਨੂੰ ਪਛਾਣ ਲਿਆ। ਉਸਨੇ ਫਿਰ ਤਿਆਗੀ ਨਾਲ਼ ਗੱਲ ਕੀਤੀ।ਇਸ ਵਕਤ ਤੱਕ ਤਾਂ ਤਿਆਗੀ ਅਤੇ ਮੇਰੇ ਸਿਪਾਹੀਆਂ ਨੇ ਸੰਘੇੜੇ ਦੇ ਕੇਸ ਦੇ ਸਾਰੇ ਦੋਸ਼ੀ ਮਾਰ ਦਿੱਤੇ ਸਨ, ਦੇਵ ਤੋਂ ਸਿਵਾ। ਅਗਲੇ ਮਹੀਨੇ ਸੰਘੇੜੇ ਦੀ ਇੱਕ ਪਿਕਚਰ ਲੰਡਨ 'ਚ ਖੁੱਲ੍ਹਣੀ ਸੀ। ਉਸ ਬਹਾਨੇ ਉਹ ਲੰਡਨ ਚਲਿਆ ਗਿਆ। ਉੱਥੇ ਰਾਜੂ ਨਾਲ਼ ਮਿਲਕੇ ਕਿਸੇ ਜਮੀਕੇ ਗੁੰਡੇ ਨਾਲ਼ ਗੱਲ ਬਾਤ ਹੋਈ।ਇਸ ਤੋਂ ਬਾਅਦ ਸੰਘੇੜਾ ਅਲੋਪ ਹੋ ਗਿਆ। ਸਾਨੂੰ ਖਬਰ ਮਿਲੀ ਕਿ ਸੰਘੇੜਾ ਮਰ ਗਿਆ ਸੀ।ਜਦ ਇਹ ਗੱਲ ਮੀਡੀਆ 'ਚ ਆ ਗਈ, ਸਾਰਾ ਹਿੰਦੁਸਤਾਨ ਦੁਖੀ ਹੋਇਆ।ਮੈਂ ਹੁਣ ਲੋਕਾਂ ਦੀਆਂ ਅੱਖਾਂ 'ਚ ਇੱਕ ਕਾਰੋਬਾਰੀ ਔਰਤ ਸੀ। ਮੈਂ ਸੁਰੱਈਆ ਕੋਲ਼ ਅਫਸੋਸ ਕਰਨ ਗਈ।ਇੱਕ ਬਾਰ ਉਸਨੇ ਮੇਰੀ ਮੱਦਦ ਕੀਤੀ ਸੀ। ਹੁਣ ਮੇਰੀ ਵਾਰੀ ਸੀ। ਸੰਘੇੜੇ ਦੀ ਅਰਥੀ ਕੱਢੀ ਤੇ ਉਠਾਲ਼ੇ ਵੀ ਹੋ ਗਏ ਸਨ। ਫਿਰ ਕੁੱਝ ਹਫਤਿਆਂ ਬਾਅਦ ਖਬਰ ਮਿਲੀ ਕਿ ਇੱਕ ਕਾਲ਼ੇ ਦੇ ਘਰੋਂ ਉਸਦੀ ਲਾਸ਼ ਮਿਲੀ ਸੀ। ਕਾਲ਼ਾ ਉਹੀ ਜਮੀਕਾ ਨਿੱਕਲ਼ਿਆ। ਅਸੀਂ ਸਮਝ ਗਏ ਕਿ ਇਹ ਕੰਮ ਦੇਵ ਨੇ ਕੀਤਾ ਸੀ। ਇੱਕ ਦਿਨ ਮੰਬਈ 'ਚ ਤਿਆਗੀ ਨੂੰ ਕੋਈ ਅੰਗ੍ਰੇਜ਼ੀ ਪੰਜਾਬੀ ਮੁੰਡਾ ਮਿਲਣ ਆਇਆ।

ਦੇਵ ਅਮਨ ਚਾਹੁੰਦਾ ਸੀ। ਜੁਆਬ 'ਚ ਤਿਆਗੀ ਨੇ ਉਸਦਾ ਸਿਰ ਭੇਜ ਦਿੱਤਾ।ਹੁਣ ਤੋਂ ਬਾਅਦ ਦੇਸ਼ ਦੇ ਸਭ ਗੁੰਡਿਆਂ ਨੂੰ ਹੁਕਮ ਹੋਇਆ ਉਸਨੂੰ ਮਾਰਨ ਦਾ। ਇਸ ਬਾਰੇ ਗਾਹਾਂ ਦੱਸੂੰਗੀ।ਸੰਘੇੜੀ ਦੀ ਧੀ ਦੀ ਸ਼ਾਦੀ ਦਾ ਵਕਤ ਆ ਗਿਆ ਸੀ। ਕਈ ਸਾਲ ਬੀਤ ਗਏ ਸਨ ਅਤੇ ਮੈਂ ਸੁਰੱਈਆ ਦੀ ਮੱਦਦ ਕੀਤੀ। ਇਸ ਮਹੌਲ 'ਚ ਲੋਕ ਮੇਰੇ ਕੋਲ਼ ਵੀ ਆਉਂਦੇ ਸਨ ਵਧਾਈਆਂ ਦੇਣ। ਮੈਂ ਉਸੀ ਹੋਟਲ ਦੇ ਕਮਰੇ 'ਚ ਹੁੰਦੀ ਸੀ ਜਿੱਥੇ ਪਹਿਲੀ ਵਾਰ ਤਿਆਗੀ ਮਿਲਿਆ ਸੀ। ਸਾਡਾ ਵਿਆਹ ਹਾਰਕੇ ਹੋ ਹੀ ਗਿਆ। ਮੈਨੂੰ ਔਖਾ ਲੱਗਿਆ ਸੀ ਆਦਮੀ ਤੇ ਭਰੋਸਾ ਕਰਨਾ, ਪਰ ਮੰਨ ਗਈ ਉਸ ਨਾਲ਼ ਸ਼ਾਦੀ ਕਰਨ ਲਈ। ਉਹ ਹੁਣ ਮੇਰਾ ਮਸ਼ੀਰ ਸੀ। ਮੇਰੇ ਨਾਲ਼ ਇਸ ਦਰਬਾਰ 'ਚ ਬੈਠਦਾ ਸੀ। ਫੈਸਲੇ ਮੇਰੇ ਹੀ ਹੁੰਦੇ ਸਨ। ਖੈਰ ਜਦ ਖ਼ੁਸ਼ੀ ਦਾ ਸਾਹ ਹੁੰਦਾ ਸੀ ਮੈਥੋਂ ਲੋਕ ਇਨਾਇਤ ਮੰਗਦੇ ਸਨ। ਅੱਜ, ਸੁਰੱਈਆ ਦੀ ਧੀ ਦਾ ਸ਼ਗਨ ਸੀ। ਇਸ ਲਈ ਹੋਟਲ ਦੀ ਲੋਬੀ 'ਚ ਕਈ ਲੋਕ ਬੈਠੇ ਸਨ। ਕੁੱਝ ਮੰਤਰੀ, ਕੁੱਝ ਪੁਲ਼ਸੀਏ, ਤੇ ਕੁੱਝ ਗੁੰਡੇ। ਪਰ ਇੰਨ੍ਹਾਂ ਨਾਲ਼ ਹੀ ਆਮ ਜਨਤਾ ਵੀ ਸੀ ਜਿੰਨ੍ਹਾਂ ਲਈ ਹੋਰ ਕੋਈ ਰਸਤਾ ਨਹੀਂ ਸੀ।ਇਸ ਵੇਲ਼ੇ ਮੇਰੇ ਸਾਹਮਣੇ ਇੱਕ ਨਾਨਬਾਈ ਖੜ੍ਹਾ

ਸੀ, ਉਹ ਬਿਹਾਰੀ ਸੀ। ਮੇਰੇ ਕੋਲ਼ ਤਿਆਗੀ ਵੀ ਬੈਠਾ ਸੀ। ਮੈਂ ਨਾਨਬਾਈ ਨੂੰ ਇਸ਼ਾਰਾ ਕੀਤਾ ਬੋਲ਼ਣ ਲਈ।

ਨਾਨਬਾਈ : ਜੀ, ਮਾਹਾਰਾਣੀ ਜੀ! ਮੈਂ ਆਮ ਤੁਹਾਡੇ ਕੋਲ਼ੇ ਆਉਣ ਵਾਲ਼ਾ ਨਹੀਂ ਸੀ (ਉਹ ਪੰਜਾਬ ਵਿੱਚ ਬਹੁਤ ਸਾਲ਼ਾਂ ਦਾ ਆਇਆ ਹੋਣ ਕਰਕੇ ਪੰਜਾਬੀ ਬੋਲ ਸਕਦਾ ਸੀ), ਪਰ ਹੋਰ ਰਾਹ ਨਹੀਂ ਦਿਸਦਾ! ਮੈਂ ਹੇਠਾਂ ਲੌਬੀ ਵਿੱਚ ਉਹੀ ਲੋਕ ਵੇਖੇ ਨੇ ਜਿੰਨ੍ਹਾਂ ਕੋਲ਼ ਮੱਥਾ ਰਗੜਿਆ, ਪਰ ਫਿਰ ਵੀ ਉਂਗਲੀ ਨਹੀਂ ਚੁੱਕੀ ਮੱਦਦ ਕਰਨ ਲਈ!

ਤਿਆਗੀ : ਗੱਲ ਕੀ ਹੈ?

ਨਾਨਬਾਈ : ਮੈਂ ਬਿਹਾਰ ਤੋਂ ਏਥੇ ਆਇਆ ਕੇਵਲ ਕਮਾਈ ਲਈ। ਫਿਰ ਵੀ ਨਿੱਤ ਗਾਲ਼ਾਂ ਖਾਧੀਆਂ ਕਿਉਂਕਿ ਮੈਂ ਭੱਈਆ ਹਾਂ! ਹਰੇਕ ਦੀ ਨਜ਼ਰ 'ਚ ਉਸਦਾ ਕੰਮ ਚੋਰੀ ਕਰਨ ਆਇਆ ਹਾਂ! ਫਿਰ ਉਹੀ ਲੋਕ ਖੁਦ ਉਨ੍ਹਾਂ ਕੰਮਾਂ ਨੂੰ ਕਰਨ ਲਈ ਹੱਥ ਨਹੀਂ ਪਾਉਂਦੇ! ਖ਼ੈਰ ਆਵਦੇ ਹੱਥਾਂ ਨਾਲ਼ ਸਖਤ ਕੰਮ ਕਰਕੇ ਬੇਕਰੀ ਚਲਾਈ।ਮੈਂ ਮਿਹਨਤ ਨਾਲ਼ ਆਵਦੀਆਂ ਦੋ ਧੀਆਂ ਪੜ੍ਹਾਈਆਂ! ਹੁਣ ਜੁਆਨ ਹੋ ਗਈਆਂ ਹਨ। ਇੱਕ ਨੇ ਮੇਰੀ ਗੱਲ ਮੰਨੀ ਨਹੀਂ, ਪਰ ਜੱਟਾਂ ਦੇ ਮੁੰਡੇ ਨਾਲ਼ ਸਕੂਟਰਾਂ ਤੇ ਫਿਰਨ ਲੱਗ ਪਈ। ਮੈਂ ਉਸਨੂੰ ਕਿਹਾ ਕਿ ਜਾਤ ਕਰਕੇ ਪਰ੍ਹਾਂ ਰਹੇ। ਪਰ ਉਹ ਮੰਨੀ ਨਹੀਂ (ਇਸ ਵੇਲੇ ਨਾਨਬਾਈ ਦੇ ਹੱਥ ਕੰਬ ਰਹੇ ਸਨ, ਸੋ ਮੈਂ ਤਿਆਗੀ ਨੂੰ ਇਸ਼ਾਰਾ ਕੀਤਾ ਉਸਨੂੰ ਪਾਣੀ ਦੇਣ ਲਈ। ਜਦ ਨਾਨਬਾਈ ਨੇ ਪੀ ਲਿਆ, ਉਸਨੇ ਆਵਦੀ ਗੱਲ ਅੱਗੇ ਤੋਰੀ..ਫਿਰ ਇੱਕ ਦਿਨ ਉਸ ਮੁੰਡੇ ਨੇ ਜ਼ਬਰਦਸਤੀ ਕੀਤੀ ਮੇਰੀ ਧੀ ਨਾਲ਼! ਪਰ ਉਸਦੇ ਜੱਟ ਬਾਪੂ ਨੇ ਪੁਲ਼ਸ ਨੂੰ ਪੈਸੇ ਦੇ ਕੇ ਵਿਦਾ ਕਰ ਦਿੱਤਾ! ........ ਜਦ ਮੇਰੀ ਬੇਟੀ ਨੇ ਨਾ ਕੀਤਾ, ਉਸਨੇ ਮੇਰੀ ਲਾਡਲੀ ਨੂੰ ਮਾਰਿਆ! ਕੁੜੀ ਦਾ ਮੁਖੜਾ ਸੁੰਦਰ ਸੀ। ਗੋਰੀ ਚਿੱਟੀ ਸੀ! ਪਰ ਉਸਨੇ ਤਾਂ* (ਰੋਣ ਲੱਗ ਪਿਆ)।



ਮੈਂ : ਸਮਝ ਗਈ। ਪਰ ਮੈਥੋਂ ਕੀ ਚਾਹੁੰਦਾ ਏਂ?

ਨਾਨਬਾਈ : ਮਾਹਾਰਾਣੀ ਜੀ! ਬਦਲਾ! ਉਸਨੂੰ ਮਾਰੋ! ਉਸਨੂੰ ਮਾਰੋ!

ਮੈਂ : ਇਹ ਤਾਂ ਇਨਸਾਫ਼ ਨਹੀਂ ਹੈ। ਉਹ ਮੁੰਡਾ ਵੀ ਕਿਸੇ ਦਾ ਹੈ। ਉਸਨੇ ਮਾਰਿਆ। ਤੂੰ ਵੀ ਉਸ ਨੂੰ ਕੁੱਟ ਸਕਦਾ ਏਂ। ਹੋਰ ਕੀ ਲੋੜ ਹੈ? ਤੇਰੀ ਧੀ ਅਕਸਰ ਜਿਉਂਦੀ ਹੈ।

ਨਾਨਬਾਈ : ਨਹੀਂ ਜੀ! ਨਹੀਂ ਜੀ! ਉਸ ਦਾ ਹਾਲ ਐਸਾ ਹੈ ਕਿਸੇ ਨੇ ਕਦੀ ਉਸ ਨਾਲ਼ ਵਿਆਹ ਨਹੀਂ ਕਰਨਾ। ਮਾਹਾਰਾਣੀ ਜੀ ਉਸ ਨਾਲ ਓਸ ਮੁੰਡੇ ਨੇ ਜ਼ਬਰਦਸਤੀ ਕੀਤੀ...

ਮੈਂ : ਹੂੰ। ਸਮਝ ਗਈ। ਤੂੰ ਅੱਜ ਤੱਕ ਮੈਥੋਂ ਕੁੱਝ ਮੰਗਿਆ ਨਹੀਂ ਹੈ। ਇਹ ਤਾਂ ਅਦਾਲਤ ਦਾ ਹੱਕ ਹੈ। ਮੇਰਾ ਨਹੀਂ। ਮੈਂ ਸੁਣਿਆ ਜਦ ਵੀ ਮੇਰੇ ਆਦਮੀ ਬੇਕਰੀ ਤੋਂ ਪੈਸੇ ਲੈਣੇ ਚਾਹੁੰਦੇ ਨੇ, ਤੂੰ ਮਨ੍ਹਾਂ ਕੀਤਾ ਐ। ਕਦੀ ਮੇਰੀ ਯਾਰੀ ਵੀ ਨਹੀਂ ਮੰਗੀ ਹੁਣ ਤੱਕ। ਜਿਹੜਾ ਮੇਰੇ ਆਦਮੀਆਂ ਦੇ ਹੱਥ ਨਹੀਂ ਗਰਮ ਕਰਦਾ, ਉਸ ਨਾਲ਼ ਮੇਰਾ ਰਿਸ਼ਤਾ ਕੀ ਏ? (ਉਹ ਮੇਰੇ ਪੈਰੀਂ ਡਿੱਗ ਪਿਆ) ਹਾਂ ਹਾਂ, ਠੀਕ ਏ। ਪਰ ਮੈਂ ਕੋਈ ਡਾਇਨ ਨਹੀਂ ਹਾਂ ਜਿਸ ਨੇ ਕਿਸੇ ਦੇ ਮੁੰਡੇ ਨੂੰ ਉਈਂ ਮਾਰ ਦੇਣੈ।

ਨਾਨਬਾਈ : ਮੇਰੀ ਬੱਚੀ!

ਮੈਂ : ਉੱਠ, ਦੇਖ ਜੇ ਤੂੰ ਇੱਥੇ ਸੌਦਾ ਕਰਨ ਆਇਆ ਏਂ, ਤਾਂ ਮੇਰਾ ਜਵਾਬ ਨਾਂਹ ਹੈ। ਅੱਛਾ? ਜੇ ਤੂੰ ਮੈਨੂੰ ਭੈਣ ਸਮਝਦਾ ਏਂ, ਇੱਜ਼ਤ ਕਰਦਾ ਏਂ, ਮੇਰੇ ਆਦਮੀਆਂ ਦੀ ਅੱਜ ਤੋਂ ਬਾਅਦ ਇੱਜ਼ਤ ਕਰੇਂਗਾ ਤਾਂ ਗੱਲ ਹੋਰ ਹੈ। ਸਮਝਦੈਂ?

ਨਾਨਬਾਈ : ਹੂੰ!

ਮੈਂ : ਮੈਂ ਤੈਨੂੰ ਨਿੱਕਾ ਵੀਰ ਸਮਝ ਸਕਦੀ ਹਾਂ?

ਨਾਨਬਾਈ : ਜੀ।

| | | |
|---|---|---|
| ਮੈਂ | : | ਮੈਂ ਤੇਰੀ ਬੇਟੀ ਦੀ ਸ਼ਾਦੀ ਕਰਵਾ ਦਿਉਂਗੀ।ਇੱਕ ਦਿਨ ਮੈਂ ਵੀ ਇਸ ਅਹਿਸਾਨ ਦਾ ਬਦਲਾ ਮੰਗੂਗੀ...ਤੇ ਜੋ ਮਰਜ਼ੀ ਹੋਵੇ ਪੂਰਾ ਕਰਨਾ ਹੀ ਪੈਣਾ ਹੈ। ਅੱਛਾ? ਜਮਤੀਲ ਲੋਕਾਂ ਦੀ ਦੁਰਗਾ ਹਾਂ ਮੈਂ। ਜਬਰ ਜ਼ਨਾਹ ਨਹੀਂ ਸਹਾਰਦੀ। ਅਰਾਮ ਨਾਲ਼ ਘਰ ਜਾਈਂ। ਪਹਿਲਾਂ ਮੇਰੇ ਆਦਮੀਆਂ ਨੂੰ ਉਸ ਮੁੰਡੇ ਦਾ ਨਾਂ ਦੇ ਦੇਣਾ ਅੱਛਾ? ਗੁੱਡ? |
| ਨਾਨਬਾਈ | : | ਧੰਨਵਾਦ ਦੇਵੀ ਜੀ! (ਇਹ ਕਹਿ ਕੇ ਤੁਰ ਪਿਆ) |
| ਤਿਆਗੀ | : | ਇਹਦੇ ਬਾਰੇ ਕੀ ਕਰਨੈ? |
| ਮੈਂ | : | ਭਾਵੇਂ ਮੁੰਡਾ ਪ੍ਰਧਾਨ ਮੰਤਰੀ ਦਾ ਲਾਡਲਾ ਹੋਵੇ, ਉਸਨੂੰ ਖਤਮ ਕਰਨਾ ਏ। ਬੱਸ, ਹੋਰ ਕੋਈ ਹੈ, ਮੈਂ ਹੁਣ ਸੁਰੱਈਆ ਦੀ ਧੀ ਦੇ ਸ਼ਗਨ ਤੇ ਜਾਣੈ। |
| ਤਿਆਗੀ | : | ਬੱਸ, ਰਵੀ ਨੇ ਗੱਲ ਕਰਨੀ ਏ। |
| ਮੈਂ | : | ਉਸਨੂੰ ਅੰਦਰ ਬੁਲਾ, ਫਿਰ ਜਾਈਏ! |
| ਰਵੀ | : | ਮਾਹਾਰਾਣੀ ਜੀ। |
| ਮੈਂ | : | ਹਾਂ ਬੋਲ? |
| ਰਵੀ | : | ਸਾਨੂੰ ਅੱਜ ਦੱਸਿਆ ਗਿਆ ਕਿ ਦੇਵ ਕਾਫੀ ਦੇਰ ਦਾ ਵਾਪਸ ਆਇਆ ਹੋਇਆ ਹੈ। ਉਸਨੇ ਵਿਆਹ ਵੀ ਕਰ ਲਿਆ। |
| ਤਿਆਗੀ | : | ਨਿਆਣੇ ਵੀ ਨੇ? |
| ਰਵੀ | : | ਹਾਂ। ਸਾਨੂੰ ਪਤਾ ਹੈ ਕਿੱਥੇ ਰਹਿੰਦੈ। |
| ਮੈਂ | : | ਠੀਕ...ਉਸਦੀ ਹੱਤਿਆ ਛੇਤੀ ਕਰਨੀ ਐ। ਦੋ ਬੰਦੇ ਲੈ ਕੇ ਉਸਦੇ ਘਰ ਹੀ ਜਾਉ। |
| ਰਵੀ | : | ਜੀ। |

ਸੋ ਹੁਣ ਤੁਹਾਨੂੰ ਪਤਾ ਹੈ ਕਿ ਮੈਂ ਦੇਵ ਤੋਂ ਆਵਦਾ ਵੀ ਬਦਲਾ ਲੈ ਲਿਆ ਅਤੇ ਸੰਘੇੜੇ ਲਈ ਵੀ। ਸੱਚ ਇਹ ਹੈ ਕਿ ਮੈਂ ਇਹ ਕੰਮ ਸੰਘੇੜੇ ਲਈ ਨਹੀਂ ਕੀਤਾ। ਉਸ ਬਾਲਕ ਲਈ ਕੀਤਾ, ਜਿਸ ਨੂੰ ਉਸਦੀ ਮਾਂ ਤੋਂ ਪਰ੍ਹਾਂ ਅਗਵਾਕਾਰ ਲੈ ਗਏ ਸੀ। ਦੇਵ ਦੀ ਮੌਤ ਤੋਂ ਬਾਅਦ ਅਤੇ ਸੁਰੱਈਆ ਦੀ ਧੀ ਦੇ ਵਿਆਹ ਤੋਂ ਬਾਅਦ ਮੇਰਾ ਮਨ ਹਲਕਾ ਹੋ ਗਿਆ ਸੀ। ਹੁਣ ਇਸ ਜ਼ਿੰਦਗੀ 'ਚ ਰਹਿਣ ਦਾ ਚਿੱਤ ਨਹੀਂ ਕਰਦਾ ਸੀ। ਕਹਿੰਦੇ ਨੇ ਕਿ ਜਦ ਇਕ ਬਾਰ ਗੁੰਡੇਪੁਣ 'ਚ ਵੜ ਜਾਈਏ ਨਿੱਕਲ਼ ਨਹੀਂ ਸਕਦੇ। ਕੁੱਝ ਲੋਕ ਚਾਹੁੰਦੇ ਨੇ ਇਹ ਪਾਪ ਦਾ ਜੀਵਨ, ਕੁੱਝ ਲੋਕ



ਮਜਬੂਰੀ 'ਚ ਇਸ ਰਾਹ ਤੁਰ ਪੈਂਦੇ ਨੇ। ਗੁੱਸਾ ਸੀ ਜੱਗ ਨਾਲ਼ ਜਿਸ ਨੇ ਮੈਨੂੰ ਆਵਦੇ ਘਰੋਂ ਚੱਕਿਆ। ਉਸ ਲਈ ਸਾਰੀ ਦੁਨੀਆ ਨੂੰ ਸਾੜਣਾ ਚਾਹੁੰਦੀ ਸੀ।ਪਰ ਇਹ ਸਭ ਕਰਕੇ ਮੈਂ ਤਾਂ ਉਹ ਨਹੀਂ ਹਾਂ ਜਿਸ ਕਰਕੇ ਮੈਂ ਪਹਿਲਾਂ ਚੁੱਕੀ ਗਈ ਸੀ? ਮੇਰੇ ਤੇ ਦੇਵ 'ਚ ਕੀ ਫਰਕ ਹੈ? ਸੰਘੇੜੇ ਤੇ ਦਾਦੇ 'ਚ ਕੀ ਫਰਕ ਸੀਗਾ? ਤਿਆਗੀ ਤਾਂ ਕੋਈ ਰਸੂਲ ਨਹੀਂ ਸੀ। ਸਗੋਂ ਅਸੀਂ ਤਾਂ ਜਮਦੂਤ ਹਾਂ, ਹਊਆ ਦੇ ਮੁਖ਼ਤਾਰ। ਦੇਵ ਦੀ ਮੌਤ ਬਾਅਦ ਮੈਂ ਸੋਚ ਸੋਚ ਕੇ ਕੁਰਸੀ ਹੋਰ ਕਿਸੇ ਨੂੰ ਦੇ ਦਿੱਤੀ।ਹੁਣ ਇੱਕ ਦਿਨ ਮੇਰੇ ਤੇ ਤਿਆਗੀ ਤੋਂ ਵੀ ਜਰੂਰ ਕੋਈ ਆਵੇਗਾ ਬਦਲਾ ਲੈਣ। ਪਾਪ ਦਾ ਚੱਕਰ ਕਦੀ ਨਹੀਂ ਰੁਕਦਾ। ਸਾਡਾ ਦੇਸ਼ ਤਾਂ ਇਸ ਚੱਕਰ 'ਚ ਖ਼ੁਸ਼ੀ ਨਾਲ਼ ਨੱਸਿਆ ਫਿਰਦੈ, ਜਿੰਝ ਚੂਹਾ ਚਕਰੀ 'ਚ ਦੌੜ੍ਹਦੈ, ਜਿਸ ਲਈ ਕੋਈ ਅੰਤ ਨਹੀਂ ਕੋਈ ਸ਼ੁਰੂਆਤ ਨਹੀਂ। ਜਿੰਦਗੀ ਦਾ ਖੇਲ੍ਹ, ਗਰਦਸ਼, ਕਾਲ ਚੱਕਰ ਦਾ ਖਿਡੌਣਾ। ਹੋਰ ਅਸੀਂ ਹੈ ਹੀ ਕੀ ਹਾਂ? ਮੌਤ ਨਾਲ਼ ਸੰਨਾਟਾ ਛਾ ਜਾਣੈ। ਹੋਰ ਕੁੱਝ ਨਹੀਂ ਹੈ। ਹੋਰ ਸਭ ਕੁੱਝ ਦਰੋਗ ਹੈ।ਜਿੰਦਗੀ 'ਚ ਤਾਂ ਗੁੰਡਾ ਹੀ ਜਿੱਤਦੈ। ਚੰਗੇ ਤਾਂ ਕੇਵਲ ਅਫ਼ਸਾਨਿਆਂ 'ਚ ਹੀ ਜਿੱਤਦੇ ਨੇ।ਇੱਕ ਦਿਨ ਮੈਨੂੰ ਵੀ ਜਿੰਝ ਦੇਵ ਨੂੰ ਮਾਰਿਆ ਸੀ, ਕੋਈ ਮਾਰਨ ਆਵੇਗਾ। ਹੋ ਸਕਦੈ ਉਸ ਦਿਨ ਤੋਂ ਪਹਿਲਾ ਅਜਲ ਕਤਲ ਨੂੰ ਚਕਮਾ ਦੇਦੂੰਗੀ? ਹੋ ਸਕਦੈ...

# ਸੀਤਾ

ਮੇਰੇ ਸਿਰ'ਤੇ ਪੱਥਰ ਮਾਰਕੇ ਮੈਨੂੰ ਸਾਊਥਹਾਲ ਦੀ ਨਦੀ'ਚ ਸੁਟ ਦਿੱਤਾ, ਉਸਨੇ। ਉਸਦਾ ਨਾਂ ਦੇਵ ਹੈ। ਉਸਨੂੰ ਕਿਸੇ ਨੇ ਪੈਸੇ ਦਿੱਤੇ ਸੀ ਮੈਨੂੰ ਮਰਵਾਉਣ ਲਈ। ਜਦੋਂ ਮੈਂ ਸੋਚਦਾਂ ਕਿ ਉਸ ਗੁੰਡੇ ਨੂੰ ਕਿਸਨੇ ਪੈਸੇ ਦਿੱਤੇ ਹੋਣਗੇ, ਸ਼ੱਕ ਇੱਕ ਦਮ ਡੈਡੀ ਵੱਲ ਗਿਆ। ਮੇਰੇ ਬਾਪੂ ਨੂੰ ਆਵਦੀ ਇੱਜਤ ਦਾ ਫਿਕਰ ਸੀ। ਪਰ ਇਸ ਦੇਸ਼ ਵਿੱਚ ਜਨਾਨੀ ਨੂੰ ਬੱਕਰੀ ਵਾਂਗ ਮਾਰਨਾ ਮਨ੍ਹਾਂ ਹੈ, ਪਾਪ ਹੈ। ਅਪਰਵਾਨਿਤ ਗੱਲ ਹੈ, ਆਚਾਰ ਦੇ ਖਿਲਾਫ਼ ਹੈ। ਪਿਉ ਨੇ ਆਵਦੇ ਪੁੱਠੇ ਖਿਆਲ ਪੰਜਾਬ ਤੋਂ ਆਪਣੇ ਨਾਲ਼ ਲਿਆਂਦੇ ਸਨ, ਜਿੱਦਾਂ ਨਵੇਂ ਦੇਸ ਦਾ ਕੋਈ ਭਲਾ ਕਰ ਰਿਹਾ ਹੋਵੇ।ਹੁਣ ਮੈਂ ਕੀ ਹਾਂ? ਇੱਕ ਲਾਸ਼, ਜਿਸਦਾ ਪਿੰਡਾ ਪਾਣੀ ਵਿੱਚ ਡੁੱਬ ਗਿਆ, ਗਿੱਟਿਆਂ ਤੇ ਪੱਥਰ ਬੰਨ੍ਹ ਕੇ ਹੇਠਾਂ ਸੁੱਟੀ ਹੋਈ। ਮੇਰੇ ਹਾਲ ਦਾ ਤਾਂ ਡੈਡੀ ਨੂੰ ਵੀ ਪਤਾ ਨਹੀਂ ਹੋਵੇਗਾ। ਸਿਰਫ ਉਸਨੂੰ ਪਤਾ ਹੈ, ਦੇਵ ਨੂੰ। ਕੇਵਲ ਦੇਵ…ਰੱਬ ਨੂੰ ਵੀ ਨਹੀਂ ਪਤਾ। ਰੱਬ ਹੁੰਦਾ ਤਾਂ ਐਸਾ ਹੋਣਾ ਸੀ? ਇਸ ਤਰ੍ਹਾਂ ਓਸ ਨੇ ਆਵਦੀ ਧੀ ਨੂੰ ਦੇਖਣਾ ਚਾਹੁਣਾ ਸੀ? ਕੋਈ ਉਪਰ ਵਾਲ਼ੀ ਸ਼ੱਕਤੀ ਨੇ ਮੈਨੂੰ ਉਪਰ ਨਹੀਂ ਖਿੱਚਿਆ..ਕਿਸੇ ਰਸਾਤਲ਼ ਦੇ ਰਾਖਸ਼ ਨੇ ਹੇਠਾਂ ਨਹੀਂ ਖਿੱਚਿਆ (ਇਹ ਤਾਂ ਪੱਥਰ ਖੁਦ ਹੀ ਕਰ ਰਿਹਾ ਸੀ)। ਨਾ ਰੱਬ ਨੂੰ ਪਤਾ ਸੀ, ਨਾ ਸ਼ੈਤਾਨ ਨੂੰ। ਕੇਵਲ ਦੇਵ ਹੀ ਜਾਣਦਾ ਸੀ। ਕਾਫੀ ਦੇਰ ਹੋ ਗਈ ਜਦ ਦਾ ਆਖਰੀ ਸਾਹ ਲਿਆ, ਮੈਂ।

ਦੇਵ ਨੇ ਬਾਂਹ ਫੜ ਕੇ ਵੇਖਿਆ ਜੇ ਨਬਜ਼ ਕਾਇਮ ਸੀ। ਉਸਨੇ ਇਸ ਤੋਂ ਪਹਿਲਾਂ ਮੂੰਹ ਮੱਥਾ ਭੰਨ ਦਿੱਤੇ ਸਨੇ। ਮੂੰਹੋਂ ਲਹੂ ਡੁੱਲ੍ਹਿਆ। ਉਸ ਹੀ ਪੱਥਰ ਰਸੇ ਨਾਲ਼ ਮੇਰੀਆਂ ਲੱਤਾਂ ਤੇ ਬੰਨ੍ਹ ਕੇ ਪਾਣੀ'ਚ ਡੋਬ ਦਿੱਤਾ ਸੀ, ਉਸਨੇ। ਪੱਥਰ ਖਿੱਚੇ, ਨਾ ਕੇ ਸ਼ੈਤਾਨ। ਰੱਬ ਨੇ ਤਾਂ ਕੋਸ਼ਿਸ਼ ਵੀ ਨਹੀਂ ਕੀਤੀ ਉਪਰ ਖਿੱਚਣ ਦੀ, ਭਿਸ਼ਤ ਵੱਲ ਲੈ ਕੇ ਜਾਣ ਦੀ। ਜੇ ਮੈਂ ਕਿਸਤੇ ਪੁੱਤਰ ਹੁੰਦੀ? ਪੱਥਰ ਨੇ ਪਾਣੀ ਦੇ ਡੂੰਮ੍ਹ'ਚ ਮੈਨੂੰ ਘੱਲ ਦਿੱਤਾ। ਮੈਂ ਖ਼ੁਸ਼ ਸੀ। ਨਹੀਂ…ਮੈਂ ਖ਼ੁਸ਼ ਹੁੰਦੀ ਸੀ।ਤੁਹਾਨੂੰ ਕੀ ਏ ਜੇ ਜਿਉਂਦੀ ਖ਼ੁਸ਼ ਸੀ? ਸੋਚਦੇ ਹੋਵੋਂਗੇ ਜੇ ਮੌਤ ਤੋਂ ਬਾਅਦ ਤੁਹਾਡੇ ਨਾਲ਼ ਬੋਲ ਸਕਦੀ ਹਾਂ, ਹੁਣ ਕੀ ਦਿਸਦਾ? ਮਰਨ ਤੋਂ ਬਾਅਦ ਕੁੱਝ ਹੈ? ਸੁਰਗ, ਦੋਜ਼ਖ? ਆਤਮਾ ਜਿਉਂਦੀ ਹੈ?ਦੁੱਖ ਹੈ ਜਾਂ ਸੁੱਖ? ਰੱਬ ਹੈ? ਇੰਨ੍ਹਾਂ ਚੀਜ਼ਾਂ ਬਾਰੇ ਮੈਂ ਕੁੱਝ ਵੀ ਨਹੀਂ ਕਹਿ ਸਕਦੀ। ਜਨਮ ਤੋਂ ਪਹਿਲਾਂ ਅਮਿੱਤ ਵਕਤ ਸੀ। ਸੋਚਦੀ ਸੀ ਕਿ ਮੌਤ ਵੀ ਮੇਰੀ ਜਿੰਦਗੀ ਨੂੰ ਨਹੀਂ ਰੋਕ ਸਕਦੀ। ਪਰ ਮੌਤ ਤੋਂ ਬਾਅਦ ਵੀ ਬੇਅੰਤ ਅਬਦ ਹੈ।



ਰੇਤਲ਼ ਘੜੀ'ਚ ਮੈਂ ਬਾਲੂ ਦਾ ਇੱਕ ਹੀ ਕਿਣਕਾ ਹਾਂ। ਪਰ ਕੁੱਝ ਤਾਂ ਹਾਂ, ਤਾਹੀਂ ਤਾਂ ਤੁਹਾਡੇ ਨਾਲ਼ ਗੱਲ ਕਰ ਸਕਦੀ ਹਾਂ। ਜੋ ਤੁਸੀਂ ਮੰਨਦੇ ਹੋ ਕਿ ਰੱਬ ਹੈ ਜਾਂ ਰੱਬ ਹੋ ਨਹੀਂ ਸਕਦਾ। ਇਨ੍ਹਾਂ ਗੱਲਾਂ ਬਾਰੇ ਕੁੱਝ ਕਹਿਣ ਦਾ ਮੇਰਾ ਹੱਕ ਨਹੀਂ ਹੈ। ਮੈਂ ਸਿਰਫ਼ ਦਸ ਸਕਦੀ ਆਂ, ਮੇਰੇ ਨਾਲ਼ ਕੀ ਬੀਤਦਾ। ਹੋ ਸਕਦੈ, ਦਾਗ ਨਹੀਂ ਦਿੱਤੇ ਹੋਣ ਕਰਕੇ ਮੇਰੀ ਰੂਹ ਹਾਲ਼ੇ ਵੀ ਦੁਨੀਆ'ਚ ਫਸੀ ਹੋਈ ਹੈ? ਦੇਵ ਦੀਆਂ ਅੱਖਾਂ ਆਖਰੀ ਚੀਜ਼ ਸਨ, ਜਿਸਨੂੰ ਦੇਖਿਆ ਮੈਂ। ਉਸ ਤੋਂ ਬਾਅਦ ਸ਼ਾਂਤੀ ਆ ਗਈ।ਮੈਨੂੰ ਕੋਈ ਨਰਾਜ਼ਗੀ ਨਹੀਂ ਹੈ ਕਿ ਮੈਨੂੰ ਮਰਵਾਇਆ ਗਿਆ। ਨਾ ਹੀ ਕਿ ਮੈਨੂੰ ਨਦੀ'ਚ ਡੋਬਿਆ ਗਿਆ, ਤੇ ਨਾ ਹੀ ਇਸ ਲਈ ਮੇਰਾ ਸਿਰ ਭੰਨਿਆ ਗਿਆ। ਪਰ ਮੈਂ ਇਸ ਭੂਤ ਹਾਲ਼'ਚ ਰਹਿਣਾ ਏ ਜਿੰਨਾ ਚਿਰ ਮਾਂ ਨੂੰ ਪਤਾ ਨਹੀਂ ਲੱਗਣਾ ਕਿ ਡੈਡੀ ਨੇ ਇਹ ਸਭ ਕੁੱਝ ਕਰਵਾਇਆ। ਮਾਂ ਨੂੰ ਫਿਕਰ ਹੋਵੇਗਾ ਕਿ ਮੈਂ ਅਲੋਪ ਹੋ ਗਈ। ਮਾਂ ਨੂੰ ਜਰੂਰ ਫਿਕਰ ਹੋਵੇਗਾ? ਮੈਨੂੰ ਮਾਰਨ ਤੋਂ ਪਹਿਲਾ ਦੇਵ ਨੇ ਆਵਦਾ ਨਾਂ ਦੱਸਦਿਆਂ ਸਾਫ਼ ਸਾਫ਼ ਦੱਸਿਆ, ਡੈਡੀ ਨੇ ਇੱਜ਼ਤ ਲਈ ਉਸਨੂੰ ਪੈਸੇ ਦਿੱਤੇ ਸਨ ਮੈਨੂੰ ਮਰਵਾਉਣ ਲਈ। ਕਿਉਂ?ਮੈਂ ਇੰਗਲਿਸ਼ਤਾਨ ਦੇਸ ਦੀ ਹਾਂ। ਫਿਰ ਮੈਂ ਇਸ ਦੇਸ ਦੇ ਹਿਸਾਬ ਨਾਲ਼ ਹੀ ਜਿਉਣਾ ਹੈ, ਹੈ ਨਾ? ਮੈਨੂੰ ਮੁਸਲਮਾਨਾਂ ਦੇ ਮੁੰਡੇ ਨਾਲ਼ ਪ੍ਰੇਮ ਹੋ ਗਿਆ। ਹੋਰ ਕਈ ਮੈਨੂੰ ਸੁਣਦਾ ਨਹੀਂ ਸੀ, ਮਦਦ ਨਹੀਂ ਕਰਦਾ ਸੀ। ਪਰ ਇਹ ਮੁੰਡਾ ਸੁਣਦਾ ਸੀ। ਇਸ ਕਰਕੇ ਉਸਦੇ ਚੱਕਰ ਵਿੱਚ ਪੈ ਗਈ। ਜਦ ਡੈਡੀ ਨੂੰ ਪਤਾ ਲੱਗ ਗਿਆ, ਮੈਨੂੰ ਕਾਫ਼ੀ ਕੁੱਟਿਆ। ਇੱਦਾਂ ਤਾਂ ਹੋਣਾ ਹੀ ਸੀ। ਮੈਂ ਹੀ ਨਾਦਾਨ ਸੀ।

ਪਾਕਿਸਤਾਨੀ ਗੁੰਡੇ ਕਈ ਕੁੜੀਆਂ ਨੂੰ ਫਸਾਉਂਦੇ ਨੇ। ਇਸ ਬਾਰੇ ਹਰ ਗੁਰਦਆਰੇ'ਚ ਇਸ਼ਤਿਹਾਰ ਲਾਏ ਹੋਏ ਨੇ। ਉਨ੍ਹਾਂ ਤੇ ਨਿਕਰਮਣਾਂ ਵਾਲ਼ੀਆਂ ਦੀਆਂ ਕਈ ਕਹਾਣੀਆਂ ਹਨ। ਇਸ ਡਰ ਨੇ ਡੈਡੀ ਵਰਗਿਆਂ ਦੇ ਤਅੱਸਬ ਵਧਾਏ ਨੇ। ਮੇਰੇ ਯਾਰ ਦਾ ਨਾਂ ਅਜ਼ੀਮ ਹੈ। 'ਜ਼ੀਮ ਦੇ ਪਿਤਰੇਰ ਨੇ ਵੀ ਇਸ ਤਰ੍ਹਾਂ ਸਿੰਘਣੀਆਂ ਫਸਾਈਆਂ ਸਨ। ਜ਼ੀਮ ਨੇ ਖੁੱਲ੍ਹ ਕੇ ਮੈਨੂੰ ਦੱਸਿਆ ਸੀ, ਪਰ ਕਹਿੰਦਾ ਸੀ , *ਮੈਂ ਨ੍ਹੀਂ ਐਸੇ ਕੰਮ ਕਰਦਾ*। ਹੋ ਸਕਦਾ ਮੇਰੇ ਡੈਡੀ ਨੂੰ ਉਸਦੇ ਪਿਤਰੇਰ ਬਾਰੇ ਪਤਾ ਲੱਗ ਗਿਆ? ਹੋ ਸਕਦਾ ਏ ਮੇਰੇ ਪਿੱਠ ਪਿੱਛੇ ਜ਼ੀਮ ਐਸੇ ਕੰਮ ਕਰਦਾ ਹੋਵੇ? ਪਰ ਮੈਨੂੰ ਉਸਨੇ ਖਰਾਬ ਨਹੀਂ ਕੀਤਾ! ਸਗੋਂ ਮੇਰੀਆਂ ਗੱਲਾਂ ਬਾਤਾਂ ਸੁਣਦਾ ਸੀ। ਮੇਰੇ ਭਰਾ ਅਤੇ ਉਸਦੇ ਦੋਸਤ ਜੋ ਮਰਜੀ ਕਰਦੇ ਤੇ ਸਮਾਜ ਕੁੱਝ ਨਹੀਂ ਕਹਿੰਦਾ…ਪੰਜਾਬੀ ਸਮਾਜ। ਅੰਗ੍ਰੇਜ਼ ਸਮਾਜ'ਚ ਤਾਂ ਵੈਸੇ ਹੀ ਖੁੱਲ੍ਹ ਹੈ। ਮੁੰਡੇ ਅੱਧੀ ਰਾਤ ਤੱਕ ਬਾਹਰ ਜਾ ਸਕਦੇ ਨੇ। ਸ਼ਰਾਬ ਪੀ ਸਕਦੇ ਨੇ…ਗੋਰੀਆਂ ਰੱਖ ਸਕਦੇ ਨੇ, ਤੇ ਸਮਾਜ ਕੁੱਝ

ਨਹੀਂ ਕਹਿੰਦਾ। ਪਰ ਜੇ ਕੋਈ ਪੰਜਾਬਣ ਕੁੜੀ ਨੇ ਬਾਹਰ ਜਾਣ ਦਾ ਸੋਚਿਆ, ਜਾਂ ਪੀਣ ਦਾ, ਜਾਂ ਸਕੂਲ ਦੀ ਕੋਈ ਗੋਰੀ ਸਹੇਲੀ ਦੇ ਘਰ ਠਹਿਰਨ ਦਾ..ਖਬਰਦਾਰ! ਇਸ ਕਰਕੇ ਮੈਂ ਖਿਝ ਖਿਝ ਵਿੱਚ ਬਾਗ਼ੀ ਬਣ ਗਈ ਸੀ! ਕਿਉਂ ਨਹੀਂ?ਇਸ ਮੁਲਕ ਦੇ ਹਿਸਾਬ ਨਾਲ਼ ਮੇਰੇ ਕੋਲ਼ੇ ਭਰਾ ਤੋਂ ਵੀ ਜਿਆਦਾ ਹੱਕ ਨੇ! ਪਰ ਨਹੀਂ, ਬਾਪ ਦੀ ਤਾਂ ਹੋਰ ਗੱਲ ਹੈ, ਮਾਂ ਨੇ ਵੀ ਨਹੀਂ ਮੰਨਿਆ। ਇਸ ਮੁਲਕ ਦੀ ਨਜ਼ਰ ਵਿੱਚ ਸਭ ਬਰਾਬਰ ਹਨ। ਪਰ ਪੰਜਾਬੀਆਂ ਦੀਆਂ ਅੱਖਾਂ'ਚ ਨਹੀਂ! ਸੋ ਕਾਹਤੋਂ ਮੈਂ ਪੰਜਾਬੀ ਸੱਭਿਆਚਾਰ ਦੇ ਨਾਲ਼ ਰਲ਼ਾਂ? ਜੇ ਉਸ ਦੇਸ਼ ਦੇ ਹਿਸਾਬ ਨਾਲ਼ ਜਿਉਣਾ ਸੀ, ਉੱਥੇ ਰਹਿਣਾ ਸੀ! ਮੈਂ ਘਰ ਕੁੱਝ ਨਹੀਂ ਸੀ।ਮੈਨੂੰ ਤਾਂ ਬਹੁਤ ਹਾਸਾ ਆਉਂਦਾ ਹੈ ਜਦ ਕੋਈ ਸਟੂਪਿਡ ਹਿੰਦੀ ਫਿਲਮ ਵੱਲ ਟੀਵੀ ਤੇ ਦੇਖਦੀ ਹਾਂ। ਹਰ ਪਿਕਚਰ ਵਿੱਚ ਮਰਦ ਬਹਾਦਰ ਹੈ, ਤੇ ਤੀਵੀਂ ਕਮਜ਼ੋਰ, ਆਵਦੇ ਪੁੱਠੇ ਮਰਦ ਦੇ ਪੈਰਾਂ ਨੂੰ ਹੱਥ ਲਾਉਂਦੀ! ਉਸਨੂੰ ਦੇਵ ਆਖਦੀ (ਦੇਵ? ਉਸਨੇ ਹੀ ਮੈਨੂੰ ਮਾਰਿਆ, ਹੈ ਨਾ?) ਪੂਜਾ ਕਰਦੀ। ਉਸ ਤੋਂ ਕੁੱਟ ਖਾਂਦੀ, ਰੋਹਬ ਜਰਦੀ। ਜਨਾਨੀ ਦੇਵੀ ਘੱਟ ਹੈ (ਭਾਵੇਂ ਬੇਸ਼ੁਮਾਰ ਬੁੱਤਾਂ ਦੀ ਪੂਜਾ ਕਰਦੇ ਨੇ!), ਵੱਧ ਫਾਲਤੂ ਪਾਲ਼ਤੂ ਹੈ! ਨਹੀਂ ਮੈਂ ਨਹੀਂ ਬਾਪ ਦੀ ਗੱਲ ਸੁਣਨੀ!

ਸਕੂਲ ਜਾਣ ਤੋਂ ਤਾਂ ਸ਼ਰਮ ਆਉਂਦੀ ਸੀ ਜਦ ਸਭ ਨੂੰ ਦੱਸਿਆ ਕਿ ਅਜਨਬੀ ਨਾਲ਼ ਸ਼ਾਦੀ ਕਰਨੀ ਪੈਣੀ ਹੈ, ਜਾਂ ਪੁਲ਼ਸ ਨੂੰ ਕੁੱਟ ਕਟਾਪੇ ਦੀ ਰਿਪੋਰਟ ਕਰਨ ਤੋਂ ਡਰ ਲਗਦਾ ਸੀ। ਲੋਕ ਹੈਰਾਨ ਸੀ ਕਿੰਨੇ ਤੰਗ ਦਿਮਾਗ ਹਨ ਸਾਡੇ। ਮੈਂ ਕੌਣ ਹਾਂ? ਰੂਹ ਕਹਿੰਦੀ ਮੈ ਉਥੋਂ ਹਾਂ, ਮਨ ਦੱਸਦਾ ਏ ਮੈ ਏਥੋਂ ਹਾਂ।ਖਿੱਚਦੀ ਏ ਪੰਜਾਬ ਦੀ ਰੀਤ, ਸਮਝਦੀ ਕੇਵਲ ਪੱਛਮ ਦਾ ਗੀਤ।ਨਾ ਇਸ ਪਾਸੇ, ਨਾ ਹੀ ਉਸ ਪਾਸੇ, ਮੇਰੀ ਪ੍ਰੇਸ਼ਾਨੀ ਪੈਦਾ ਕਰਦੀ ਰਹੀ ਹਾਸੇ।ਜੇ ਤੁਸੀਂ ਏਧਰ ਆਏ ਹੋ, ਫੇਰ ਕਿਉਂ ਝਾਕਦੇ ਉਧਰ ਨੂੰ? ਮਨ ਰਹਿੰਦਾ ਏਧਰ ਰੂਹ ਜਾਂਦੀ ਉਧਰ, ਹੁਣ ਦੱਸੋ ਕਿ ਮੈਂ ਹਾਂ ਦੇਸੀ ਕਿ ਪੂਰੀ ਹਾਂ ਵਿਦੇਸੀ? ਡੈਡੀ ਦੇ ਖਿਆਲ ਮੇਰੇ ਲਈ ਵਿਦੇਸੀ ਨੇ! ਪਰ ਉਨ੍ਹਾਂ ਲਈ ਮੇਰੇ ਵਿਦੇਸੀ ਨੇ! ਇਸ ਲਈ ਉਸਨੇ ਦੇਵ ਨੂੰ ਕਿਰਾਏ ਤੇ ਲਿਆ ਮੈਨੂੰ ਮਾਰਨ ਲਈ; ਜ਼ੀਮ ਨੂੰ ਮਾਰਨ ਲਈ। ਦੇਵ ਨੇ ਉਸਨੂੰ ਵੀ ਮਾਰਿਆ ਸੀ। ਜਰੂਰ ਮਾਰਿਆ ਹੈ! ਸਾਨੂੰ ਵੱਖਰਾ ਕਰ ਦਿੱਤਾ। ਫਿਰ ਪੱਥਰ...ਹਾਂ ਫਿਰ ਪੱਥਰ। ਮੈਨੂੰ ਖਿੱਚੀ ਜਾਂਦਾ ਏ, ਦੂਰਮਤ ਬਾਪ ਤੋਂ, ਥੋੜ੍ਹ-ਦਿਲੀ ਮਾਂ ਤੋਂ ਅਤੇ ਅਣਗਹਿਲੇ ਵੀਰ ਤੋਂ...ਤਲ ਵੱਲ...ਧੁੰਧੂਕਾਰ ਵੱਲ..ਖ਼ਾਕ'ਚ ਰਲਦੀ। ਜ਼ੀਮ ਤੋਂ ਦੂਰ ਖਿੱਚਦਾ। ਮੇਰੇ ਪਿਆਰੇ ਜ਼ੀਮ ਤੋਂ। ਮੈਂ ਸਾਰੇ ਪਾਸੇ ਉਸਨੂੰ ਭਾਲਦੀ ਰਹੀ, ਪਰ ਢੂੰਡ ਨਾ ਸਕੀ। ਜ਼ੀਮ ਤਾਂ ਮੇਰਾ ਸੁਰ ਸੀ; ਹੁਣ ਬਾਪੂ ਨੇ ਉਸਦਾ ਕੀ ਕਰ ਦਿੱਤਾ? ਕਿੱਸੇ ਜਿੰਨੇ



ਮਰਜ਼ੀ ਹੋਣ ਪੰਜਾਬ'ਚ, ਪਰ ਸੱਚ ਵਿੱਚ ਪ੍ਰੇਮ ਨੂੰ ਨਪਾਕ ਸਮਝਦੇ ਨੇ ਪੰਜਾਬੀ। ਜਦ ਦੇਵ ਨੇ ਗੱਡੀ ਦਾ ਬੂਟ ਖੋਲ੍ਹਿਆ, ਡੈਡੀ ਨਾਲ਼ ਗੱਲ ਬਾਤ ਕਰਦਾ ਸੀ। ਡੈਡੀ ਨੂੰ ਸਬੂਤ ਪੇਸ਼ ਕਰ ਰਿਹਾ ਸੀ ਕਿ ਮੈਨੂੰ ਮਾਰ ਦਿੱਤਾ ਹੈ। ਪਰ ਜਿਸ ਆਦਮੀ ਦਾ ਮੁਖੜਾ ਮੇਰੀ ਲੋਥ ਵੱਲ ਝਾਕਦਾ ਸੀ, ਡੈਡੀ ਨਹੀਂ ਸੀ। ਮੈਨੂੰ ਉਸ ਵੇਲੇ ਹੀ ਸਮਝ ਆ ਗਈ ਕਿ ਦੇਵ ਨੇ ਤਾਂ ਮੈਨੂੰ ਗਲਤੀ ਵਿੱਚ ਮਾਰ ਦਿੱਤਾ ਸੀ। ਇਹ ਤਾਂ ਹੋਰ ਕਿਸੇ ਦਾ ਬਾਪ ਸੀ। ਕਦੀ ਹੋ ਸਕਦਾ ਏ ਮੇਰਾ ਬਾਪ ਅਜਿਹਾ ਕਰਵਾਵੇ? ਹੋ ਸਕਦੈ ਮਾਂ ਉਸਨੂੰ ਰੋਕੇ ਨਾ? ਹੋ ਸਕਦੈ ਭਰਾ ਸੁਮੱਤ ਨਾ ਦੇਵੇ? ਸੋ ਮੈਨੂੰ ਨਦੀ ਵਿੱਚ ਸੁੱਟ ਦਿੱਤਾ, ਇੱਕ ਗੁੱਦੜ ਗੁੱਡੀ। ਡੈਡੀ ਹੁਣੀ ਤਾਂ ਮੈਨੂੰ ਟੋਲ੍ਹਦੇ ਪਾਗਲ ਹੋ ਗਏ ਹੋਣਗੇ! ਜ਼ੀਮ ਵੀ ਮੈਨੂੰ ਲੱਭਦਾ ਹੋਏਗਾ? ਸੱਚ ਹੈ ਜਦ ਦੀ ਜਾਨ ਗਈ ਹੈ ਮੈਂ ਤਾਂ ਚੱਕਰ ਖਾ ਗਈ। ਮੈਨੂੰ ਨਹੀਂ ਪਤਾ ਲੱਗਦਾ ਮੈਂ ਕੀ ਕਹਿੰਦੀ ਹੈ ਜਾਂ ਕੀ ਸੋਚਦੀ ਹਾਂ। ਜ਼ੀਮ ਨੂੰ ਟੋਲ੍ਹਨ ਗਈ। ਸਾਰੇ ਪਾਸੇ ਉੱਡਦੀ। ਹਾਰ ਕੇ ਲੱਭ ਗਿਆ। ਸਕੂਲ ਦੇ ਲਾਂਘ ਦੀਆਂ ਪੌੜੀਆਂ ਤੇ ਬੈਠਾ ਸੀ, ਨਿਰਾਸ਼। ਮੈਂ ਉਸ ਨੂੰ ਕਹਿਣਾ ਚਾਹੁੰਦੀ ਸੀ, *ਫਿਕਰ ਨਾ ਕਰ ਪਿਆਰਿਆ, ਫਿਕਰ ਨਾ ਕਰ*। ਪਰ ਮੇਰੀ ਆਵਾਜ਼ ਉਸ ਦੇ ਤੱਕ ਨਹੀਂ ਗਈ ਪਹੁੰਚੀ। ਸ਼ਾਇਦ ਕੰਨਾਂ ਦੇ ਦਰਵਾਜ਼ੇ ਬੰਦ ਸਨ। ਮੈਂ ਉਸਦਾ ਮੱਥਾ ਚੁੰਮਿਆ। ਉਸਨੂੰ ਸੋਝੀ ਵੀ ਨਹੀਂ ਸੀ। ਮੈਂ ਆਵਦੇ ਮਾਂ-ਪਿਉ ਦੇ ਘਰ ਉੱਡ ਕੇ ਗਈ। ਲੋਕ ਦੁੱਖ ਸੁੱਖ ਕਰਨ ਲਈ ਸਭ ਅਫ਼ਸੋਸ ਤੇ ਆਏ ਹੋਏ ਸਨ। ਪਰ ਹਾਲੇ ਤੱਕ ਪੁਲ਼ਸ ਨੂੰ ਮੇਰੀ ਲਾਸ਼ ਤਾਂ ਮਿਲੀ ਵੀ ਨਹੀਂ ਸੀ। ਘਰ ਵਿੱਚ ਸਭ ਰੋਂਦੇ ਸਨ। ਮਾਂ ਦਾ ਬੇਹਾਲ ਹੋਇਆ ਪਿਆ ਹੈ। ਕਿੱਸੇ ਨੂੰ ਕੁੱਝ ਨਹੀਂ ਪਤਾ। ਮੈਂ ਜੋਰ ਦੇਣੀ ਬੋਲੀ ਪਰ ਮੇਰੀ ਆਵਾਜ਼ ਤਾਂ ਕਿਸੇ ਦੇ ਕੰਨਾਂ ਤੱਕ ਪਹੁੰਚੀ ਨਹੀਂ। ਹਾਂ, ਅਫ਼ਸੋਸ ਤੇ ਸਭ ਆਏ। ਬੰਦੇ ਮੂਹਰਲੇ ਕਮਰੇ'ਚ ਚਿੱਟੀਆਂ ਚਾਦਰਾਂ'ਤੇ ਬੈਠੇ ਇੱਧਰ ਉਧਰ ਦੀਆਂ ਗੱਲਾਂ ਕਰਦੇ ਸਨ। ਡੈਡ ਉਨ੍ਹਾਂ 'ਚ ਭੁਸਲਾ ਹੋਇਆ ਬੈਠਾ ਸੀ। ਪਿਛਲੇ ਕਮਰੇ'ਚ ਮਾਂ ਰੋ ਰੋ ਕੇ ਅੰਬੀ ਹੋਈ ਸੀ। ਉਸਦੇ ਆਲੇ ਦੁਆਲੇ ਬੀਬੀਆਂ ਕੀਰਨੇ ਪਾਉਂਦੀਆਂ ਸਭ ਕੁੱਝ ਰਬ ਤੇ ਲਾਉਂਦੀਆਂ ਸਨ। ਰੱਬ ਦਾ ਕੀ ਮਤਲਬ ਹੈ? ਇਹ ਤਾਂ ਦੇਵ ਨੇ ਹੀ ਕੀਤਾ ਹੈ। ਅਰਸ਼ੀ ਦੇਵ ਨੇ ਨਹੀਂ, ਪਰ ਜਮੀਨੀ ਦੇਵ ਨੇ। ਇੱਕ ਪਾਸੇ ਸਿੰਮੀ ਬੈਠੀ ਸੀ। ਚੁੱਪ ਚਾਪ, ਮਨ ਵਿੱਚ ਭੁੱਬਾਂ ਮਾਰਦੀ। ਉਸ'ਤੇ ਹੀ ਮੈਂ ਹੱਥ ਰੱਖਿਆ। ਉਸ ਨੂੰ ਮਹਿਸੂਸ ਹੋਇਆ ਕਿ ਹਵਾ ਨੇ ਉਸਨੂੰ ਛੁਹਿਆ। ਪਰ ਹਵਾ ਤਾਂ ਕਿਸੇ ਪਾਸਿਓਂ ਆਉਂਦੀ ਨਹੀਂ ਸੀ। ਇਸ ਕਰਕੇ ਮੈਨੂੰ ਪਤਾ ਲੱਗ ਗਿਆ ਕੋਈ ਤਾਂ ਹੈ ਜਿਸਨੂੰ ਮੇਰੀ ਮੌਜੂਦਗੀ ਦਾ ਪਤਾ ਲੱਗਿਆ! ਪਰ ਜੋ ਰੂਬਰੂ ਹੈ ਉਸਦਾ ਉਸਨੂੰ ਨਹੀਂ ਪਤਾ! ਮੈਂ ਚਿੱਤਰ-ਗੁਪਤ ਵਾਂਗ ਲੁਪਤ ਹਾਂ। ਇਸ

ਲਈ ਮੈਂ ਉਸ ਨਾਲ਼ ਬੋਲਣ ਦੀ ਕੋਸ਼ਿਸ਼ ਕੀਤੀ। ਪਰ ਉਸ ਨੇ ਸੁਣਿਆ ਨਹੀਂ। ਉਸ ਵੱਲ ਝਾਕਦੀ ਨੂੰ ਮੇਰੇ ਬਚਪਨ ਬਾਰੇ ਯਾਦ ਆ ਗਿਆ। ਮੈਂ ਵੀ ਉਸ ਵਾਂਗ ਹੁੰਦੀ ਸੀ। ਮੈਂ ਇੱਕ ਸਮੇਂ ਡੈਡੀ ਦੀ ਲਾਡਲੀ ਸੀ। ਉਸ ਨੇ ਉਸ ਵੇਲੇ ਮੈਨੂੰ ਬਹੁਤ ਪਿਆਰ ਦਿੱਤਾ। ਪਰ ਜਿਉਂ ਜਿਉਂ ਵੱਡੀ ਹੁੰਦੀ ਗਈ, ਮੇਰੇ ਵੱਲ ਜ਼ਿਹਨੀਅਤ ਬਦਲਦੀ ਗਈ। ਮੈਂ ਮੁੰਡਿਆਂ ਕੋਲ਼ ਖੜ੍ਹ ਨਹੀਂ ਸਕਦੀ ਸੀ, ਭਾਵੇਂ ਸਕੂਲ'ਚ ਖੇਲ੍ਹ ਸਕਦੀ ਸੀ ਉਨ੍ਹਾਂ ਨਾਲ਼। ਮੈਂ ਮੇਰੀਆਂ ਸਹੇਲੀਆਂ ( ਜਿਹੜੀਆਂ ਜ਼ਿਆਦਾ ਅੰਗ੍ਰੇਜ਼ਣਾਂ ਸਨ) ਦੇ ਘਰ ਨਹੀਂ ਜਾ ਸਕਦੀ ਸੀ, ਭਾਵੇਂ ਹਰ ਰੋਜ ਸਕੂਲ ਗੱਲ ਬਾਤ ਕਰਦੀ ਸੀ। ਮੈਨੂੰ ਪਰਦਾਪੋਸ਼ੀ ਕੱਪੜੇ ਪਾਉਣੇ ਪੈਂਦੇ ਸੀ। ਜਿਸ ਸਮਾਜ ਵਿੱਚ ਪਾਲ਼ੀ, ਉਸ ਤੋਂ ਅਲੱਗ ਰਖ ਰਹੇ ਸੀ। ਮੈਂ ਕਿੱਥੇ ਖ਼ੁਸ਼ ਸੀ? ਇਹ ਤਾਂ ਮੇਰਾ ਮੁਲਕ ਹੈ! ਮੇਰੇ ਇੱਥੇ ਹੱਕ ਨੇ, ਜਿਹੜੇ ਭਾਰਤ'ਚ ਭਾਵੇਂ ਨਾ ਹੋਵਣਗੇ। ਪਰ ਇੱਥੇ ਮੇਰੇ ਹੱਕ ਹਕੂਕ ਹਨ! ਘਰ ਤਾਂ ਵਰਮੀ ਬਣਾ ਦਿੱਤਾ ਸੀ! ਮੇਰੇ ਕੋਲ਼ ਹੋਰ ਛੁਟਕਾਰਾ ਨਹੀਂ ਸੀ। ਇਸ ਲਈ ਪੜ੍ਹਾਈ'ਚ ਲੱਗ ਗਈ। ਭਰਾ ਤੋਂ ਜ਼ਿਆਦਾ ਹੁਸ਼ਿਅਰ ਬਣ ਗਈ, ਭਾਵੇਂ ਉਹ ਜੋ ਮਰਜ਼ੀ ਕਰ ਸਕਦਾ ਸੀ ਅਤੇ ਜਿੱਥੇ ਮਰਜੀ! ਮਨ ਵਿੱਚ ਜ਼ੀਮ ਦੀ ਆਵਾਜ਼ ਬੰਦੀ ਹੋ ਗਈ। ਭਰਾ ਮੇਰਾ ਤਾਂ ਹੁਣ ਇੱਥੇ ਨਹੀਂ ਸੀ! ਉਸ ਨੂੰ ਅਤੇ ਉਸ ਦੇ ਟੋਲ਼ੇ ਨੂੰ ਸ਼ੱਕ ਸੀ ਕਿ ਜ਼ੀਮ ਮੈਨੂੰ ਲੈ ਕੇ ਉੱਡ ਗਿਆ। ਜ਼ੀਮ ਨੂੰ ਮਾਰਨ ਗਏ। ਮੈਂ ਵੀ ਇਸ ਥਾਂ ਤੋਂ ਉੱਡ ਗਈ; ਸਿੰਮੀ ਨੇ ਹੱਥ ਅੱਗੇ ਕੀਤਾ, ਪਰ ਮੈਂ ਤਾਂ ਹੁਣ ਹੈ ਨਹੀਂ ਸੀ! ਸ਼ੁਰੂ ਤੋਂ ਇੰਗਲੈਂਡ ਵਿੱਚ ਪੰਜਾਬੀਆਂ'ਚ ਫੁੱਟ ਹੈ। ਪਾਕਿਸਤਾਨੀ ਤੇ ਭਾਰਤੀ ਪੰਜਾਬੀਆਂ ਵਿੱਚ। ਪਾਰਟੀਸ਼ਨ ਨੇ ਸਭ ਵਿੱਚ ਬਟਵਾਰਾ ਪਾ ਦਿੱਤਾ ਸੀ। ਫਿਰ ਸਿੱਖ ਹਿੰਦੂ'ਚ ਵੀ ਖਲੀਜ ਪੈ ਗਈ ਹੈ, ਦਿੱਲੀ ਦੇ ਘੂੱਲੂਘਾਰੇ ਕਰਕੇ। ਪਰ ਜ਼ਿਆਦਾ ਨਫਰਤ ਮੁਸਲਮਾਨਾਂ ਨਾਲ਼ ਹੀ ਸੀ। ਇਸ ਲਈ ਕਈ ਮੁੰਡੇ ਉਨਾਂ ਨਾਲ਼ ਟੱਕਰ ਲੈਂਦੇ ਹਨ।ਮੇਰੀ ਮੌਤ ਭਾ ਜੀ ਲਈ ਬਹਾਨਾ ਬਣ ਗਿਆ।ਹਾਕੀ ਤੇ ਚਾਕੂਆਂ ਆਦਿ ਨਾਲ਼ ਜ਼ੀਮ ਦੇ ਘਰ ਵੱਲ ਤੁਰ ਪਏ। ਉੱਥੇ ਘਰ ਦੇ ਬਾਹਰ ਸੜਕ ਤੇ ਸੰਘ ਪਾੜੇ।ਪਰ ਘਰ ਤੋਂ ਕੋਈ ਬਾਹਰ ਨਹੀਂ ਆਇਆ। ਜ਼ੀਮ ਉੱਥੇ ਹੈ ਨਹੀਂ ਸੀ। ਕੁੱਝ ਹੋਰ ਪਾਕਿਸਤਾਨੀ ਮੁੰਡੇ ਬਾਹਰ ਆ ਗਏ ਅਤੇ ਸੜਕ ਤੇ ਖੱਪ ਪਾਈ,ਕੁੱਟ ਕਟਾਪਾ ਹੋਇਆ। ਕਿਸੇ ਨੇ ਵੀਰੇ ਨੂੰ ਗੱਡੀ'ਚ ਬਿਠਾ ਕੇ ਦੱਸ ਦਿੱਤਾ ਕਿ ਜ਼ੀਮ ਕਿੱਥੇ ਹੈ ਤੇ ਉਸ ਵੱਲ ਤੁਰ ਪਏ। ਮੇਰੇ ਵਿਚਾਰੇ ਜ਼ੀਮ ਨੂੰ ਲੱਭ ਲਿਆ।ਮੈਂ ਆ ਪਹੁੰਚੀ ਪਰ ਮੈਂ ਤਾਂ ਸਭ ਲਈ ਭੂਤ ਤੋਂ ਵੀ ਘੱਟ ਸੀ।ਪਾਰਦਰਸ਼ਕ ਹੋਂਦ ਨੇ ਮੈਨੂੰ ਅਣਡਿੱਠ ਰੱਖਿਆ।ਮੈਂ ਦੋਨਾਂ ਦੇ ਵਿਚਾਲੇ ਖੜ੍ਹੀ ਸੀ ਪਰ ਭਰਾ ਦੀ ਹਾਕੀ ਲੰਘ ਲੰਘ ਕੇ ਜ਼ੀਮ ਦੇ ਬਦਨ ਤੇ ਵੱਜੀ। ਮੈਂ ਕੁੱਝ ਨਹੀਂ ਕਰ ਸਕਦੀ। ਅਲੋਕ ਹੀ ਹਾਂ। ਬਸ ਇੱਕ ਸੋਚ



ਨਾਲ਼ ਸਿੰਮੀ ਕੋਲ਼ ਵਾਪਸ ਪਰਤੀ। ਉਹ ਹਾਲੇ ਉੱਥੇ ਹੀ ਸੀ। ਮੈਂ ਬੋਲੀ। ਮੇਰੀ ਆਵਾਜ਼ ਤਾਂ ਸੁਣੀ ਨਹੀਂ ਉਹਨੇ; ਪਰ ਮੇਰੀ ਤਸ਼ਰੀਫ਼ ਮਹਿਸੂਸ ਕੀਤੀ। ਮੈਂ ਉਸਦੇ ਮਨ'ਚ ਵੜ ਗਈ।ਹਾਂ, ਮੇਰੇ ਵਰਗੀ ਹੀ ਸੀ। ਮੈਂ ਉਸਦਾ ਦਿਮਾਗ ਪੜ੍ਹਿਆ; ਜੋ ਅੰਦਰ ਸੀ ਫਿਲਮ ਵਾਂਗ ਵੇਖਿਆ। ਇਸ ਤੋਂ ਲੁਤਫ਼ ਆਇਆ, ਪਰ ਦੁੱਖ ਵੀ। ਉਸਦਾ ਬਾਪ ਉਸਨੂੰ ਡਰਾਕੇ ਰੱਖਦਾ ਸੀ; ਇਸ ਬਾਰੇ ਪਤਾ ਲੱਗਿਆ। ਸਕੂਲ'ਚ ਗੋਰੇ *ਪੈਕੀ * ਆਖਦੇ ਨੇ।ਇਸ ਲਈ ਕੱਲਮ-ਕੱਲੀ ਰਹਿੰਦੀ ਹੈ।ਸਿਰਫ ਕਿਤਾਬਾਂ ਹੀ ਉਸਦੀਆਂ ਸਹੇਲੀਆਂ ਹਨ। ਸਕੂਲ ਦੀ ਮਾਸਟਰਨੀ ਨੇ ਕਿਹਾ ਹੈ ਕਿ ਤੂੰ ਖੇਡਾਂ 'ਚ ਬਹੁਤ ਕਾਮਯਾਬ ਹੋ ਸਕਦੀ ਏਂ, ਪਰ ਇਸ ਮਾਮਲੇ'ਚ ਟੱਬਰ ਨੇ ਕਦਮ ਨਹੀਂ ਚੁੱਕਿਆ। ਇਸ ਲਈ ਸੁਪਨੇ ਪੂਰੇ ਨਹੀਂ ਹੋਏ। ਹੋਰ ਕੁੜੀਆਂ ਯਾਰ ਚੁਣ ਸਕਦੀਆਂ ਸਨ। ਪਰ ਸਿੰਮੀ ਨੂੰ ਦੁੱਖ ਸੀਗਾ ਕਿ ਕਿਸੇ ਓਪਰੇ ਬੰਦੇ ਨਾਲ਼ ਵਿਆਹ ਕਰਵਾ ਦੇਣਾ ਹੈ। ਜਿਸ ਤਰ੍ਹਾਂ ਦਾ ਸਮਾਜ ਹੈ, ਉਸ ਤਰ੍ਹਾਂ ਬਣਨ ਨਹੀਂ ਦਿੰਦੇ। ਉਸਦਾ ਦੁੱਖ ਮੇਰਾ ਦੁੱਖ ਹੈ। ਮੈਂ ਉਸ ਨੂੰ ਬਲਾਉਣ ਦੀ ਕੋਸ਼ਿਸ਼ ਕੀਤੀ। ਪਰ ਮੇਰੇ ਲਫ਼ਜ ਉਸਦੇ ਬੁੱਲ੍ਹਾਂ ਤੋਂ ਛੁੱਟੇ! ਉਸ ਪਲ, ਮੈਂ ਸਮਝ ਗਈ ਕਿ ਉਸਨੂੰ ਖੋਹ ਮੋਹ ਲਿਆ। ਮੈਂ ਉਸਦੇ ਅੰਗ ਹਿਲਾਏ! ਉਸਨੂੰ ਉਠਾਕੇ ਆਵਦੀ ਮਾਂ ਵੱਲ ਲੈ ਗਈ ਤੇ ਮਾਂ ਨੂੰ ਉਸਦੇ ਮੂੰਹ ਰਾਹੀਂ ਕਿਹਾ, *ਮੈਨੂੰ ਗੁੰਡੇ ਨੇ ਮਾਰਿਆ ਮਾਈ। ਗੁੰਡੇ ਨੇ। ਜ਼ੀਮ ਨੂੰ ਪਿਆਰ ਕਰਦੀ ਹਾਂ। ਇਸ ਵਿੱਚ ਕੀ ਗਲਤ ਐ?*। ਸਿੰਮੀ ਦੀ ਮਾਂ ਨਾਲ਼ ਹੀ ਬੈਠੀ ਹੈ। ਉਸਨੇ ਉੱਠ ਕੇ ਸਿੰਮੀ ਦੇ ਚਾਂਟਾ ਮਾਰਿਆ। ਸੌਰੀ ਸਿੰਮੀ। ਪਰ ਹੁਣ ਮੈਂ ਜਾਣ ਗਈ ਦੇਵ ਤੇ ਕਿਵੇਂ ਇੰਤਕਾਮ ਲੈਣੈ! ਮੇਰੇ ਹੰਸ ਨੇ ਸਾਰੇ ਪਾਸੇ ਉਸ ਨੂੰ ਟੋਲ੍ਹਿਆ। ਆਦਮੀ ਮਲੀਨ ਹੰਦਾ ਹੈ। ਜਦ ਜਵਾਨੀ ਚੜ੍ਹਦੀ ਐ ਜਿੰਨ੍ਹਾ ਮਰਜੀ ਚੰਗਾ ਹੈ, ਮਨ ਵਿੱਚ ਤੀਵੀਂ ਵੱਲ ਨਫ਼ਸੀ ਨਜਰ ਹੀ ਜਾਂਦੀ ਹੈ। ਆਵਦੀ ਕਮਰ ਨਾਲ਼ ਹੀ ਸੋਚਦਾ ਹੈ। ਇਸਤਰੀ ਖਿਆਲਾਂ ਆਦਤਾਂ'ਚ ਬਾਲਗ ਚੇਤੀ ਬਣ ਜਾਂਦੀ, ਪਰ ਮਰਦ ਤਾਂ ਮਨ ਵਿੱਚ ਮੁੰਡਾ ਹੀ ਰਹਿੰਦਾ ਏ, ਕੱਚੇ ਦਿਮਾਗ ਵਾਲਾ।ਇਨ੍ਹਾਂ ਨਾਲ਼ ਵਿਆਹ ਕਰਨਾ ਸਤੀ ਕਰਨਾ ਹੀ ਹੁੰਦਾ ਹੈ। ਖਾਸ ਦੇਵ ਵਰਗੇ ਸੂਰ। ਮੈਂ ਨਹੀਂ ਕਹਿੰਦੀ ਹਰ ਬੰਦਾ ਐਸਾ ਹੈ, ਪਰ ਜਿਹੜੇ ਕੁਮਾਰਗ ਨਹੀਂ ਗਿਣਤੀ ਦੇ ਨੇ। ਦੇਵ ਵਰਗਾ ਕੋਈ ਗਲਤ ਥਾਂ ਹੀ ਹੋਵੇਗਾ। ਗਲਤ ਕੰਮ ਹੀ ਕਰਦਾ ਹੋਵੇਗਾ। ਚੰਡਾਲ ਚੌਕੜੀ'ਚ ਘੁੰਮਦਾ ਹੋਵੇਗਾ। ਸੋ ਮੈਂ ਵੀ ਉਸ ਤਰ੍ਹਾਂ ਦੀਆਂ ਥਾਵਾਂ ਵੱਲ ਕਦਮ ਵਧਾਏ।

ਇੱਦਾਂ ਦੇ ਥਾਈਂ ਜਾ ਜਾ ਕੇ ਜੋ ਮੈਂ ਵੇਖਿਆ, ਇੱਕ ਹੀ ਸੋਚ ਆਈ ਗਈ, ਬਾਰ ਬਾਰ। ਸਾਡੇ ਭਾਰਤੀ (ਪਾਕਿਸਤਾਨੀ ਵੀ) ਸਭ 'ਗੋਰੇ' ਲੋਕਾਂ ਤੇ ਦੇਸ਼ ਦੇ ਨੁਕਸ ਅਰੋਪਦੇ ਨੇ। ਪਰ ਜਦੋਂ ਦੀ ਅਜ਼ਾਦੀ ਮਿਲੀ ਸੱਚ ਰੰਗ ਇੱਥੋਂ ਦਿਸਦੇ ਨੇ।ਇਲਜ਼ਾਮ

ਗਲਤ ਹੈ। ਸਗੋਂ ਜਿਹੜੇ ਇਧਰ ਆਉਂਦੇ ਆਵਦੇ ਪੁੱਠੇ ਖਿਆਲਾਂ ਨੂੰ ਨਾਲ਼ ਲੈ ਕੇ ਆਉਂਦੇ ਨੇ। ਮੇਰਾ ਜਨਮ ਇੱਧਰ ਹੀ ਹੋਇਆ, ਤੇ ਸੱਚ-ਮੁੱਚ ਇੱਧਰ ਲੋਕ ਅੱਗਾ ਸਵਾਰਦੇ ਨੇ; ਬਿਹਤਰ ਹੈ। ਔਰਤ ਲਈ ਹਿੰਦੁਸਤਾਨ ਨਰਕ ਕੁੰਡ ਹੈ।ਮੈਂ ਦੇਵ ਨੂੰ ਵਾਪਸ ਉਸ ਚੁੱਲ੍ਹੇ ਵਿੱਚ ਪਾਉਣਾ ਏ! ਜਦ ਮੈਂ ਨਿੱਕੀ ਸੀ ਮੇਰਾ ਲਹੂ ਗਰਮ ਹੁੰਦਾ ਸੀ ਜਦ ਹਿੰਦੀ ਫਿਲਮਾਂ'ਚ ਦੇਖਦੀ ਸੀ ਕਿੱਦਾਂ ਜਨਾਨੀ ਨੂੰ ਮਰਦ ਨੂੰ ਪੂਜਣਾ ਪੈਂਦਾ ਸੀ। ਜਿਸ ਨੇ ਮਰਦ ਨੂੰ ਜਨਮ ਦਿੱਤਾ, ਉਸ ਮਦਰ ਨੂੰ ਉਸਨੂੰ ਪੂਜਣਾ ਚਾਹੀਦਾ ਹੈ! ਜੇ ਬੀਬਆਂ ਨੂੰ ਗੁਲਾਮ ਰੱਖਣੈ ਆਵਦੇ ਦੇਸ਼ ਰਹੋ! ਇੱਧਰ ਨਾ ਆਓ! ਹੁਣ ਗੁੱਸਾ ਚੜ੍ਹ ਗਿਆ। ਦੇਵ ਭਾਲਣਾ ਹੀ ਹੈ!ਮੁਲਕ ਉਪਰ ਉਡਦੀ ਨੂੰ ਸਾਫ਼ ਦਿਸਦਾ ਇਸ ਦੇਸ਼ ਨੂੰ ਕਿਉਂ ਪਿਆਰ ਕਰਦੀ ਆਂ। ਇੱਥੋਂ ਜਨਾਨੀ ਕੰਮ ਤੇ ਜਾਂਦੀ ਐ ਤੇ ਜੇ ਆਵਦੇ ਆਦਮੀ ਤੋਂ ਜ਼ਿਆਦਾ ਪੜ੍ਹੀ ਲਿਖੀ ਹੋਵੇ, ਉਸ ਤੋਂ ਵੱਧ ਕਮਾ ਸਕਦੀ ਹੈ। ਇੱਥੇ ਜਾਤ ਪਾਤ, ਕਾਲ਼ੇ ਪੀਲ਼ੇ ਦਾ ਸਵਾਲ ਨਹੀਂ ਹੈ। ਜਿਸ ਔਰਤ ਕੋਲ਼ ਹੀਲਾ ਵਸੀਲਾ ਤੇ ਅਧੀਨ ਹੈ, ਉਸਦੀ ਹੈਸੀਅਤ ਚੰਗੀ ਹੈ। ਪਰ ਇਹ ਸਭ ਕੁੱਝ ਤਾਂ ਹੀ ਹੋ ਸਕਿਆ ਕਿਉਂਕਿ ਰਾਜੀਨੀਤੀ ਨੇ ਤੀਵੀਂ ਦੀ ਕਰਾਂਤੀ ਦੀ ਲਹਿਰ ਤੋਂ ਡਰਕੇ ਵਾਤਾਵਰਨ ਬਦਲ ਦਿੱਤਾ। ਇਸਤਰੀਵਾਦ ਲਈ ਲੜਨਾ ਪਿਆ। ਸੋ ਇਹ ਸਭ ਕੁੱਝ ਧਰਤੀ ਤੇ ਮੈਨੂੰ ਅੰਬਰ ਤੋਂ ਦਿਸਦਾ ਹੈ।ਬਹਿਰੀ ਵਾਂਗ ਉਡਦੀ ਨੂੰ ਸਭ ਕੁੱਝ ਦਿੱਸਦਾ ਹੈ। ਲੋਕ ਕੰਮ ਤੇ ਜਾਂਦੇ, ਸਕੂਲ ਜਾਂਦੇ ਅਤੇ ਬਜ਼ਾਰ ਜਾਂਦੇ। ਲੋਕਾਂ ਦੀ ਲਹਿਰ ਕਾਦੇ ਕੀੜੇ ਵਾਂਗ ਤੁਰਦੇ ਫਿਰਦੇ ਨੇ। ਰਟਨਦਾਰ ਟ੍ਰੇਨਾਂ ਬਸਾਂ ਤੇ ਟੈਕਸੀਆਂ 'ਚ ਤੋਰਾ ਫੇਰੀ ਕਰ ਰਹੇ ਨੇ। ਬਹਿਰੀ ਅੱਖਾਂ ਨੇ ਚੋਰ ਬਜ਼ਾਰੀ ਦਾ ਰੂਪ ਵੀ ਵਿਖਾਇਆ। ਕੋਈ ਚੋਰੀ ਕਰਦਾ ਹੈ, ਕੋਈ ਹਲਾਕ ਕਰਦਾ ਹੈ ਤੇ ਕੋਈ ਤਸਕਰੀ ਕਰਦਾ ਹੈ। ਇਨ੍ਹਾਂ 'ਚ ਮੇਰਾ ਦੇਵ ਹੋਵੇਗਾ। ਇੱਕ ਗਲ਼ੀ'ਚ ਨਾਰੀ ਨਾਲ਼ ਜਬਰ ਜਨਾਹ ਹੋ ਰਿਹਾ ਹੈ। ਮੈਂ ਉੱਧਰ ਗਈ। ਬੰਦਾ ਮੂੰਹ ਕਾਲ਼ਾ ਕਰ ਕੇ ਸੜਕ'ਤੇ ਜਾਕੇ ਜਨਤਾ ਦੀ ਲਹਿਰ 'ਚ ਗੁੰਮ ਗਿਆ। ਪਰ ਮੈਂ ਉਸਨੂੰ ਵੇਖ ਲਿਆ। ਕੁੜੀ ਲਈ ਤਾਂ ਮੈਂ ਕੁੱਝ ਨਹੀਂ ਕਰ ਸਕਦੀ। ਮੈਂ ਉਸ ਆਦਮੀ ਮਗਰ ਜਾਂਦੀ ਹਾਂ। ਸੜਕਾਂ ਦਾ ਰਾਹ ਮਿਲ਼ਦਾ। ਉਸ ਬੰਦੇ ਨੂੰ ਖੜ੍ਹਨਾ ਪੈਂਦੈ। ਉਹ ਸਿਗਰਟ ਨੂੰ ਬਾਲ਼ਦੈ। ਇੱਕ ਪਾਸੋਂ ਬੱਸ ਆ ਰਹੀ ਹੈ। ਉਸਦਾ ਧਿਆਨ ਸੜਕ ਤੇ ਹੈ ਨਹੀਂ। ਹੁਣ ਮੈਂ ਦੇਖਦੀ ਹਾਂ ਭੂਤ ਦਾ ਜੋਰ ਹੈ ਜਾ ਨਹੀਂ! ਉਸ ਬੰਦੇ ਦੇ ਪਿੱਛੇ ਖੜ੍ਹਕੇ ਉਸਨੂੰ ਬੱਸ ਸਾਹਮਣੇ ਘਸੋੜਦੀ ਏਂ।ਹੈਰਾਨ, ਉਸ ਹੇਠ ਮਰ ਜਾਂਦਾ ਹੈ! ਲੋਕ ਸਭ ਵੀ ਹੈਰਾਨ ਨੇ। ਪਰ ਲੋਕਾਂ ਨੂੰ ਕੀ ਹੈ? ਹੋ ਸਕਦੈ ਗਿਰ ਗਿਆ। ਹੋ ਸਕਦੈ ਕਾਹਲੀ 'ਚ ਅੱਗੇ ਡਿੱਗ ਗਿਆ। ਹੋ ਸਕਦੈ ਖੁਦਕੁਸ਼ੀ ਕੀਤੀ। ਮੇਰੇ ਸੀਨੇ ਠੰਡ ਪੈ ਗਈ।ਪਰ ਦੇਵ ਨਾ ਦਿੱਸਿਆ। ਉਸਨੂੰ ਭਾਲਣ ਲਈ ਨਵੀਂ ਜਾਚ ਲਾਉਂਦੀ



ਹਾਂ। ਅੱਖਾਂ ਬੰਦ ਕਰਕੇ ਉਸ ਬਾਰੇ ਸੋਚਦੀ ਹਾਂ। ਜਿੱਥੇ ਵੀ ਐ, ਉੱਥੇ ਮੈਨੂੰ ਪੁਚਾਓ। ਜਦ ਮੈਂ ਆਵਦੀਆਂ ਅੱਖਾਂ ਖੋਲ੍ਹੀਆਂ, ਮੈਂ ਮੇਰੇ ਪਿਆਰੇ ਬਰਤਾਨੀਆਂ'ਚ ਨਹੀਂ ਹਾਂ।ਇਸ ਅਰਸੇ'ਚ ਵੀ ਨਹੀਂ ਹਾਂ।ਪਰ ਭਵਿੱਖ ਨੇ ਠੰਡ ਪਾਈ ਹੈ।ਮੈਂ ਕੱਲ੍ਹ ਦੇਖ ਹੀ ਲਿਆ। ਮੈਂ ਭਲਕ, ਪਰਸੋਂ'ਚ ਤੁਰ ਫਿਰ ਸਕਦੀ ਹਾਂ।

ਮੈਂ ਪੰਜਾਬ'ਚ ਹਾਂ, ਕਿਸੇ ਦੇ ਘਰ...ਉਸਦੇ ਘਰ! ਹੁਣ ਤਾਂ ਉੱਡ ਗਿਆ। ਉਸ ਦੇ ਨਾਲ਼ ਉਸਦਾ ਟੱਬਰ ਹੈ। ਦੇਖਣ'ਚ ਪਾਪੀ ਤਾਂ ਨਹੀਂ ਲੱਗਦਾ। ਜਿੱਦਾਂ ਜੋ ਮੇਰੇ ਨਾਲ਼ ਬੀਤਿਆ ਹੋਇਆ ਹੀ ਨਹੀਂ। ਹੁਣ ਤਾਂ ਇਹ ਦੋਸ਼ੀ ਹਵੇਲੀ'ਚ ਬੈਠਾ ਹੈ, ਅਰਾਮ ਨਾਲ਼ ਅਖਬਾਰ ਪੜ੍ਹਦਾ। ਰੱਬ ਨੇ ਮੈਨੂੰ ਕੀ ਕੀਤਾ, ਤੇ ਮੇਰੇ ਜੀ ਘਾਤੀ ਦੀ ਖੈਰ ਕੀਤੀ? ਕਿਸੇ ਨੇ ਡੋਰਬੈੱਲ ਕੀਤੀ। ਮੇਰੀਆਂ ਗੈਬੀ ਅੱਖਾਂ ਨੇ ਦਵਾਰ ਗੁਜਾਰ ਕੇ ਦੇਖਿਆ, ਦੋ ਆਦਮੀ, ਅਤੇ ਉਨ੍ਹਾਂ ਦੇ ਕੱਪੜੇ ਹੇਠ ਪਿਸਤੌਲ।ਕਿਸੇ ਨੇ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਅੰਦਰ ਆਉਣ ਦਿੱਤਾ। ਪਿਸਤੌਲ ਕੱਪੜੇ'ਚ ਲੁਕੋਏ ਹੋਣ ਕਰਕੇ ਕੇਵਲ ਮੈਨੂੰ ਸਮਝ ਹੈ ਸੀ ਕਿ ਕੀ ਹੋਣ ਲੱਗਾ ਏ। ਦੇਵ ਦੇ ਅੱਗੇ ਗਏ। ਉਸਨੇ ਅਖਬਾਰ ਹੇਠਾਂ ਕੀਤਾ। ਉਸ ਦੀਆਂ ਅੱਖਾਂ ਸਮਝ ਗਈਆਂ। ਮੈਂ ਉਸਦੇ ਕੋਲ਼ ਖੜ੍ਹੀ ਹਾਂ, ਪਰ ਮੈਂ ਤਾਂ ਭੂਤ ਹਾਂ, ਕਿਸੇ ਨੂੰ ਦਿਖਾਈ ਨਹੀਂ ਦਿੰਦੀ। *ਆ ਜੋ ਬਾਹਰ ਚੱਲੀਏ। ਇੱਥੇ ਨਹੀਂ...ਪਲੀਜ਼*, ਉਹ ਉਨ੍ਹਾਂ ਨੂੰ ਗਿੜਗਿੜਾਇਆ। ਕਮਰੇ ਦੇ ਬਾਹਰੋਂ ਦੇਵ ਦੇ ਨਿਆਣਿਆਂ ਦੀਆਂ ਆਵਾਜ਼ਾਂ ਆਈਆ। ਵਿਚਾਰੇ। ਉਸਦੀ ਧੀ ਨੇ ਕਮਰੇ'ਚ ਸਿਰ ਕੀਤਾ, *ਪਾਪਾ ਕੌਣ ਐ?*। *ਮੇਰੇ ਪੁਰਾਣੇ ਮਿੱਤਰ ਨੇ। ਮੈਂ ਤੈਨੂੰ ਬਹੁਤ ਪਿਆਰ ਕਰਦਾਂ; ਇਹ ਕਦੀ ਨਾ ਭੁੱਲੀਂ*।*ਪਾਪਾ ਇਹ ਕਿਹੜੀ ਪੁੱਠੀ ਗੱਲ ਕਰਦੇ ਓ?*। ਉਸਦੀ ਧੀ ਤੇ ਇਸ ਵੇਲੇ ਦਇਆ ਆਈ...ਪਰ...ਮੈਂ ਵੀ ਕਿਸੇ ਦੀ ਧੀ ਹਾਂ...ਸੀ।...ਸੀ। ਇਨਸਾਨ ਕੀ ਚੀਜ਼ ਹੈ। ਕਦੀ ਖ਼ੁਸ਼ ਨਹੀਂ। ਆਦਮੀ ਦੀ ਇੱਕ ਸਿਫਤ ਹੈ...ਅਸ਼ਾਂਤੀ'ਚ ਹੀ ਖ਼ੁਸ਼ ਹੈ...ਅਮਨ ਦੇ ਹਾਲ'ਚ ਕਦੀ ਸ਼ਾਂਤ ਨਹੀਂ ਹੁੰਦਾ। ਇਹ ਆਦਮੀ ਦੀ ਬਦ-ਅਸੀਸ ਹੈ। ਦੇਵ ਉਨ੍ਹਾਂ ਨਾਲ਼ ਬਾਹਰ ਤੁਰ ਪਿਆ, ਮੈਂ ਉਸਦੇ ਕੋਲ਼ ਹਰ ਕਦਮ। ਦੇਵ ਨੇ ਗੱਡੀ ਦੀ ਡਰਾਈਵਰ ਸੀਟ ਲਈ। ਇੱਕ ਹਤਿਆਰਾ ਮੇਰੇ ਕਾਤਲ ਨਾਲ਼ ਬਹਿ ਗਿਆ, ਇੱਕ ਘਾਤੀ ਉਸਦੇ ਪਿੱਛੇ। ਮੈਂ ਫ਼ਾਜ਼ਲ ਸੀਟ ਤੇ ਬੈਠ ਗਈ। ਦੇਵ ਨੇ ਜਾਨ ਬਖ਼ਸ਼ੀ ਲਈ ਤਰਲੇ ਵੀ ਨਹੀਂ ਕੀਤੇ। ਮੇਰੇ ਨਾਲ਼ ਦੀ ਸਵਾਰੀ ਨੇ ਪਿਸਤੌਲ ਕੱਢ ਕੇ ਦੇਵ ਨੂੰ ਖਤਮ ਕਰ ਦਿੱਤਾ। ਉਸ ਹੀ ਪਲ ਮੈਂ ਦੇਵ ਦੀ ਅੰਤਰ ਆਤਮਾ ਦੇਖੀ, ਉਸ ਦੇ ਪਿੰਡੇ'ਚੋਂ ਉੱਪਰ ਉਡਦੀ। ਨਹੀਂ, ਮੈਂ ਉਸ ਨੂੰ ਸ਼ਾਂਤੀ ਨਹੀਂ ਲੈਣ ਦੇਵਾਂਗੀ!ਨਹੀਂ! ਜਨਮ ਮਰਨ ਦਾ ਚੱਕਰ ਉਸ ਲਈ ਨਹੀਂ ਹੈ! ਮੈਂ ਚੀਕ ਮਾਰਕੇ ਉਸਦੀ ਜਾਨ ਪਕੜ ਲਈ। ਉਸਦੇ ਭੂਤ ਨੇ ਆਵਦੇ ਮਾਰੇ ਹੋਏ

ਪਿੰਡੇ ਵੱਲ ਝਾਕਿਆ, ਫਿਰ ਮੇਰੇ ਵੱਲ। ਉਸਨੇ ਇੰਨੇ ਲੋਕ ਮਾਰੇ ਹੋਣ ਕਰਕੇ ਉਸਨੂੰ ਮੇਰੇ ਵੱਲ ਦੇਖਦੇ ਝੌਲ਼ਾ ਵੀ ਨਹੀਂ ਪਿਆ। ਪਰ ਮੈਂ ਨਹੀਂ ਫਿਕਰ ਕੀਤਾ। ਜੋਰ ਦੇਣੀ ਉਸਦੀ ਛਾਇਆ ਨੂੰ ਧਰਤੀ'ਚ ਖਿੱਚ ਗਈ। ਕੜ ਭੂਮੀ'ਚ ਲੰਘਾ ਕੇ ਕੇਂਦਰੀ ਲੈ ਗਈ, ਉਸ ਗਰਮ ਗੋਲ਼ੇ ਵੱਲ ਜਿਸ ਨੂੰ ਸੰਸਾਰ ਦਾ ਦਿਲ ਸਮਝ ਸਕਦੇ ਹਾਂ। ਜਿਸ ਨੂੰ ਪਤਾਲ਼ ਆਖ ਸਕਦੇ ਹਾਂ।ਗਗਨ ਤੋਂ ਬਹੁਤ ਦੂਰ। ਰੱਬ ਤੋਂ ਪਰ੍ਹਾਂ।ਸ਼ੈਤਾਨ ਦੇ ਜੱਫੇ ਵਿੱਚ। ਦੇਵ ਡਡਿਆਉਂਦਾ ਗਿਆ ਆਵਦੇ ਨਵੇਂ ਘਰ ਵੱਲ, ਜਿੱਥੇ ਅਬਦ ਤੱਕ ਰੁਲ਼ੇਗਾ! ਇਹ ਹੈ ਮੇਰੇ ਭੂਤ ਦੀ ਸਫ਼ਾਰਤ, ਇਹ ਹੈ ਮੇਰਾ ਵੱਡਾ ਆਈਡਿਆ! ਡਰਦਾ ਡਰਦਾ ਦੇਵ ਨਰਕ ਪਹੁੰਚ ਗਿਆ। ਇਹ ਹੈ ਇਸ ਤਰ੍ਹਾਂ ਦੇ ਆਦਮੀ ਦੀ ਅਸਲੀਅਤ, ਅੰਨ ਜਲ। ਦੇਵ ਨੇ ਕਾਫ਼ੀ ਲੋਕਾਂ ਨੂੰ ਖਰਾਬ ਕੀਤਾ। ਹੁਣ ਉਸਦੀ ਵਾਰੀ ਹੈ। ਆਖਰੀ ਤੇ ਗੰਡੇ ਨੇ ਵੀ ਮਰਨਾ ਹੈ...ਮੌਤ'ਚ ਸਭ ਬਰਾਬਰ ਨੇ। ਦੋਸ਼ੀ ਤੇ ਮਜ਼ਲੂਮ। ਮੌਤ ਤੋਂ ਕੋਈ ਨਹੀਂ ਦੌੜ ਸਕਦਾ। ਕੋਈ ਨਹੀਂ॥